ੴ

# ਰਹਰਾਸਿ ਸਾਹਿਬ

## ਅਰਥ ਅਤੇ ਸਿੱਖਿਆਵਾਂ

ਭਾਈ ਵੀਰ ਸਿੰਘ ਅਕੈਡਮੀ

# ਭਾਈ ਵੀਰ ਸਿੰਘ ਅਕੈਡਮੀ ਦੇ ਸੰਸਥਾਪਕ



## 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ ਖੰਨੇ ਵਾਲਿਆਂ ਦੇ

## ਅਨਮੋਲ ਬਚਨ

- ਅੱਜ ਸਾਰਾ ਜਗਤ ਸ਼ਬਦ ਨੂੰ ਛੱਡ ਸ਼ਰੀਰਾਂ ਨਾਲ ਜੁੜ ਰਿਹਾ ਹੈ, ਪਰ ਗੁਰ ਸ਼ਬਦ ਦੀ ਟੇਕ ਤੋਂ ਬਗੈਰ ਢੋਈ ਨਹੀਂ।
- 'ਹੁਕਮ' ਕਹਿਣਾ ਅਤੇ ਸੁਣਨਾ ਸੌਖਾ ਹੈ, ਪਰ ਮੰਨਣਾ ਅਤਿ ਮੁਸ਼ਕਿਲ ਹੈ। ਮੰਨਣ ਵਾਲੇ ਹੀ ਗੁਰੂ ਦੀ ਕ੍ਰਿਪਾ ਦੇ ਪਾਤਰ ਬਣਦੇ ਹਨ।
- ਦੁੱਖ ਅਤੇ ਸੁੱਖ ਕਰਮਾਂ ਕਰਕੇ ਮਿਲਦੇ ਹਨ ਪਰ ਗੁਰਮੁੱਖ ਦੁੱਖ ਨੂੰ ਵੀ ਰਜ਼ਾ ਦਾ ਰੂਪ ਮੰਨ ਕੇ ਸੁੱਖ ਅਨੁਭਵ ਕਰਦਾ ਹੈ।
- ਦਾਤਾਂ ਮਾਣੋ ਪਰ ਜੁੜੋ ਦਾਤਾਰ ਨਾਲ।
- ਚਿੰਤਾ ਨਾ ਕਰ, ਚੇਤੇ ਕਰ ਸਾਂਈ ਨੂੰ, ਚਿੰਤਾ ਮਿਟ ਜਾਵੇਗੀ।
- ਗੁਰੂ ਕਰੇ ਤੁਹਾਡੀ ਗੁਰੂ ਨਾਲ ਬਣ ਆਵੇ।
- ਹਉਮੈ ਦਾ ਮਿਟਣਾ ਹੀ ਰੱਬ ਦਾ ਮਿਲਾਪ ਹੈ।
- ਜੋ ਮਨ ਤੋਂ ਨਾ ਹਾਰੇ ਉਹ ਕਿਸੇ ਤੋਂ ਨਹੀਂ ਹਾਰਦਾ।
- ਰੱਬਾ! ਤੇਰੇ ਪਿਆਰ ਦੀ ਕਸਮ, ਮੈਂ ਜੀਉਂਦਾ ਹੀ ਤੇਰੇ ਪਿਆਰ ਲਈ ਹਾਂ।
- ਸਦੀਵੀਂ ਮੌਜ ਕੇਵਲ ਗੁਰੂ ਦੀ ਚਰਨ ਸ਼ਰਨ ਵਿਚ ਹੀ ਹੈ।
- ਜੋ ਸਿੱਖ ਗੁਰੂ ਦੀ ਸਿੱਖਿਆ ਦੇ ਸ਼ੀਸ਼ੇ ਵਿਚੋਂ ਆਪਣਾ ਸਰੂਪ ਤੱਕੇ, ਉਹ ਨਿਰਮਲ ਆਤਮਾ ਹੈ।
- ਹੇ ਰੱਬਾ! ਭੁਲਿਆ ਸਦਾ ਮੈਂ ਹੀ ਹਾਂ, ਤੂੰ ਕਦੇ ਨਹੀਂ ਭੁਲਿਆ।
- ਤੈਥੋਂ ਰੱਬ ਦੂਰ ਨਹੀਂ, ਜ਼ਰਾ ਗੁਰੂ ਦੀਆਂ ਅੱਖਾਂ ਨਾਲ ਵੇਖ।
- ਗੁਰ ਪ੍ਰਸਾਦਿ ਵਰਤਦਿਆਂ ਹੀ ਤੇਰੇ ਤੇ ਪਰਮੇਸ਼ਰ 'ਚ ਵਿੱਥ ਖ਼ਤਮ ਹੋ ਜਾਏਗੀ।
- ਆਪਣੇ ਕੀਤੇ ਹੋਏ ਗੁਨਾਹਾਂ ਨੂੰ ਪਸ਼ਚਾਤਾਪ ਦੇ ਹੰਝੂਆਂ ਨਾਲ ਧੋ ਲਵੋ।
- ਬੰਦੇ, ਜੇ ਤੂੰ ਆਪਣੇ ਪ੍ਰਾਣ ਬਚਾਉਣੇ ਚਾਹੁੰਦਾ ਹੈ ਤਾਂ ਗੁਰਬਾਣੀ ਨੂੰ ਕਦੇ ਨਾ ਭੁਲੀਂ।
- ਮੈਂ ਸਮਝ ਗਿਆ, ਤੇਰੀ ਯਾਦ ਹੀ ਤੇਰਾ ਆਸਣ ਹੈ।
- ਵਾਹਿਗੁਰੂ, ਤੇਰਾ ਹਰ ਬੋਲ ਮੁਰਦਿਆਂ ਵਿਚ ਜਾਨ ਪਾ ਦੇਣ ਵਾਲਾ ਹੈ।
- ਸੱਚ ਸੁਣਨ ਸਮੇਂ ਕੇਵਲ ਸੱਚ ਹੀ ਸੁਣਨਾ।
- ਦਾਤਾਂ ਪਰਮੇਸ਼ਰ ਦੀਆਂ ਨਿਸ਼ਾਨੀਆਂ ਹਨ। ਨਿਸ਼ਾਨੀਆਂ ਨੂੰ ਦੇਖ ਕੇ ਪਰਮੇਸ਼ਰ ਨਾਲ ਜੁੜਨਾ ਕਰੀਏ।
- ਜੋ ਰਾਮ ਨੂੰ ਰਮਿਆ ਹੋਇਆ ਜਾਣ ਕਰ ਉਸ ਨੂੰ ਯਾਦ ਕਰਦਾ ਹੈ, ਉਹ ਉਸ ਵਿਚ ਹੀ ਰਮ ਜਾਂਦਾ ਹੈ (ਸਮਾਂ ਜਾਂਦਾ ਹੈ)।
- ਉੱਚੇ ਤੇ ਸੁੱਚੇ ਈਮਾਨ ਵਾਲਾ ਮਨੁੱਖ ਜੇ ਆਪਣੇ ਆਕੀਦੇ ਤੇ ਕਾਇਮ ਰਹੇ ਤਾਂ ਉਹ ਪੂਰਾ ਮਨੁੱਖ ਹੈ।
- ਇਕ ਵਾਰ ਰੱਬ ਮਿਲ ਪਵੇ, ਫਿਰ ਕਦੇ ਵਿਛੋੜਾ ਨਹੀਂ ਹੁੰਦਾ।
- ਗੁਰਬਾਣੀ ਹੀ ਗੁਰੂ ਹੈ, ਗੁਰੂ ਹੀ ਪਰਮਾਤਮਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਹੋਰ ਰੱਬ ਲੱਭਣ ਨਾ ਤੁਰ ਪੈਣਾ।

ੴ ਸਤਿਗੁਰ ਪ੍ਰਸਾਦਿ॥

# ਰਹਰਾਸਿ ਸਾਹਿਬ

## ਅਰਥ ਅਤੇ ਸਿੱਖਿਆਵਾਂ

ਲੇਖਕ : ਜੋਗਿੰਦਰ ਪਾਲ ਸਿੰਘ

ਗਿਆਨ ਅੰਜਨੁ ਅਗਿਆਨ ਬਿਨਾਸੁ॥

ੴ

ਭਾਈ ਵੀਰ ਸਿੰਘ ਅਕੈਡਮੀ

ਭਾਈ ਵੀਰ ਸਿੰਘ ਅਕੈਡਮੀ
ਜਲੰਧਰ

# 'ਰਹਰਾਸਿ ਸਾਹਿਬ - ਅਰਥ ਅਤੇ ਸਿੱਖਿਆਵਾਂ'

© ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।



ਪਹਿਲਾ ਸੰਸਕਰਣ : ਅਗਸਤ ੨੦੧੯

ਭੇਟਾ : ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

ਪ੍ਰਕਾਸ਼ਕ : ਭਾਈ ਵੀਰ ਸਿੰਘ ਅਕੈਡਮੀ
9-ਏ, ਲਿੰਕ ਰੋਡ, ਜਲੰਧਰ।
93572-04756, 98721-23452,
98889-27279

ਛਾਪਕ : ਕੈਰਿਯਰ ਕੰਪਿਊਟਰ ਸਿਸਟਮਸ, ਜਲੰਧਰ।
98157-17330

Website : www.bhaiveersinghacademy.org
**E-mail : bvsajal@yahoo.com**

ੴ ਸਤਿਗੁਰ ਪ੍ਰਸਾਦਿ

ਪੂਜਾ ਅਕਾਲ ਕੀ | ਪਰਚਾ ਸ਼ਬਦ ਕਾ | ਦੀਦਾਰ ਖਾਲਸਾ ਕਾ

# ਅਕਾਲ ਆਸ਼ਰਮ

ਗੁਰਦੁਆਰਾ ਗੁਰ ਸ਼ਬਦ ਪ੍ਰਕਾਸ਼ ਸੁਹਾਣਾ (ਮੁਹਾਲੀ)

੦੬/੦੮/੨੦੧੯

## ਦੋ ਸ਼ਬਦ



ਪਿਆਰੇ ਵੀਰ ਸ: ਜੋਗਿੰਦਰ ਪਾਲ ਸਿੰਘ ਜੀ, ਜਿੰਨ੍ਹਾਂ ਨੇ ਪਹਿਲਾਂ ਵੀ ਸਤਿਗੁਰ ਜੀ ਦੀ ਮਿਹਰ ਸਦਕਾ ਇਕ ਸੁੰਦਰ ਪੁਸਤਕ 'ਜਪੁ ਜੀ ਸਾਹਿਬ – ਅਰਥ ਅਤੇ ਸਿੱਖਿਆਵਾਂ' ਸਿੱਖ ਸੰਗਤਾਂ ਦੀ ਭੇਟ ਕੀਤੀ ਹੈ ਜੋ ਕਿ ਭਾਈ ਵੀਰ ਸਿੰਘ ਅਕੈਡਮੀ ਦੇ ਸਿਲੇਬਸ ਵਿੱਚ ਬੱਚਿਆਂ ਨੂੰ ਪੜ੍ਹਾਈ ਜਾ ਰਹੀ ਹੈ । ਇਹ ਦੂਜੀ ਪੁਸਤਕ 'ਰਹਰਾਸਿ ਸਾਹਿਬ – ਅਰਥ ਅਤੇ ਸਿੱਖਿਆਵਾਂ' ਦਾਸ ਨੇ ਪੜ੍ਹੀ, ਸ਼ਲਾਘਾਯੋਗ ਹੈ । ਕੁਦਰਤ ਦੇ ਬਗੀਚੇ ਵਿੱਚ ਜਿਵੇਂ ਵਨੰਗੀ ਵਨੰਗੀ ਦੇ ਫੁੱਲ ਹਨ, ਤਿਵੇਂ ਪਰੀਪੂਰਨ ਪ੍ਰਮਾਤਮਾ ਦੇ ਵੱਖ ਵੱਖ ਗੁਣਾਂ ਨੂੰ ਆਪਣੀ ਲੇਖਣੀ ਰਾਹੀਂ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਾਠਕ ਜਨ ਜਰੂਰ ਗਿਆਨ ਲਾਭ ਪ੍ਰਾਪਤ ਕਰ ਸਕਣਗੇ।

ਮੇਰੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਵੀਰ ਜੀ ਨੂੰ ਹੋਰ ਉਤਸ਼ਾਹ, ਬੱਲ, ਸਮਰੱਥਾ ਬਖਸ਼ਨ, ਆਪਣੀ ਸੇਵਾ ਆਪ ਤਰੁੱਠ ਕੇ ਲੈਂਦੇ ਰਹਿਣ ਜੀ।

ਗੁਰੂ ਘਰ ਦਾ ਸੇਵਾਦਾਰ,

(ਦਵਿੰਦਰ ਸਿੰਘ ਖਾਲਸਾ)

## ੴ ਸਤਿਗੁਰ ਪ੍ਰਸਾਦਿ



ਦਾਸ ਕੋਲ ਕੋਈ ਯੋਗ ਸ਼ਬਦ ਨਹੀਂ ਜਿਨ੍ਹਾਂ ਦੁਆਰਾ ਦਾਸ ਆਪਣੇ ਗੁਰਦੇਵ ਸਤਿਗੁਰੂ ਜੀ ਦੀ ਰਹਿਮਤ, ਕਿਰਪਾ ਤੇ ਕੀਤੇ ਤਰਸ ਦਾ ਧੰਨਵਾਦ ਕਰ ਸਕੇ ਜਿਸ ਸਦਕਾ ਇਸ ਕਿਤਾਬ ਦੀ ਸੇਵਾ ਸੰਪੂਰਨ ਹੋਈ। ਦਾਸ ਤਾਂ ਇਸ ਯੋਗ ਨਹੀਂ ਸੀ ਪਰ ਇਹ ਸਾਰੀ ਬਖਸ਼ਿਸ਼ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ, ਖੰਨੇ ਵਾਲਿਆਂ ਅਤੇ ਭਾਈ ਸਾਹਿਬ ਭਾਈ ਦਵਿੰਦਰ ਸਿੰਘ ਜੀ ਖਾਲਸਾ, ਖੰਨੇ ਵਾਲਿਆਂ ਦੀ ਅਗਵਾਈ ਵਿੱਚ ਸਾਧਸੰਗਤ ਰਾਹੀਂ ਪ੍ਰਾਪਤ ਅਮੁੱਲੀਆਂ ਸੇਧਾਂ ਦੀ ਹੀ ਹੈ ਅਤੇ ਇਹ ਹੀ ਮੂੰਹੋਂ ਨਿਕਲਦਾ ਹੈ **"ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ"**।

ਭਾਈ ਵੀਰ ਸਿੰਘ ਅਕੈਡਮੀ ਵਿੱਚ ਬਤੌਰ ਅਧਿਆਪਕ ਸੇਵਾ ਕਰਦਿਆਂ ਦਾਸ ਨੇ ਇੰਜ ਮਹਿਸੂਸ ਕੀਤਾ ਕਿ ਬੱਚਿਆਂ ਨੂੰ ਗੁਰਬਾਣੀ ਦੇ ਅਰਥ ਸਮਝਾਉਣ ਲਗਿਆਂ ਜੇ ਇਹ ਦਸਿਆ ਜਾਵੇ ਕਿ ਗੁਰਬਾਣੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ਅਤੇ ਜੇ ਅਰਥਾਂ ਨਾਲ ਮੇਲ ਖਾਂਦੀ ਕੋਈ ਸਾਖੀ ਜਾਂ ਵਾਰਤਾ ਸੁਣਾ ਦਿੱਤੀ ਜਾਵੇ ਤਾਂ ਬੱਚਿਆਂ ਤੇ ਵਧੇਰਾ ਅਸਰ ਹੁੰਦਾ ਹੈ। ਇਸੇ ਵਿਚਾਰ ਨੂੰ ਲੈ ਕੇ ਦਾਸ ਦੀ ਪਹਿਲੀ ਪੁਸਤਕ 'ਜਪੁ ਜੀ ਸਾਹਿਬ-ਅਰਥ ਅਤੇ ਸਿੱਖਿਆਵਾਂ' ਲਿਖੀ ਗਈ ਸੀ ਅਤੇ ਹੁਣ ਇਹ ਦੂਜੀ ਪੁਸਤਕ 'ਰਹਰਾਸਿ ਸਾਹਿਬ-ਅਰਥ ਅਤੇ ਸਿੱਖਿਆਵਾਂ' ਸੰਗਤਾਂ ਨੂੰ ਭੇਂਟ ਕੀਤੀ ਜਾ ਰਹੀ ਹੈ।

ਦਾਸ ਕੋਲ ਢੁੱਕਵੇਂ ਸ਼ਬਦ ਨਹੀਂ ਹਨ ਸ੍ਰ. ਹਰਬੰਸ ਸਿੰਘ ਜੀ ਐਡਵੋਕੇਟ ਲਈ ਜਿਨ੍ਹਾਂ ਦੀ ਸਿਹਤ ਨਾ ਠੀਕ ਹੁੰਦਿਆਂ ਵੀ, ਉਨ੍ਹਾਂ ਨੇ ਇਸ ਕਿਤਾਬ ਦੀ ਸੰਪੂਰਨਤਾ ਸੰਬੰਧੀ ਅਮੁੱਲ ਸੇਧਾਂ ਦਿਤੀਆਂ। ਪਰਮਾਤਮਾ ਅੱਗੇ ਅਰਦਾਸ ਹੈ ਕਿ ਉਨ੍ਹਾਂ ਨੂੰ ਦੇਹ ਅਰੋਗਤਾ, ਲੰਬੀ ਉਮਰ ਦੀ ਦਾਤ ਬਖਸ਼ਣ ਤਾਂ ਜੋ ਉਹ ਪੰਥ ਦੀ ਸੇਵਾ ਚੜ੍ਹਦੀ ਕਲਾ ਵਿਚ ਲੰਬੇ ਸਮੇਂ ਲਈ ਕਰਦੇ ਰਹਿਣ। ਦਾਸ ਸ੍ਰ. ਹਰਜੀਤ ਸਿੰਘ ਜੀ, ਸੰਪਾਦਕ ਸਿੱਖ ਫੁਲਵਾੜੀ ਅਤੇ ਬਾਕੀ ਸਾਰੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦੀ ਹੈ। ਸਤਿਗੁਰੂ ਜੀ ਦੇ ਅੱਗੇ ਸਭ ਦੀ ਚੜ੍ਹਦੀ ਕਲਾ ਲਈ ਅਤੇ ਸਫਲ ਜੀਵਨ ਲਈ ਅਰਦਾਸ ਹੈ।

ਰਹਰਾਸਿ ਸਾਹਿਬ ਵਿਚਲੀ ਬਾਣੀ ਦੀਆਂ ਸਿੱਖਿਆਵਾਂ ਤਾਂ ਬੇਅੰਤ ਹਨ ਜਿਨ੍ਹਾਂ ਦਾ ਸੰਪੂਰਨ ਵਰਣਨ ਕਿਸੇ ਵੀ ਦੁਨਿਆਵੀ ਜੀਵ ਲਈ ਸੰਭਵ ਨਹੀਂ ਹੈ। ਜਿੰਨੀ ਸਤਿਗੁਰੂ ਜੀ ਨੇ ਸੋਝੀ ਬਖਸ਼ਿਸ਼ ਕੀਤੀ ਉਨ੍ਹਾਂ ਹੀ ਲਿਖਿਆ ਗਿਆ ਹੈ। ਸੇਵਾ ਪ੍ਰਵਾਨ ਕਰਨੀ ਜੀ। ਪੁਸਤਕ ਲਿਖਦਿਆਂ ਬੇਅੰਤ ਗਲਤੀਆਂ, ਭੁੱਲਾਂ ਹੋ ਗਈਆਂ ਹੋਣਗੀਆਂ ਜਿਨ੍ਹਾਂ ਲਈ ਦਾਸ ਖਿਮਾ ਦਾ ਜਾਚਕ ਹੈ, ਬਖ਼ਸ਼ ਲੈਣਾ ਜੀ। ਬਖ਼ਸ ਕੇ ਯੋਗ ਅਗਵਾਈ ਦੇਣ ਦੀ ਕਿਰਪਾ ਕਰਨੀ ਜੀ।

੨੬/੦੭/੨੦੧੯

(ਜੋਗਿੰਦਰ ਪਾਲ ਸਿੰਘ)
ਜਲੰਧਰ
98889-27279

# ਰਹਰਾਸਿ ਸਾਹਿਬ

'ਰਹਰਾਸਿ' ਦੀ ਬਾਣੀ ਗੁਰਮਤਿ ਅਨੁਸਾਰ ਨਿਤਨੇਮ ਦੀਆਂ ਬਾਣੀਆਂ ਵਿਚੋਂ ਇਕ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ, ਇਸ ਬਾਣੀ ਦੇ ਪਾਠ ਕਰਨ ਦਾ ਸਮਾਂ, ਸ਼ਾਮ ਸੂਰਜ ਡੁਬੇ ਨਿਯਤ ਕੀਤਾ ਗਿਆ ਹੈ।

## ਰਹਰਾਸਿ ਦਾ ਸਮਾਂ ਸ਼ਾਮ ਨੂੰ ਕਿਉਂ?

ਰਹਰਾਸਿ ਸਾਹਿਬ ਦੀ ਬੋਲੀ ਤੇ ਭਾਵ ਇਤਨੇ ਸਪੱਸ਼ਟ, ਸੌਖੇ ਤੇ ਰਸ ਭਰਪੂਰ ਹਨ ਕਿ ਦਿਨ ਭਰ ਦੇ ਕੰਮਾਂ ਕਾਰਾਂ ਤੋਂ ਥੱਕੇ ਟੁੱਟੇ ਮਨ ਲਈ ਇਸ ਬਾਣੀ ਦੁਆਰਾ ਇਕਾਗਰ ਚਿਤ ਹੋ ਕੇ ਸਹਿਜੇ ਹੀ ਆਤਮਕ ਅਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ।

## ਇਸ ਬਾਣੀ ਦਾ ਨਾਮ 'ਰਹਰਾਸਿ' ਕਿਵੇਂ ਪ੍ਰਚਲਿਤ ਹੋਇਆ?

ਰਹਰਾਸਿ ਪਦ ਦੇ ਕਈ ਅਰਥ ਹਨ - ਨਮਸਕਾਰ, ਬੇਨਤੀ, ਮਰਯਾਦਾ, ਰਹੁ-ਰੀਤੀ, ਰਾਹ ਦੀ ਪੂੰਜੀ ਆਦਿ। 'ਸੋ ਦਰੁ' ਵਾਲੀ ਬਾਣੀ ਦੇ ਸੰਗ੍ਰਹਿ ਦਾ ਨਾਮ 'ਰਹਰਾਸਿ' ਪੰਚਮ ਗੁਰਦੇਵ ਜੀ ਦੇ ਸਮੇਂ ਪ੍ਰਸਿੱਧ ਨਹੀਂ ਸੀ। ਜੇ ਇਸ ਤਰ੍ਹਾਂ ਹੁੰਦਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ ਵਿਚ ਜਾਂ ਇਸ ਬਾਣੀ ਦੇ ਆਰੰਭ ਵਿਚ 'ਸੋ-ਦਰੁ' ਦੀ ਥਾਂ ਤੇ 'ਰਹਰਾਸਿ' ਪਦ ਜ਼ਰੂਰ ਅੰਕਿਤ ਕੀਤਾ ਹੋਇਆ ਹੁੰਦਾ। ਜੇ ਬੀੜ ਦੀ ਸੰਪਾਦਨਾ ਪਿਛੋਂ ਛੇਤੀ ਹੀ ਇਹ ਨਾਉਂ ਰੱਖਿਆ ਜਾਂਦਾ ਤਾਂ ਭਾਈ ਗੁਰਦਾਸ ਜੀ ਇਸ ਗੱਲ ਦੀ ਪੁਸ਼ਟੀ ਕਰ ਜਾਂਦੇ। ਪਰ ਭਾਈ ਸਾਹਿਬ ਦੀਆਂ ਵਾਰਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਸ ਵੇਲੇ ਇਸ ਬਾਣੀ ਦਾ ਨਾਮ ਕੇਵਲ 'ਸੋ ਦਰੁ' ਸੀ ਜਿਵੇਂ:

**ਸੰਝੈ 'ਸੋ ਦਰੁ' ਗਾਵਣਾ, ਮਨ ਮੇਲੀ ਕਰਿ ਮੇਲਿ ਮਿਲੰਦੇ॥**

ਖੋਜ ਭਰਪੂਰ ਵਿਚਾਰ ਤੋਂ ਪਤਾ ਲਗਦਾ ਹੈ ਕਿ ਇਸ ਬਾਣੀ ਦਾ ਨਾਮ 'ਰਹਰਾਸਿ' ਦਸਮ ਪਾਤਸ਼ਾਹ ਵੇਲੇ ਪ੍ਰਚਲਿਤ ਸੀ ਕਿਉਂਕਿ ਦਸ਼ਮੇਸ਼ ਜੀ ਦੇ ਅਨਿਨ ਸਿੱਖ ਭਾਈ ਨੰਦ ਲਾਲ ਸਿੰਘ ਜੀ ਨੇ ਰਹਰਾਸਿ ਪਦ ਦੀ ਵਰਤੋਂ ਕੀਤੀ ਹੈ। 'ਬਿਨ ਰਹਰਾਸਿ ਸਮਾਂ ਜੋ ਖੋਵੈ'। ਇਸ ਬਾਣੀ ਦੇ ਸਿਰਲੇਖ ਦੀ ਵਰਤੋਂ ਵਿਚ ਤਬਦੀਲੀ ਆਉਣ ਨਾਲ ਇਸ ਵੇਲੇ ਇਸ ਬਾਣੀ ਦਾ ਨਾਉਂ 'ਸੋ ਦਰੁ ਰਹਰਾਸਿ' ਜਾਣਿਆ ਜਾਂਦਾ ਹੈ।

# ਰਹਰਾਸਿ ਦੀ ਬਣਤਰ

ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਵਿਚ ਰਹਰਾਸਿ ਦਾ ਸਰੂਪ ਹੇਠ ਲਿਖਿਆ ਦਰਜ ਹੈ:

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਹੋਏ ਨੌਂ ਸ਼ਬਦ ('ਸੋ ਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤੱਕ), ਬੇਨਤੀ ਚੌਪਈ ਪਾਤਸ਼ਾਹੀ ੧੦ ('ਹਮਰੀ ਕਰੋ ਹਾਥ ਦੇ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤੱਕ, ਸਵੈਯਾ 'ਪਾਂਇ ਗਹੇ ਜਬ ਤੇ ਤੁਮਰੇ' ਅਤੇ ਦੋਹਰਾ 'ਸਗਲ ਦੁਆਰਿ ਕਉ ਛਾਡਿ ਕੈ'), ਅਨੰਦੁ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ' ਵਾਲੇ ਸ਼ਬਦ ਤੱਕ।

**ਨੋਟ:** ਇਸ ਪੁਸਤਕ ਵਿਚ ਵੀ 'ਰਹਰਾਸਿ' ਦਾ ਸਰੂਪ ਪੰਥਕ ਰਹਿਤ ਮਰਯਾਦਾ ਵਾਲਾ ਅੰਕਿਤ ਕੀਤਾ ਗਿਆ ਹੈ। ਇਸ ਪੁਸਤਕ ਵਿਚ ਯੋਗ ਥਾਵਾਂ ਤੇ ਅਰਧ-ਬਿਸਰਾਮ (,) ਦੇਣ ਲਈ ਸ਼ਬਦਾਂ ਵਿਚਕਾਰ ਜ਼ਿਆਦਾ ਥਾਂ (space) ਦੇ ਕੇ ਸ਼ਬਦਾਂ ਨੂੰ ਨਖੇੜਿਆ ਗਿਆ ਹੈ। ਜ਼ਿਆਦਾ ਥਾਂ (space) ਵਾਲੀ ਜਗ੍ਹਾ ਤੇ ਬਿਸਰਾਮ ਦੇ ਕੇ ਭਾਵ (ਥੋੜ੍ਹਾ ਰੁਕ ਕੇ) ਪਾਠ ਕਰਨਾ ਹੈ ਜਿਵੇਂ ਕਿ
"**ਸੋ ਦਰੁ ਤੇਰਾ ਕੇਹਾ    ਸੋ ਘਰੁ ਕੇਹਾ    ਜਿਤੁ ਬਹਿ    ਸਰਬ ਸਮਾਲੇ ॥**"

# ਰਹਰਾਸਿ

## ਸੋ ਦਰੁ ਰਾਗੁ ਆਸਾ ਮਹਲਾ ੧

## ੴ ਸਤਿਗੁਰ ਪ੍ਰਸਾਦਿ ॥

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥
ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥
ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥
ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥
ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥
ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥
ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥
ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥

**ਪਦ ਅਰਥ: ਕੇਹਾ**–ਕਿਹੋ ਜਿਹਾ? ਬੜਾ ਅਸਚਰਜ। **ਦਰੁ**–ਦਰਵਾਜ਼ਾ। **ਜਿਤੁ**–ਜਿੱਥੇ **ਬਹਿ**–ਬੈਠ ਕੇ। **ਸਰਬ**–ਸਾਰੇ ਜੀਵਾਂ ਨੂੰ। **ਸਮਾਲੇ**–ਤੂੰ ਸੰਭਾਲ ਕਰ ਰਿਹਾ ਹੈਂ। **ਨਾਦ**–ਸਬਦ, ਰਾਗ **ਵਾਵਣਹਾਰੇ**–ਵਜਾਉਣ ਵਾਲੇ। **ਪਰੀ**–ਰਾਗਪਰੀ, ਰਾਗਣੀਆਂ। **ਪਰੀ ਸਿਉ**–ਰਾਗਣੀਆਂ ਸਮੇਤ। **ਕਹੀਅਹਿ**–ਕਹੇ ਜਾਂਦੇ ਹਨ।

**ਗਾਵਨਿ**–ਗਾਂਦੇ ਹਨ। **ਤੁਧ ਨੋ**–ਤੈਨੂੰ। **ਬੈਸੰਤਰੁ**–ਅੱਗ। **ਗਾਵੈ**–ਗਾਂਦਾ ਹੈ। **ਰਾਜਾ ਧਰਮੁ**–ਧਰਮ ਰਾਜ। **ਦੁਆਰੇ**–ਹੇ ਪ੍ਰਭੂ! ਤੇਰੇ ਦਰ ਤੇ। **ਚਿਤੁ ਗੁਪਤੁ**–ਪੁਰਾਤਨ ਹਿੰਦੂ ਖ਼ਿਆਲ

ਤੁਰਿਆ ਆ ਰਿਹਾ ਹੈ ਕਿ ਇਹ ਦੋਵੇਂ ਵਿਅਕਤੀ ਚਿੱਤਰ ਅਤੇ ਗੁਪਤ ਸਾਰੇ ਜੀਵਾਂ ਦੇ ਕੀਤੇ ਚੰਗੇ ਮੰਦੇ ਕਰਮਾਂ ਦੇ ਲੇਖੇ ਲਿਖਦੇ ਰਹਿੰਦੇ ਹਨ। **ਲਿਖਿ ਜਾਣਹਿ** – (Know to write) ਲਿਖਣਾ ਜਾਣਦੇ ਹਨ। **ਲਿਖਿ ਲਿਖਿ**–ਹਰ ਵੇਲੇ ਲਿਖ ਲਿਖ ਕੇ, ਜੋ ਕੁਝ ਉਹ ਚਿੱਤਰ ਗੁਪਤ ਹਰ ਵੇਲੇ ਲਿਖਦੇ ਰਹਿੰਦੇ ਹਨ।

**ਈਸਰੁ**–ਸ਼ਿਵ। **ਦੇਵੀ**–ਦੇਵੀਆਂ। **ਸੋਹਨਿ**–ਸੋਹਣੇ ਲੱਗਦੇ ਹਨ। **ਸਵਾਰੇ**–ਸੋਹਣੇ ਬਣਾਏ ਹੋਏ। **ਇੰਦ੍ਰਾਸਣਿ**– ਇੰਦਰ ਦੇ ਆਸਣ ਉੱਤੇ ਬੈਠੇ ਹੋਏ। **ਦਰਿ**–ਤੇਰੇ ਦਰਵਾਜ਼ੇ ਉੱਤੇ। **ਦੇਵਤਿਆ ਨਾਲੇ**–ਦੇਵਤਿਆਂ ਸਮੇਤ। **ਸਮਾਧੀ ਅੰਦਰਿ**–ਸਮਾਧੀ ਵਿਚ ਜੁੜ ਕੇ। **ਸਿਧ**–ਜੋਗ ਸਾਧਨਾਂ ਵਿਚ ਪੁੱਗੇ ਹੋਏ ਜੋਗੀ। **ਬੀਚਾਰੇ**–ਵਿਚਾਰ ਕੇ। **ਜਤੀ**–ਕਾਮ ਵਾਸ਼ਨਾ ਨੂੰ ਰੋਕ ਕੇ ਰੱਖਣ ਵਾਲੇ। **ਸਤੀ**–ਦਾਨੀ। **ਵੀਰ**–ਸੂਰਮੇ। **ਕਰਾਰੇ**–ਤਕੜੇ।

**ਪੜਨਿ**–ਪੜ੍ਹਦੇ ਹਨ। **ਰਖੀਸੁਰ**–ਰਿਖੀ–ਈਸਰੁ, ਵੱਡੇ ਵੱਡੇ ਰਿਖੀ, ਮਹਾਂ ਰਿਖੀ। **ਜੁਗੁ ਜੁਗੁ**–ਹਰੇਕ ਜੁਗ ਵਿਚ। **ਵੇਦਾ ਨਾਲੇ**–ਵੇਦਾਂ ਸਮੇਤ। **ਮੋਹਣੀਆ**–ਸੁੰਦਰ ਇਸਤ੍ਰੀਆਂ। **ਮਨੁ ਮੋਹਨਿ**–ਜੋ ਮਨ ਨੂੰ ਮੋਹ ਲੈਂਦੀਆਂ ਹਨ। **ਮਛੁ**–ਮਾਤ ਲੋਕ। **ਪਇਆਲੇ**–ਪਾਤਾਲ ਲੋਕ। **ਉਪਾਏ ਤੇਰੇ**–ਤੇਰੇ ਕੀਤੇ ਹੋਏ। **ਅਠਸਠਿ**–ਅਠਾਹਠ। **ਤੀਰਥ ਨਾਲੇ**–ਤੀਰਥਾਂ ਸਮੇਤ। **ਜੋਧ**–ਜੋਧੇ। **ਮਹਾਬਲ**–ਵੱਡੇ ਬਲ ਵਾਲੇ। **ਸੂਰਾ**–ਸੂਰਮੇ। **ਖਾਣੀ ਚਾਰੇ**–ਚਾਰੇ ਖਾਣੀਆਂ–ਅੰਡਜ, ਜੇਰਜ, ਸੇਤਜ, ਉਤਭੁਜ, ਚੌਹਾਂ ਹੀ ਖਾਣੀਆਂ ਦੇ ਜੀਵ ਭਾਵ ਕਿ ਸਾਰੀ ਰਚਨਾ। **ਖੰਡ**–ਟੋਟਾ, ਬ੍ਰਹਮੰਡ ਦਾ ਟੋਟਾ। **ਮੰਡਲ**–ਚੱਕ੍ਰ, ਬ੍ਰਹਮੰਡ ਦਾ ਇਕ ਚੱਕ੍ਰ ਜਿਸ ਵਿਚ ਇੱਕ ਸੂਰਜ, ਇੱਕ ਚੰਦ੍ਰਮਾ ਅਤੇ ਧਰਤੀ ਆਦਿਕ ਗਿਣੇ ਜਾਂਦੇ ਹਨ। **ਬ੍ਰਹਮੰਡ**–ਸਾਰੀ ਸ੍ਰਿਸ਼ਟੀ। **ਕਰਿ ਕਰਿ**–ਬਣਾ ਕੇ। **ਧਾਰੇ**–ਟਿਕਾਏ ਹੋਏ।

**ਸੇਈ**–ਉਹੀ ਬੰਦੇ। **ਤੁਧੁ ਭਾਵਨਿ**–ਤੈਨੂੰ ਚੰਗੇ ਲੱਗਦੇ ਹਨ। **ਰਤੇ**–ਰੰਗੇ ਹੋਏ, ਪ੍ਰੇਮ ਵਿਚ ਮਸਤ। **ਰਸਾਲੇ**–ਰਸ ਦੇ ਘਰ, ਰਸੀਏ। **ਹੋਰਿ ਕੇਤੇ**–ਅਨੇਕ ਹੋਰ। **ਮੈ ਚਿਤਿ ਨ ਆਵਨਿ**–ਮੇਰੇ ਚਿੱਤ ਵਿਚ ਨਹੀਂ ਆਉਂਦੇ, ਮੈਥੋਂ ਗਿਣੇ ਨਹੀਂ ਜਾ ਸਕਦੇ। **ਕਿਆ ਬੀਚਾਰੇ**–ਕੀਹ ਵਿਚਾਰ ਕਰ ਸਕਦਾ ਹੈ? **ਸਚੁ**–ਥਿਰ ਰਹਿਣ ਵਾਲਾ। **ਨਾਈ**–ਵਡਿਆਈ। **ਹੋਸੀ**–ਹੋਵੇਗਾ, ਥਿਰ ਰਹੇਗਾ। **ਜਾਇ ਨ**–ਜੰਮਦਾ ਨਹੀਂ। **ਨ ਜਾਸੀ**– ਨਾ ਹੀ ਮਰੇਗਾ। **ਜਿਨਿ**–ਜਿਸ ਪ੍ਰਭੂ ਨੇ। **ਰਚਾਈ**–ਪੈਦਾ ਕੀਤੀ ਹੈ।

**ਰੰਗੀ ਰੰਗੀ**–ਰੰਗਾਂ ਰੰਗਾਂ ਦੀ, ਕਈ ਰੰਗਾਂ ਦੀ। **ਭਾਤੀ**–ਕਈ ਕਿਸਮਾਂ ਦੀ। **ਜਿਨਸੀ**–ਕਈ ਜਿਨਸਾਂ ਦੀ। **ਜਿਨਿ**–ਜਿਸ ਪ੍ਰਭੂ ਨੇ। **ਉਪਾਈ**–ਪੈਦਾ ਕੀਤੀ ਹੈ। **ਕਰਿ ਕਰਿ**–ਪੈਦਾ ਕਰ ਕੇ। **ਦੇਖੈ**–ਸੰਭਾਲ ਕਰਦਾ ਹੈ। **ਕੀਤਾ ਆਪਣਾ**–ਆਪਣਾ ਰਚਿਆ ਜਗਤ। **ਜਿਉ**–ਜਿਵੇਂ। **ਵਡਿਆਈ**–ਰਜ਼ਾ। **ਤਿਸੁ ਭਾਵੈ**–ਉਸ ਨੂੰ ਚੰਗਾ ਲੱਗਦਾ ਹੈ। **ਕਰਸੀ**–ਕਰੇਗਾ। **ਨ ਕਰਣਾ ਜਾਈ**–ਨਹੀਂ ਕੀਤਾ ਜਾ ਸਕਦਾ। **ਸਾਹਾ ਪਤਿ ਸਾਹਿਬੁ**–ਸ਼ਾਹਾਂ ਦਾ ਪਾਤਿਸ਼ਾਹ, ਮਾਲਕ। **ਰਹਣੁ**–ਰਹਿਣਾ (ਫਬਦਾ ਹੈ) । **ਰਜਾਈ**–ਰਜ਼ਾ ਵਿਚ।

**ਸ਼ਬਦ-ਉਚਾਰਨ:-**

੧. 'ਸੋ ਦਰੁ' ਦੋ ਸ਼ਬਦ ਹਨ। ਇਨ੍ਹਾਂ ਦਾ ਉਚਾਰਨ 'ਸੋਦਰੁ' ਇਕੱਠਾ ਕਰਨਾ ਠੀਕ ਨਹੀਂ।

੨. ਬਿੰਦੀ ਸਹਿਤ ਪੜ੍ਹਨ ਵਾਲੇ ਸ਼ਬਦ: ਸਮਾਲੇਂ, ਅਸੰਖਾਂ, ਸਿਉਂ, ਵੇਦਾਂ, ਮਹਾਂਬਲ, ਬ੍ਰਹਮੰਡਾਂ, ਨਾਈਂ, ਰੰਗੀਂ ਰੰਗੀਂ, ਭਾਂਤੀ, ਪਾਤਿਸ਼ਾਹ, ਸ਼ਾਹਾਂ, ਰਜ਼ਾਈ।

**ਅਰਥ:** ਹੇ ਪ੍ਰਭੂ! ਤੇਰਾ ਉਹ ਘਰ ਅਤੇ ਉਸ ਘਰ ਦਾ ਉਹ ਦਰਵਾਜ਼ਾ ਬੜਾ ਹੀ ਅਸਚਰਜ ਹੋਵੇਗਾ, ਜਿੱਥੇ ਬੈਠ ਕੇ ਤੂੰ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈਂ। ਤੇਰੀ ਇਸ ਰਚੀ ਹੋਈ ਕੁਦਰਤ ਵਿਚ ਅਨੇਕਾਂ ਤੇ ਅਣਗਿਣਤ ਵਾਜੇ ਤੇ ਰਾਗ ਹਨ; ਬੇਅੰਤ ਹੀ ਜੀਵ ਉਹਨਾਂ ਵਾਜਿਆਂ ਨੂੰ ਵਜਾਉਣ ਵਾਲੇ ਹਨ। ਰਾਗਣੀਆਂ ਸਮੇਤ ਬੇਅੰਤ ਹੀ ਰਾਗਾਂ ਦੇ ਨਾਮ ਲਏ ਜਾਂਦੇ ਹਨ। ਅਨੇਕਾਂ ਹੀ ਜੀਵ ਇਹਨਾਂ ਰਾਗ-ਰਾਗਣੀਆਂ ਦੀ ਰਾਹੀਂ ਤੈਨੂੰ ਗਾਣ ਵਾਲੇ ਹਨ, ਤੇਰੀ ਸਿਫ਼ਤਿ ਦੇ ਗੀਤ ਗਾ ਰਹੇ ਹਨ ।

ਹੇ ਪ੍ਰਭੂ! ਹਵਾ ਪਾਣੀ ਅੱਗ ਆਦਿਕ ਤੱਤ ਤੇਰੇ ਗੁਣ ਗਾ ਰਹੇ ਹਨ ਅਰਥਾਤ ਤੇਰੀ ਰਜ਼ਾ ਵਿਚ ਤੁਰ ਰਹੇ ਹਨ । ਧਰਮ ਰਾਜ ਤੇਰੇ ਦਰ ਤੇ ਖਲੋ ਕੇ ਤੇਰੀ ਸਿਫ਼ਤਿ-ਸਾਲਾਹ ਦੇ ਗੀਤ ਗਾ ਰਿਹਾ ਹੈ। ਉਹ ਚਿੱਤਰ ਗੁਪਤ ਭੀ ਜੋ ਜੀਵਾਂ ਦੇ ਚੰਗੇ ਮੰਦੇ ਕਰਮਾਂ ਦੇ ਲੇਖੇ ਲਿਖਣੇ ਜਾਣਦੇ ਹਨ ਅਤੇ ਜਿਨ੍ਹਾਂ ਦੇ ਲਿਖੇ ਹੋਏ ਧਰਮ ਰਾਜ ਵਿਚਾਰਦਾ ਹੈ, ਤੇਰੀ ਸਿਫ਼ਤਿ-ਸਾਲਾਹ ਦੇ ਗੀਤ ਗਾ ਰਹੇ ਹਨ।

ਹੇ ਪ੍ਰਭੂ! ਅਨੇਕਾਂ ਦੇਵੀਆਂ ਸ਼ਿਵ ਅਤੇ ਬ੍ਰਹਮਾ ਆਦਿਕ ਦੇਵਤੇ ਜੋ ਤੇਰੇ ਸਵਾਰੇ ਹੋਏ ਹਨ, ਸਦਾ ਤੇਰੇ ਦਰ ਤੇ ਸੋਭ ਰਹੇ ਹਨ, ਤੈਨੂੰ ਗਾ ਰਹੇ ਹਨ, ਤੇਰੇ ਗੁਣ ਗਾ ਰਹੇ ਹਨ। ਕਈ ਇੰਦਰ ਦੇਵਤੇ ਆਪਣੇ ਤਖ਼ਤ ਉੱਤੇ ਬੈਠੇ ਹੋਏ ਦੇਵਤਿਆਂ ਸਮੇਤ ਤੇਰੇ ਦਰ ਉੱਤੇ ਤੈਨੂੰ ਗਾ ਰਹੇ ਹਨ, ਤੇਰੀ ਸਿਫ਼ਤਿ-ਸਾਲਾਹ ਦੇ ਗੀਤ ਗਾ ਰਹੇ ਹਨ ।

ਹੇ ਪ੍ਰਭੂ! ਸਿੱਧ ਲੋਕ ਸਮਾਧੀਆਂ ਲਾ ਕੇ ਤੈਨੂੰ ਗਾ ਰਹੇ ਹਨ। ਸਾਧ ਜਨ ਤੇਰੇ ਗੁਣਾਂ ਦੀ ਵਿਚਾਰ ਕਰ ਕੇ ਤੈਨੂੰ ਸਲਾਹ ਰਹੇ ਹਨ। ਜਤੀ, ਦਾਨੀ ਅਤੇ ਸੰਤੋਖੀ ਬੰਦੇ ਭੀ ਤੇਰੇ ਹੀ ਗੁਣ ਗਾ ਰਹੇ ਹਨ। ਬੇਅੰਤ ਤਕੜੇ ਸੂਰਮੇ ਤੇਰੀਆਂ ਹੀ ਵਡਿਆਈਆਂ ਕਰ ਰਹੇ ਹਨ।

ਹੇ ਪ੍ਰਭੂ! ਪੰਡਿਤ ਅਤੇ ਮਹਾਂ ਰਿਖੀ ਜੋ ਵੇਦਾਂ ਨੂੰ ਪੜ੍ਹਦੇ ਹਨ, ਵੇਦਾਂ ਸਣੇ ਤੇਰਾ ਹੀ ਜਸ ਕਰ ਰਹੇ ਹਨ। ਸੁੰਦਰ ਇਸਤ੍ਰੀਆਂ ਜੋ ਆਪਣੀ ਸੁੰਦਰਤਾ ਨਾਲ ਮਨੁੱਖ ਦੇ ਮਨ ਨੂੰ ਮੋਹ ਲੈਂਦੀਆਂ ਹਨ, ਤੈਨੂੰ ਹੀ ਗਾ ਰਹੀਆਂ ਹਨ, ਭਾਵ, ਤੇਰੀ ਸੁੰਦਰਤਾ ਦਾ ਪ੍ਰਕਾਸ਼ ਕਰ ਰਹੀਆਂ ਹਨ । ਸੁਰਗ-ਲੋਕ, ਮਾਤ-ਲੋਕ ਅਤੇ ਪਤਾਲ-ਲੋਕ ਭਾਵ, ਸੁਰਗ ਮਾਤ ਅਤੇ ਪਤਾਲ ਦੇ ਸਾਰੇ ਜੀਅ ਜੰਤ ਤੇਰੀ ਹੀ ਵਡਿਆਈ ਕਰ ਰਹੇ ਹਨ।

ਹੇ ਪ੍ਰਭੂ! ਤੇਰੇ ਪੈਦਾ ਕੀਤੇ ਹੋਏ ਰਤਨ ਅਠਾਹਠ ਤੀਰਥਾਂ ਸਮੇਤ ਤੈਨੂੰ ਹੀ ਗਾ ਰਹੇ ਹਨ। ਵੱਡੇ ਬਲ ਵਾਲੇ ਜੋਧੇ ਅਤੇ ਸੂਰਮੇ ਤੇਰਾ ਦਿੱਤਾ ਬਲ ਵਿਖਾ ਕੇ ਤੇਰੀ ਹੀ ਤਾਕਤ ਦੀ ਸਿਫ਼ਤਿ ਕਰ ਰਹੇ ਹਨ। ਚੌਹਾਂ ਹੀ ਖਾਣੀਆਂ ਦੇ ਜੀਅ ਜੰਤ ਤੈਨੂੰ ਗਾ ਰਹੇ ਹਨ। ਸਾਰੀ ਸ੍ਰਿਸ਼ਟੀ, ਸ੍ਰਿਸ਼ਟੀ ਦੇ ਸਾਰੇ

ਖੰਡ ਤੇ ਮੰਡਲ, ਜੋ ਤੂੰ ਪੈਦਾ ਕਰ ਕੇ ਟਿਕਾ ਰੱਖੇ ਹਨ, ਤੈਨੂੰ ਹੀ ਗਾਉਂਦੇ ਹਨ।

ਹੇ ਪ੍ਰਭੂ! ਅਸਲ ਵਿਚ ਉਹੀ ਬੰਦੇ ਤੇਰੀ ਸਿਫ਼ਤਿ-ਸਾਲਾਹ ਕਰਦੇ ਹਨ ਭਾਵ, ਉਹਨਾਂ ਦੀ ਕੀਤੀ ਸਿਫ਼ਤਿ-ਸਾਲਾਹ ਸਫਲ ਹੈ ਜੋ ਤੇਰੇ ਪ੍ਰੇਮ ਵਿਚ ਰੰਗੇ ਹੋਏ ਹਨ ਅਤੇ ਤੇਰੇ ਰਸੀਏ ਭਗਤ ਹਨ, ਉਹੀ ਬੰਦੇ ਤੈਨੂੰ ਪਿਆਰੇ ਲੱਗਦੇ ਹਨ। ਅਨੇਕਾਂ ਹੋਰ ਜੀਵ ਤੇਰੀ ਵਡਿਆਈ ਕਰ ਰਹੇ ਹਨ, ਜੋ ਮੈਥੋਂ ਗਿਣੇ ਨਹੀਂ ਜਾ ਸਕਦੇ। ਭਲਾ, ਇਸ ਗਿਣਤੀ ਬਾਰੇ ਨਾਨਕ ਕੀਹ ਵਿਚਾਰ ਕਰ ਸਕਦਾ ਹੈ? ਨਾਨਕ ਇਹ ਵਿਚਾਰ ਕਰਨ-ਜੋਗਾ ਨਹੀਂ ਹੈ ।

ਜਿਸ ਪ੍ਰਭੂ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹ ਇਸ ਵੇਲੇ ਭੀ ਮੌਜੂਦ ਹੈ, ਤੇ ਸਦਾ ਕਾਇਮ ਰਹਿਣ ਵਾਲਾ ਹੈ। ਉਸ ਦੀ ਵਡਿਆਈ ਸਦਾ ਕਾਇਮ ਰਹਿਣ ਵਾਲੀ ਹੈ।

ਜਿਸ ਪ੍ਰਭੂ ਨੇ ਕਈ ਰੰਗਾਂ ਕਿਸਮਾਂ ਤੇ ਜਿਨਸਾਂ ਦੀ ਮਾਇਆ ਰਚ ਦਿੱਤੀ ਹੈ, ਉਹ, ਜਿਵੇਂ ਉਸ ਦੀ ਰਜ਼ਾ ਹੈ, ਜਗਤ ਨੂੰ ਪੈਦਾ ਕਰ ਕੇ ਆਪਣੇ ਪੈਦਾ ਕੀਤੇ ਹੋਏ ਦੀ ਸੰਭਾਲ ਕਰ ਰਿਹਾ ਹੈ।

ਜੋ ਕੁਝ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ ਉਹੀ ਉਹ ਕਰਦਾ ਹੈ। ਕੋਈ ਜੀਵ ਉਸ ਦੇ ਅੱਗੇ ਹੈਂਕੜ ਨਹੀਂ ਵਿਖਾ ਸਕਦਾ, ਕੋਈ ਜੀਵ ਉਸ ਨੂੰ ਇਹ ਨਹੀਂ ਆਖ ਸਕਦਾ 'ਇਉਂ ਨਹੀਂ, ਇਉਂ ਕਰ'। ਉਹ ਪ੍ਰਭੂ ਸਾਰੇ ਜਗਤ ਦਾ ਪਾਤਿਸ਼ਾਹ ਹੈ, ਪਾਤਿਸ਼ਾਹਾਂ ਦਾ ਭੀ ਪਾਤਿਸ਼ਾਹ ਹੈ। ਹੇ ਨਾਨਕ! ਜੀਵਾਂ ਨੂੰ ਉਸ ਦੀ ਰਜ਼ਾ ਵਿਚ ਰਹਿਣਾ ਹੀ ਫਬਦਾ ਹੈ।੧।

**ਨੋਟ : ਪਵਣੁ, ਪਾਣੀ, ਬੈਸੰਤਰ ਆਦਿ ਅਚੇਤਨ ਪਦਾਰਥ ਕਿਵੇਂ ਅਕਾਲ ਪੁਰਖ ਦੀ ਸਿਫਤਿ ਸਲਾਹ ਕਰ ਰਹੇ ਹਨ ? ਇਸ ਦਾ ਭਾਵ ਇਹ ਹੈ ਕਿ ਉਸ ਦੇ ਪੈਦਾ ਕੀਤੇ ਸਾਰੇ ਤੱਤ ਉਸ ਦੀ ਰਜ਼ਾ ਵਿਚ ਤੁਰ ਰਹੇ ਹਨ। ਰਜ਼ਾ ਵਿਚ ਤੁਰਨਾ ਹੀ ਉਸ ਦੀ ਸਿਫਤਿ ਸਲਾਹ ਕਰਨੀ ਹੈ ।**

# ਸਿੱਖਿਆਵਾਂ

## ਪਹਿਲੀ ਸਿੱਖਿਆ

**"ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥**
**ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥**
**ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥**
........................................................
........................................................
**ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥"**

(ਭਾਵ: ਇਸ ਪਉੜੀ ਵਿਚ ਗੁਰਦੇਵ ਪਿਤਾ ਨੇ ਫੁਰਮਾਇਆ ਹੈ ਕਿ ਉਹ ਦਰ ਕੈਸਾ ਅਸਚਰਜ ਵਾਲਾ ਹੈ-ਉਹ ਘਰ ਕੈਸਾ ਵਿਸਮਾਦ ਪੂਰਵਕ ਹੈ ਜਿੱਥੇ ਬੈਠ ਕੇ ਉਹ ਪਰਮਾਤਮਾ ਸਾਰੇ ਜੀਵਾਂ ਦੀ ਸੰਭਾਲ ਕਰਦਾ ਹੈ। ਇਸ ਰਚੀ ਹੋਈ ਕੁਦਰਤ ਵਿਚ ਅਨੇਕਾਂ ਤੇ ਅਣਗਿਣਤ ਵਾਜੇ ਅਤੇ ਰਾਗ ਹਨ ਅਤੇ ਬੇਅੰਤ ਹੀ ਜੀਵ ਉਨ੍ਹਾਂ ਨੂੰ ਵਜਾਉਣ ਵਾਲੇ ਹਨ।)

ਇਸੇ ਹੀ ਪਉੜੀ ਵਿਚ ਨਿਰੰਕਾਰ ਦੀ ਸਿਫ਼ਤਿ ਸਾਲਾਹ ਕਰਦਿਆਂ ਗੁਰਦੇਵ ਪਿਤਾ ਜੀ ਫੁਰਮਾਉਂਦੇ ਹਨ ਕਿ ਅਕਾਲ ਪੁਰਖੁ ਇਸ ਕਾਇਨਾਤ ਵਿਚ ਇੰਨੀ ਵੱਡੀ ਹਸਤੀ ਹੈ ਕਿ ਉਸ ਦੇ ਗੁਣਾਂ ਨੂੰ ਪਉਣ, ਪਾਣੀ, ਬੈਸੰਤਰ, ਧਰਮ ਰਾਜ, ਸ਼ਿਵ, ਬ੍ਰਹਮਾ, ਦੇਵੀ-ਦੇਵਤੇ, ਤਕੜੇ ਸੂਰਮੇ, ਆਦਿ ਆਦਿ ਸਾਰੇ ਹੀ ਗਾਉਂਦੇ ਹਨ ਅਤੇ ਉਸ ਦੀਆਂ ਵਡਿਆਈਆਂ ਦੀ ਵਿਚਾਰ ਕਰਦੇ ਹਨ। ਇਸੇ ਪਉੜੀ ਵਿਚ ਇਹ ਵੀ ਫੁਰਮਾਇਆ ਹੈ ਕਿ ਦੁਨੀਆਂ ਦੀਆਂ ਚਾਰੇ ਖਾਣੀਆਂ-ਅੰਡਜ, ਜੇਰਜ, ਸੇਤਜ, ਉਤਭੁਜ ਜੀਵ ਉਸੇ ਨੂੰ ਹੀ ਗਾ ਰਹੇ ਹਨ। ਸਾਰੀ ਸ੍ਰਿਸ਼ਟੀ, ਸ੍ਰਿਸ਼ਟੀ ਦੇ ਸਾਰੇ ਖੰਡ ਅਤੇ ਚੱਕਰ ਜੋ ਕਿ ਅਕਾਲ ਪੁਰਖੁ ਨੇ ਆਪਣੀ ਸਤਿਆ (ਤਾਕਤ) ਦੁਆਰਾ ਟਿਕਾ ਕੇ ਰਖੇ ਹੋਏ ਹਨ, ਉਹ ਵੀ ਉਸ ਨੂੰ ਗਾ ਰਹੇ ਹਨ।

ਗੁਰਬਾਣੀ ਦਾ ਇਹ ਵੀ ਫੁਰਮਾਨ ਹੈ ਕਿ ਵੱਡੇ ਤੋਂ ਵੱਡੇ ਰਾਜੇ-ਮਹਾਰਾਜੇ ਉਸ ਅਕਾਲ ਪੁਰਖੁ ਦੇ ਹੁਕਮ ਦੇ ਪਾਬੰਦ ਹਨ ਅਤੇ ਸਾਰੀ ਕਾਇਨਾਤ ਉਸੇ ਦੇ ਹੀ ਵੱਸ ਵਿਚ ਹੈ। ਅਰਥਾਤ ਉਹ ਅਕਾਲ ਪੁਰਖੁ ਸਭ ਤੋਂ ਵੱਡੀ ਹਸਤੀ ਹੈ ਅਤੇ ਦੁਨੀਆ ਵਿਚ ਉਸ ਦੀ ਮਰਜ਼ੀ ਤੋਂ ਬਿਨਾਂ ਇਕ ਪੱਤਾ ਵੀ ਨਹੀਂ ਹਿੱਲ ਸਕਦਾ। ਯਥਾ :

**"ਜਾ ਕੈ ਵਸਿ ਖਾਨ ਸੁਲਤਾਨ॥ ਜਾ ਕੈ ਵਸਿ ਹੈ ਸਗਲ ਜਹਾਨ॥**
**ਜਾ ਕਾ ਕੀਆ ਸਭੁ ਕਿਛੁ ਹੋਇ॥ ਤਿਸ ਤੇ ਬਾਹਰਿ ਨਾਹੀ ਕੋਇ॥"(ਅੰਗ:੧੯੨)**

**ਇਸ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਕੇਵਲ ਅਕਾਲ ਪੁਰਖੁ ਦੀ ਹਸਤੀ ਹੀ ਸਭ ਤੋਂ ਉੱਚੀ ਹਸਤੀ ਹੈ ਤੇ ਇਸ ਲਈ ਅਸੀਂ "ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਆਹਿ॥" ਵਾਲੀ ਜੁਗਤ ਨੂੰ ਅਪਨਾਉਣਾ ਹੈ।**

## ਦੂਜੀ ਸਿੱਖਿਆ

**"ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥"**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪਉੜੀ ਵਿਚ ਜਦੋਂ ਪਰਮੇਸ਼ਰ ਦੇ ਗੁਣ ਗਾਉਣ ਦੀ ਗੱਲ ਕੀਤੀ ਤਾਂ ਇਹ ਗੱਲ ਵੀ ਕਹੀ ਕਿ ਸਾਰੀਆਂ ਖਾਣੀਆਂ ਵੀ ਤੈਨੂੰ ਗਾ ਰਹੀਆਂ ਹਨ ਅਰਥਾਤ ਸਾਰੀ ਸ੍ਰਿਸ਼ਟੀ ਤੈਨੂੰ ਗਾ ਰਹੀ ਹੈ। ਫਿਰ ਇਹ ਗੱਲ ਤਾਂ ਸਪੱਸ਼ਟ ਹੈ ਕਿ ਜੇ ਸਾਰੀ ਸ੍ਰਿਸ਼ਟੀ ਉਸ ਨੂੰ ਗਾ ਰਹੀ ਹੈ ਅਤੇ ਚਾਰੇ ਖਾਣੀਆਂ ਵੀ ਉਸ ਨੂੰ ਗਾ ਰਹੀਆਂ ਹਨ ਤਾਂ ਇਸ ਗੱਲ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿ ਜਾਂਦੀ ਕਿ ਸਾਰੀ ਕਾਇਨਾਤ ਵਿਚੋਂ ਕੋਈ ਅਜਿਹਾ ਜੀਵ ਅਜੇ ਵੀ ਬਚਿਆ ਹੋਵੇ ਜੋ ਉਸ ਨੂੰ ਨਾ ਗਾ ਰਿਹਾ ਹੋਵੇ। ਪਰ ਬਲਿਹਾਰ ਜਾਈਏ ਆਪਣੇ ਗੁਰਦੇਵ ਤੋਂ ਜਿਨ੍ਹਾਂ ਵਿਚ ਇੰਨੀ ਜ਼ਿਆਦਾ ਨਿਮਰਤਾ ਹੈ ਕਿ ਉਹ ਇਹ ਫੁਰਮਾਉਂਦੇ ਹਨ ਕਿ ਹੋ ਸਕਦਾ ਹੈ ਕਿ ਅਜੇ ਬੇਅੰਤ ਜੀਵ ਹੋਰ ਵੀ ਰਹਿੰਦੇ ਹੋਣ, ਜਿਹੜੇ ਤੁਹਾਡੇ ਗੁਣਾਂ ਨੂੰ ਗਾ ਤਾਂ ਰਹੇ ਹੋਣ ਪਰ ਮੇਰੀ ਸੋਚ ਵਿਚ ਨਹੀਂ ਆ ਰਹੇ। ਇਸ ਲਈ ਮੈਂ ਉਸ ਦੀ ਕੀ ਵਿਚਾਰ ਕਰਾਂ ਅਰਥਾਤ ਤੇਰੀ ਰਚਨਾ ਬੇਅੰਤ ਤੋਂ ਵੀ ਬੇਅੰਤ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਭਾਵੇਂ ਸਾਡੇ ਅੰਦਰ ਗਿਆਨ ਦੇ ਜਿੰਨੇ ਮਰਜੀ ਭੰਡਾਰੇ ਕਿਉਂ ਨਾ ਹੋਣ, ਤਾਂ ਵੀ ਅਸੀਂ ਹਮੇਸ਼ਾ ਨਿਮਰਤਾ ਵਿਚ ਹੀ ਰਹਿਣਾ ਹੈ।

## ਤੀਜੀ ਸਿੱਖਿਆ

**"ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥<br>ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥"**

ਇਸ ਦੁਨੀਆ ਵਿਚ ਅਗਰ ਕੋਈ ਹਮੇਸ਼ਾ ਸਦਾ ਥਿਰ ਅਰਥਾਤ ਅਟੱਲ ਰਹਿਣ ਵਾਲਾ ਹੈ ਤਾਂ ਉਹ ਕੇਵਲ ਇਕ ਅਕਾਲ ਪੁਰਖੁ ਹੀ ਹੈ ਅਤੇ ਉਸ ਦੀ ਕੀਤੀ ਹੋਈ ਵਡਿਆਈ ਵੀ ਸਦਾ ਅਟੱਲ ਹੈ। ਉਹ ਪਰਮਾਤਮਾ ਪਹਿਲਾਂ ਵੀ ਮੌਜੂਦ ਸੀ, ਇਸ ਵੇਲੇ ਵੀ ਮੌਜੂਦ ਹੈ ਅਤੇ ਅੱਗੇ ਵੀ ਮੌਜੂਦ ਰਹੇਗਾ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਜੀਵਨ ਵਿਚ ਕਿਸੇ ਬੰਦੇ ਨਾਲ ਜੁੜਨ ਦੀ ਬਜਾਇ ਕੇਵਲ ਤੇ ਕੇਵਲ ਉਸ ਅਕਾਲ ਪੁਰਖੁ ਨਾਲ ਜੁੜਨਾ ਹੈ ਜੋ ਕਿ ਸਦੀਵੀਂ ਸੱਚ ਹੈ। ਕਿਸੇ ਬੰਦੇ ਦੀਆਂ ਵਡਿਆਈਆਂ ਕਰਨ ਦੀ ਬਜਾਇ ਉਸੇ ਅਕਾਲ ਪੁਰਖੁ ਦੀਆਂ ਵਡਿਆਈਆਂ ਹੀ ਕਰੀਏ ਜੋ ਕਿ ਸਦੀਵੀਂ ਸੱਚ ਹੈ। ਬੰਦੇ ਦੀਆਂ ਕੀਤੀਆਂ ਹੋਈਆਂ

ਵਡਿਆਈਆਂ ਦੀ ਕੀਮਤ ਕੌਡੀ ਜਿੰਨੀ ਵੀ ਨਹੀਂ ਕਿਉਂਕਿ ਬੰਦਾ ਆਪ ਬਿਨਸਨਹਾਰ ਹੈ ਅਤੇ ਉਸ ਦੀਆਂ ਕੀਤੀਆਂ ਹੋਈਆਂ ਵਡਿਆਈਆਂ ਵੀ ਬਿਨਸ ਜਾਣਗੀਆਂ ਜਦ ਕਿ ਅਕਾਲ ਪੁਰਖੁ ਦੀਆਂ ਕੀਤੀਆਂ ਵਡਿਆਈਆਂ ਹਮੇਸ਼ਾ ਕਾਇਮ ਰਹਿਣਗੀਆਂ ਕਿਉਂਕਿ ਅਕਾਲ ਪੁਰਖੁ ਆਪ ਅਬਿਨਾਸੀ ਹੈ। ਉਸ ਦੀਆਂ ਕੀਤੀਆਂ ਹੋਈਆਂ ਵਡਿਆਈਆਂ ਵੀ ਅਬਿਨਾਸੀ ਹਨ ਅਰਥਾਤ ਕਦੇ ਵੀ ਬਿਨਸਨਹਾਰ ਨਹੀਂ ਹਨ।

## ਚੌਥੀ ਸਿੱਖਿਆ

**"ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥**
**ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥**
**ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥**
**ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥"**

(ਭਾਵ: ਸ੍ਰੀ ਗੁਰੂ ਨਾਨਕ ਦੇਵ ਜੀ ਪਉੜੀ ਦੇ ਅੰਤ ਵਿਚ ਫੁਰਮਾਉਂਦੇ ਹਨ ਕਿ ਉਹ ਅਕਾਲ ਪੁਰਖੁ ਸ੍ਰਿਸ਼ਟੀ ਨੂੰ ਪੈਦਾ ਕਰਕੇ ਸ੍ਰਿਸ਼ਟੀ ਦੀ ਸੰਭਾਲ ਵੀ ਕਰ ਰਿਹਾ ਹੈ ਅਤੇ ਜਿਵੇਂ ਉਸ ਨੂੰ ਚੰਗਾ ਲੱਗਦਾ ਹੈ ਉਵੇਂ ਹੀ ਜੀਵਾਂ ਨੂੰ ਚਲਾ ਰਿਹਾ ਹੈ। ਉਹ ਜੀਵ ਆਪਣੇ ਅੰਦਰੋਂ ਕੂੜ ਦੀ ਕੰਧ ਨੂੰ ਤੋੜ ਕੇ ਸਚਿਆਰੇ ਬਣ ਜਾਂਦੇ ਹਨ ਜਿਨ੍ਹਾਂ ਨੂੰ ਪਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਆ ਜਾਂਦਾ ਹੈ।)

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਪਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਹੀ ਸਾਡੀ ਭਲਾਈ ਹੈ ਅਤੇ ਅਸੀਂ ਸਚਿਆਰੇ ਬਣ ਸਕਦੇ ਹਾਂ। ਆਪਣੇ ਆਪ ਨੂੰ ਅਸੀਂ ਇਹੀ ਸਮਝਾਉਣਾ ਹੈ ਕਿ ਪਰਮਾਤਮਾ ਨੇ ਸਾਨੂੰ ਜੀਵਨ ਦੇ ਵਿਚ ਕੋਈ ਖਾਸ ਰੋਲ ਅਦਾ ਕਰਨ ਦੇ ਲਈ ਹੀ ਬਣਾਇਆ ਹੈ ਅਤੇ ਸਾਡਾ ਭਲਾ ਤਾਂ ਹੀ ਹੋਏਗਾ ਜੇਕਰ ਅਸੀਂ ਉਸ ਦੀ ਰਜ਼ਾ ਅਨੁਸਾਰ ਉਸੇ ਹੀ ਰੋਲ ਵਿਚ ਰਾਜ਼ੀ ਰਹੀਏ।

ਉਦਾਹਰਣ ਵਜੋਂ, ਹੋ ਸਕਦਾ ਹੈ ਕਿ ਪਰਮਾਤਮਾ ਕਿਸੇ ਬੰਦੇ ਨੂੰ ਪ੍ਰੋਫੈਸਰ ਬਣਾਉਣਾ ਚਾਹੁੰਦਾ ਹੋਵੇ ਪਰ ਉਹ ਬੰਦਾ IAS ਅਫਸਰ ਬਣਨਾ ਚਾਹੁੰਦਾ ਹੈ। ਉਸ ਲਈ ਉਹ ਦਿਨ ਰਾਤ ਮਿਹਨਤ ਕਰਦਾ ਹੈ ਅਤੇ ਵਧੀਆ ਤੋਂ ਵਧੀਆ ਕੋਚਿੰਗ ਵੀ ਲੈਂਦਾ ਹੈ। ਇਸ ਦੇ ਬਾਵਜੂਦ ਵੀ ਜੇਕਰ ਉਹ ਬਾਰ-ਬਾਰ IAS ਦੇ ਪੇਪਰ ਦੇ ਕੇ ਫੇਲ੍ਹ ਹੋ ਜਾਂਦਾ ਹੈ ਤਾਂ ਉਸ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਅਤੇ ਆਪਣੇ ਆਪ ਨੂੰ ਇਹ ਗੱਲ ਸਮਝਾਉਣੀ ਚਾਹੀਦੀ ਹੈ ਕਿ ਸ਼ਾਇਦ ਪਰਮਾਤਮਾ ਨੇ ਉਸ ਦੀ ਸਿਰਜਨਾ ਕਿਸੇ ਹੋਰ ਕੰਮ ਲਈ ਕੀਤੀ ਹੋਵੇ। ਇਹ ਗੱਲ ਸੋਚ ਕੇ ਮੰਨ ਲਉ ਕਿ ਉਸ ਨੂੰ ਵਿਚਾਰ ਆਉਂਦਾ ਹੈ ਕਿ ਉਹ ਚੰਗਾ ਪ੍ਰੋਫੈਸਰ ਹੀ ਕਿਉਂ ਨਾ ਬਣ ਜਾਵੇ । ਇਸ ਲਈ ਉਹ ਪ੍ਰੋਫੈਸਰੀ ਦਾ ਪੇਪਰ ਦੇ ਕੇ ਉਸ ਨੂੰ ਪਾਸ ਕਰ ਲੈਂਦਾ ਹੈ ਤਾਂ ਉਸ ਨੂੰ ਇਸੇ ਗੱਲ ਵਿਚ ਸੰਤੁਸ਼ਟ ਰਹਿਣਾ ਚਾਹੀਦਾ ਹੈ ਕਿ ਪ੍ਰੋਫੈਸਰੀ ਦੀ ਲਾਇਨ ਹੀ ਮੇਰੇ ਲਈ ਚੰਗੀ ਹੈ ਅਤੇ ਪਰਮਾਤਮਾ ਦੁਆਰਾ ਮਿਥਿਆ ਰੋਲ ਹੈ। ਉਸ ਨੂੰ ਆਪਣੇ ਆਪ ਨੂੰ ਇਹ ਗੱਲ ਸਮਝਾਉਣੀ ਚਾਹੀਦੀ ਹੈ ਕਿ ਹੋ ਸਕਦਾ

ਹੈ ਜੇਕਰ ਮੈਂ IAS ਅਫਸਰ ਬਣ ਜਾਂਦਾ ਤਾਂ ਮੇਰੇ ਹੱਥੋਂ ਕੋਈ ਅਜਿਹਾ ਗਲਤ ਕੰਮ ਹੋ ਜਾਂਦਾ ਜਿਸ ਕਰਕੇ ਮੈਨੂੰ ਨੌਕਰੀ ਤੋਂ ਵੀ ਕਢਿਆ ਜਾ ਸਕਦਾ ਸੀ। ਇਸ ਲਈ ਬਿਨਾਂ ਰੋਸ ਕੀਤੇ ਉਸ ਨੂੰ ਖੁਸ਼ੀ-ਖੁਸ਼ੀ ਪ੍ਰੋਫੈਸਰੀ ਵਾਲੀ ਲਾਇਨ ਵਿਚ ਚਲੇ ਜਾਣਾ ਚਾਹੀਦਾ ਹੈ।

ਇਸ ਸੰਬੰਧ ਵਿਚ ਗੁਰਬਾਣੀ ਫੁਰਮਾਨ ਹੈ:

**"ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ॥**
**ਜਿਸੁ ਹੋਆ ਆਪਿ ਕ੍ਰਿਪਾਲੁ ਸੁ ਨਹ ਭਰਮਾਇਆ॥**
**ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ॥**
**ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ॥**
**ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ॥"**

**(ਅੰਗ: ੫੨੩)**

(ਭਾਵ: ਖਸਮ (ਪ੍ਰਭੂ) ਨੇ ਜੋ ਹੁਕਮ ਦਿਤਾ, ਉਸ ਹੁਕਮ ਨੂੰ ਸਮਝ ਕੇ ਉਹ (ਗੁਰਮੁਖ) ਸਦਾ ਖਿੜਿਆ ਰਹਿੰਦਾ ਹੈ। ਜਿਸ ਮਨੁੱਖ ਤੇ ਪ੍ਰਭੂ ਆਪ ਮੇਹਰਵਾਨ ਹੋਇਆ ਹੈ ਉਹ ਭਟਕਣਾ ਵਿਚ ਨਹੀਂ ਪੈਂਦਾ। ਪ੍ਰਭੂ ਨੇ ਜੋ ਕੁਝ ਉਸ ਨੂੰ ਦਿੱਤਾ, ਉਹ ਉਸ ਨੂੰ ਸੁੱਖ ਹੀ ਪ੍ਰਤੀਤ ਹੋਇਆ ਹੈ। ਹੇ ਨਾਨਕ! ਜਿਸ ਮਨੁੱਖ ਤੇ ਮਿੱਤਰ ਪ੍ਰਭੂ ਮੇਹਰਵਾਨ ਹੁੰਦਾ ਹੈ ਉਸ ਨੂੰ ਆਪਣੇ ਹੁਕਮ ਦੀ ਸੂਝ ਬਖਸ਼ਦਾ ਹੈ। ਪਰ ਜਿਸ ਜਿਸ ਜੀਵ ਨੂੰ ਭੁੱਲ ਵਿਚ ਪਾਂਦਾ ਹੈ ਉਹ ਨਿੱਤ ਮੁੜ-ਮੁੜ ਮਰਦੇ ਜੰਮਦੇ ਰਹਿੰਦੇ ਹਨ।)

# ਆਸਾ ਮਹਲਾ ੧ ॥

**ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥**
**ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥**
**ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥**
**ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥**
**ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥**
**ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥**
**ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆ ॥**
**ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥**
**ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥**
**ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥**

**ਪਦ ਅਰਥ: ਸੁਣਿ**–ਸੁਣ ਕੇ। **ਸਭੁ ਕੋਇ**–ਹਰੇਕ ਜੀਵ। **ਕੇਵਡੁ**–ਕੇਡਾ। **ਡੀਠਾ**–ਵੇਖਿਆਂ ਹੀ। **ਹੋਇ**–ਬਿਆਨ ਹੋ ਸਕਦਾ ਹੈ। **ਕੀਮਤਿ**–ਮੁੱਲ, ਬਰਾਬਰ ਦੀ ਸ਼ੈ। **ਕੀਮਤਿ ਪਾਇ ਨ**–ਮੁੱਲ ਨਹੀਂ ਪਾਇਆ ਜਾ ਸਕਦਾ, ਉਸ ਦੇ ਬਰਾਬਰ ਦੀ ਕੋਈ ਹਸਤੀ ਨਹੀਂ ਦੱਸੀ ਜਾ ਸਕਦੀ। **ਰਹੇ ਸਮਾਇ**–ਲੀਨ ਹੋ ਜਾਂਦੇ ਹਨ। **ਗਹਿਰ**–ਹੇ ਡੂੰਘੇ! **ਗੰਭੀਰਾ**–ਹੇ ਵੱਡੇ ਜਿਗਰੇ ਵਾਲੇ! **ਗੁਣੀ ਗਹੀਰਾ**–ਹੇ ਬੇਅੰਤ ਗੁਣਾਂ ਦੇ ਮਾਲਕ! **ਚੀਰਾ**–ਵਿਸਥਾਰ।੧। ਰਹਾਉ। **ਸਭਿ ਮਿਲਿ**–ਸਾਰਿਆਂ ਨੇ ਇਕ ਦੂਜੇ ਦੀ ਸਹਾਇਤਾ ਲੈ ਕੇ। **ਸੁਰਤੀ ਸੁਰਤਿ ਕਮਾਈ**–ਮੁੜ ਮੁੜ ਸਮਾਧੀ ਲਾਈ। **ਗਿਆਨੀ**–ਵਿਚਾਰਵਾਨ, ਉੱਚੀ ਸਮਝ ਵਾਲੇ। **ਧਿਆਨੀ**–ਸੁਰਤਿ ਜੋੜਨ ਵਾਲੇ। **ਗੁਰ**–ਵੱਡੇ। **ਗੁਰ ਹਾਈ**–ਅਜਿਹੇ ਹੋਰ ਕਈ ਵੱਡੇ। **ਗੁਰ ਗੁਰਹਾਈ**–ਕਈ ਵੱਡੇ ਵੱਡੇ ਪ੍ਰਸਿੱਧ।**ਤਿਲੁ**–ਰਤਾ ਜਿਤਨੀ ਭੀ।੨। **ਸਭਿ ਸਤ**–ਸਾਰੇ ਭਲੇ ਕੰਮ। **ਤਪ**–ਕਸ਼ਟ, ਔਖਿਆਈਆਂ। **ਚੰਗਿਆਈਆ**–ਚੰਗੇ ਗੁਣ। **ਸਿਧ**–ਪੁੱਗੇ ਹੋਏ, ਜੀਵਨ ਵਿਚ ਸਫਲ ਹੋਏ ਮਨੁੱਖ। **ਸਿਧੀ**–ਸਫਲਤਾ, ਕਾਮਯਾਬੀ। **ਕਰਮਿ**–ਤੇਰੀ ਮਿਹਰ ਨਾਲ, ਬਖ਼ਸ਼ਸ਼ ਦੀ ਰਾਹੀਂ। **ਠਾਕਿ**–ਵਰਜ ਕੇ, ਰੋਕ ਕੇ।੩।**ਸਿਫਤੀ**–ਸਿਫ਼ਤਾਂ ਨਾਲ, ਗੁਣਾਂ ਨਾਲ। **ਚਾਰਾ**–ਜ਼ੋਰ।੪।

**ਸ਼ਬਦ-ਉਚਾਰਨ** :- ਬਿੰਦੀ ਸਹਿਤ ਉਚਾਰਨ ਕਰਨ ਵਾਲੇ ਸ਼ਬਦ: ਸੁਰਤੀਂ, ਚੰਗਿਆਈਆਂ, ਸਿਧਾਂ, ਪੁਰਖਾਂ, ਕੀਆਂ, ਵਡਿਆਈਆਂ, ਸਿਧੀਂ, ਪਾਈਆਂ, ਰਹਾਈਆਂ, ਸਿਫਤੀਂ, ਦੇਹਿਂ।

**ਅਰਥ**: ਹਰੇਕ ਜੀਵ ਹੋਰਨਾਂ ਪਾਸੋਂ ਸਿਰਫ਼ ਸੁਣ ਕੇ ਹੀ ਆਖ ਦੇਂਦਾ ਹੈ ਕਿ ਹੇ ਪ੍ਰਭੂ! ਤੂੰ ਵੱਡਾ ਹੈਂ। ਪਰ ਤੂੰ ਕਿਡਾ ਵੱਡਾ ਹੈਂ, ਕਿਤਨਾ ਬੇਅੰਤ ਹੈਂ-ਇਹ ਗੱਲ ਤੇਰਾ ਦਰਸ਼ਨ ਕੀਤਿਆਂ ਹੀ ਦੱਸੀ ਜਾ ਸਕਦੀ ਹੈ ਕਿ ਤੂੰ ਬਹੁਤ ਬੇਅੰਤ ਹੈਂ। ਤੇਰੇ ਬਰਾਬਰ ਦਾ ਹੋਰ ਕੋਈ ਦੱਸਿਆ ਨਹੀਂ ਜਾ ਸਕਦਾ, ਤੇਰੇ ਸਰੂਪ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਤੇਰੀ ਵਡਿਆਈ ਆਖਣ ਵਾਲੇ ਆਪਾ ਭੁੱਲ ਕੇ ਤੇਰੇ ਵਿਚ ਹੀ ਲੀਨ ਹੋ ਜਾਂਦੇ ਹਨ।੧।

ਹੇ ਮੇਰੇ ਵੱਡੇ ਮਾਲਕ! ਤੂੰ ਮਾਨੋ, ਇਕ ਡੂੰਘਾ ਸਮੁੰਦਰ ਹੈਂ, ਤੂੰ ਬੜੇ ਜਿਗਰੇ ਵਾਲਾ ਹੈਂ, ਤੂੰ ਬੇਅੰਤ ਗੁਣਾਂ ਵਾਲਾ ਹੈਂ। ਕੋਈ ਭੀ ਜੀਵ ਨਹੀਂ ਜਾਣਦਾ ਕਿ ਤੇਰਾ ਕਿਤਨਾ ਵੱਡਾ ਵਿਸਥਾਰ ਹੈ।੧। ਰਹਾਉ।

ਤੂੰ ਕਿਡਾ ਵੱਡਾ ਹੈਂ-ਇਹ ਗੱਲ ਲੱਭਣ ਵਾਸਤੇ ਸਮਾਧੀਆਂ ਲਾਉਣ ਵਾਲੇ ਕਈ ਵੱਡੇ ਵੱਡੇ ਪ੍ਰਸਿੱਧ ਜੋਗੀਆਂ ਨੇ ਧਿਆਨ ਜੋੜਨ ਦੇ ਜਤਨ ਕੀਤੇ, ਮੁੜ ਮੁੜ ਜਤਨ ਕੀਤੇ, ਵੱਡੇ ਵੱਡੇ ਪ੍ਰਸਿੱਧ ਸ਼ਾਸਤ੍ਰ-ਵੇਤਾ ਵਿਚਾਰਵਾਨਾਂ ਨੇ ਆਪੋ ਵਿਚ ਇਕ ਦੂਜੇ ਦੀ ਸਹਾਇਤਾ ਲੈ ਕੇ, ਤੇਰੇ ਬਰਾਬਰ ਦੀ ਕੋਈ ਹਸਤੀ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਤੇਰੀ ਵਡਿਆਈ ਦਾ ਇਕ ਤਿਲ ਜਿਤਨਾ ਭੀ ਹਿੱਸਾ ਨਹੀਂ ਦੱਸ ਸਕੇ।੨।

ਵਿਚਾਰਵਾਨ ਕੀ ਤੇ ਸਿਧ ਜੋਗੀ ਕੀ? ਤੇਰੀ ਵਡਿਆਈ ਦਾ ਅੰਦਾਜ਼ਾ ਤਾਂ ਕੋਈ ਭੀ ਨਹੀਂ ਲਗਾ ਸਕਿਆ, ਪਰ ਵਿਚਾਰਵਾਨਾਂ ਦੇ ਸਾਰੇ ਭਲੇ ਕੰਮ, ਸਾਰੇ ਤਪ ਤੇ ਸਾਰੇ ਗੁਣ, ਸਿੱਧਾਂ ਲੋਕਾਂ ਦੀਆਂ ਰਿੱਧੀਆਂ ਸਿੱਧੀਆਂ ਆਦਿਕ ਵੱਡੇ ਵੱਡੇ ਕੰਮ-ਇਹ ਕਾਮਯਾਬੀ ਕਿਸੇ ਨੂੰ ਭੀ ਤੇਰੀ ਸਹਾਇਤਾ ਤੋਂ ਬਿਨਾ ਹਾਸਲ ਨਹੀਂ ਹੋਈ। ਜਿਸ ਕਿਸੇ ਨੂੰ ਸਿੱਧੀ ਪ੍ਰਾਪਤ ਹੋਈ ਹੈ ਤੇਰੀ ਮਿਹਰ ਨਾਲ ਪ੍ਰਾਪਤ ਹੋਈ ਹੈ। ਤੇ, ਕੋਈ ਹੋਰ ਉਸ ਪ੍ਰਾਪਤੀ ਦੇ ਰਾਹ ਵਿਚ ਰੋਕ ਨਹੀਂ ਪਾ ਸਕਿਆ।੩।

ਹੇ ਪ੍ਰਭੂ! ਤੇਰੇ ਗੁਣਾਂ ਦੇ ਮਾਨੋ ਖ਼ਜ਼ਾਨੇ ਭਰੇ ਪਏ ਹਨ। ਜੀਵ ਦੀ ਕੀਹ ਤਾਕਤ ਹੈ ਕਿ ਇਹਨਾਂ ਗੁਣਾਂ ਨੂੰ ਬਿਆਨ ਕਰ ਸਕੇ? ਜਿਸ ਨੂੰ ਤੂੰ ਸਿਫ਼ਤਿ-ਸਾਲਾਹ ਕਰਨ ਦੀ ਦਾਤਿ ਬਖ਼ਸ਼ਦਾ ਹੈ ਉਸ ਦੇ ਰਾਹ ਵਿਚ ਰੁਕਾਵਟ ਪਾਣ ਲਈ ਕਿਸੇ ਦਾ ਜ਼ੋਰ ਨਹੀਂ ਚੱਲ ਸਕਦਾ, ਕਿਉਂਕਿ ਹੇ ਨਾਨਕ! ਆਖ – ਹੇ ਪ੍ਰਭੂ! ਤੂੰ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਉਸ ਭਾਗਾਂ ਵਾਲੇ ਨੂੰ ਸੰਵਾਰਨ ਵਾਲਾ ਆਪ ਹੈਂ।੪।੨।

# ਸਿੱਖਿਆਵਾਂ

## ਪਹਿਲੀ ਸਿੱਖਿਆ

**"ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥"**

(ਭਾਵ: ਸਾਰੇ ਹੀ ਜੀਵ ਦੂਜਿਆਂ ਕੋਲੋਂ ਸੁਣ ਸੁਣ ਕੇ ਇਹ ਆਖਣ ਲੱਗ ਜਾਂਦੇ ਹਨ ਕਿ ਪਰਮਾਤਮਾ ਤੂੰ ਬਹੁਤ ਵੱਡਾ ਹੈ, ਤੂੰ ਬੇਅੰਤ ਹੈ। ਪਰ ਪਰਮਾਤਮਾ ਕਿੰਨਾ ਵੱਡਾ ਹੈ, ਕਿੰਨਾ ਬੇਅੰਤ ਹੈ ਇਹ ਤਾਂ ਉਸ ਦੇ ਡਿੱਠਿਆਂ ਹੀ ਦਸਿਆ ਜਾ ਸਕਦਾ ਹੈ। ਉਸਦੀ ਕੀਮਤ ਨਹੀਂ ਪਾਈ ਜਾ ਸਕਦੀ ਹੈ। ਬਸ ਸਿਫਤਿ ਸਾਲਾਹ ਕਰਕੇ ਉਸ ਦੇ ਵਿੱਚ ਸਮਾਇਆ ਜਾ ਸਕਦਾ ਹੈ।)

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਪਰਮਾਤਮਾ ਦਾ ਕਦੇ ਅੰਤ ਨਹੀਂ ਪਾ ਸਕਦੇ ਅਤੇ ਨਾ ਹੀ ਅੰਤ ਪਾਉਣ ਦਾ ਯਤਨ ਕਰਨਾ ਹੈ। ਯਥਾ:"**ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥**" ਬਲਕਿ ਉਸ ਦੀ ਸਿਫਤਿ ਸਾਲਾਹ ਕਰਦੇ ਰਹਿਣਾ ਹੈ ਕਿਉਂਕਿ ਸਿਫਤਿ ਸਾਲਾਹ ਇਕ ਅਜਿਹੀ ਬਖਸ਼ਿਸ਼ ਭਰੀ ਦਾਤ ਹੈ ਜਿਹੜੀ ਕਿ ਜੀਵ ਨੂੰ ਪਰਮਾਤਮਾ ਵਿਚ ਹੀ ਲੀਨ ਕਰ ਦਿੰਦੀ ਹੈ। ਜਿਵੇਂ ਕਿ ਜਪੁ ਜੀ ਸਾਹਿਬ ਦਾ ਵੀ ਫੁਰਮਾਨ ਹੈ:-

**"ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥"**

ਇਸ ਸੰਬੰਧ ਵਿਚ ਆਪ ਜੀ ਨਾਲ ਪੰਥ ਦੇ ਸਤਿਕਾਰਯੋਗ ਗਿਆਨੀ ਸੰਤ ਸਿੰਘ ਜੀ ਮਸਕੀਨ ਕੋਲੋਂ ਸੁਣੀ ਹੋਈ ਇਕ ਕਹਾਣੀ ਸਾਂਝੀ ਕਰ ਰਿਹਾ ਹਾਂ। ਇਕ ਵਾਰ ਸਮੁੰਦਰ ਦੇ ਕਿਨਾਰੇ ਤਿੰਨ ਨਮਕ ਦੀਆਂ ਡਲੀਆਂ ਸਨ। ਉਹ ਆਪਸ ਵਿਚ ਗੱਲਾਂ ਕਰ ਰਹੀਆਂ ਸਨ ਕਿ ਸਮੁੰਦਰ ਬਹੁਤ ਵਿਸ਼ਾਲ ਹੈ ਤੇ ਬਹੁਤ ਡੂੰਘਾ ਹੈ। ਉਨ੍ਹਾਂ ਵਿਚੋਂ ਇਕ ਡਲੀ ਨੇ ਕਿਹਾ ਕਿ ਮੈਂ ਸਮੁੰਦਰ ਵਿਚ ਜਾਂਦੀ ਹਾਂ ਤੇ ਆ ਕੇ ਦਸਦੀ ਹਾਂ ਕਿ ਸਮੁੰਦਰ ਕਿੰਨਾ ਡੂੰਘਾ ਹੈ। ਉਹ ਡਲੀ ਸਮੁੰਦਰ ਵਿਚ ਜਾਂਦੀ ਤਾਂ ਹੈ ਪਰ ਵਾਪਿਸ ਨਹੀਂ ਆਉਂਦੀ ਕਿਉਂਕਿ ਉਹ ਉਸੇ ਦਾ ਹੀ ਰੂਪ ਹੋ ਜਾਦੀ ਹੈ। ਇਸੇ ਤਰ੍ਹਾਂ ਬਾਕੀ ਦੋਨੋਂ ਡਲੀਆਂ ਵੀ ਵਾਰੋ ਵਾਰ ਸਮੁੰਦਰ ਵਿਚ ਜਾਂਦੀਆਂ ਹਨ ਤੇ ਵਾਪਿਸ ਨਹੀਂ ਆਉਂਦੀਆਂ ਕਿਉਂਕਿ ਉਹ ਵੀ ਸਮੁੰਦਰ ਵਿਚ ਹੀ ਸਮਾ ਜਾਂਦੀਆਂ ਹਨ।

ਠੀਕ ਇਸੇ ਹੀ ਤਰ੍ਹਾਂ ਪਰਮਾਤਮਾ ਦਾ ਭੇਦ ਤਾਂ ਨਹੀਂ ਪਾਇਆ ਜਾ ਸਕਦਾ ਪਰ ਸਿਫਤਿ ਸਾਲਾਹ ਕਰਕੇ, ਗੁਰਪ੍ਰਸਾਦਿ ਦਾ ਸਦਕਾ ਜੀਵ ਉਸ ਵਿਚ ਸਮਾ ਸਕਦਾ ਹੈ ਅਰਥਾਤ ਇਕ ਮਿਕ ਹੋ ਜਾਂਦਾ ਹੈ ਯਥਾ **"ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥ ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥"** ਜਿਸ ਜੀਵ ਦੀ ਸੁਰਤਿ ਵਿਚ ਪਰਮੇਸ਼ਰ ਦਾ ਨਿਵਾਸ ਹੋ ਗਿਆ, ਜਿਹੜਾ ਜੀਵ ਸਿਫਤਿ ਸਾਲਾਹ ਕਰਦਿਆਂ ਕਰਦਿਆਂ ਉਸੇ ਦਾ ਹੀ ਰੂਪ ਹੋ ਗਿਆ, ਉਸ ਦੀ ਆਪਣੀ ਕੋਈ ਹੋਂਦ ਬਚਦੀ ਹੀ ਨਹੀਂ ਕਿ ਕੁਝ ਕਹਿ ਸਕੇ।

## ਦੂਜੀ ਸਿੱਖਿਆ

**"ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥**
**ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥"**

(ਭਾਵ : ਕਿ ਹੇ ਮੇਰੇ ਵੱਡੇ ਮਾਲਕ! ਤੂੰ ਤਾਂ ਮਾਨੋ, ਇਕ ਡੂੰਘਾ ਸਮੁੰਦਰ ਹੈਂ ਅਤੇ ਬਹੁਤ ਹੀ ਵੱਡੇ ਜਿਗਰੇ ਵਾਲਾ, ਗਹਿਰ ਗੰਭੀਰ ਹੈਂ, ਤੂੰ ਬੇਅੰਤ ਗੁਣਾਂ ਵਾਲਾ ਹੈਂ। ਕੋਈ ਭੀ ਜੀਵ ਨਹੀਂ ਜਾਣਦਾ ਕਿ ਤੇਰਾ ਕਿਤਨਾ ਵੱਡਾ ਵਿਸਥਾਰ ਹੈ।)

ਉਹ ਪਰਮਾਤਮਾ ਸਭ ਤੋਂ ਵੱਡੇ ਹਨ ਅਤੇ ਗਹਿਰ ਗੰਭੀਰੇ ਹਨ। **'ਗਹਿਰ ਗੰਭੀਰੇ' ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਜੇ ਪਰਮਾਤਮਾ 'ਗਹਿਰ ਗੰਭੀਰੇ' ਹਨ ਅਰਥਾਤ ਉਨ੍ਹਾਂ ਦਾ ਜਿਗਰਾ ਸਮੁੰਦਰ ਜਿੰਨਾ ਡੂੰਘਾ ਹੈ, ਉਹ ਬਹੁਤ ਜਲਦੀ ਕੋਈ ਪ੍ਰਤੀਕਿਰਿਆ (***React***) ਨਹੀਂ ਕਰਦੇ, ਸਹਿਜ ਅਵਸਥਾ ਵਿਚ ਰਹਿੰਦੇ ਹਨ ਤੇ ਕੋਈ ਵੀ ਫ਼ੈਸਲਾ ਲੈਣ ਲੱਗਿਆਂ ਜਲਦੀ ਨਹੀਂ ਕਰਦੇ ਆਦਿ ਆਦਿ। ਇਸ ਲਈ ਉਨ੍ਹਾਂ ਦੇ ਸੇਵਕ ਹੋਣ ਦੇ ਨਾਤੇ ਅਸੀਂ ਵੀ ਆਪਣੀ ਜ਼ਿੰਦਗੀ ਵਿਚ 'ਗਹਿਰ ਗੰਭੀਰੇ' ਹੋ ਕੇ ਵਿਚਰਨਾ ਹੈ ਅਤੇ ਕੋਈ ਵੀ ਫ਼ੈਸਲਾ ਲੈਣ ਲਗਿਆਂ ਬੜੀ ਡੂੰਘਾਈ ਨਾਲ ਸੋਚ ਕੇ ਫ਼ੈਸਲਾ ਲੈਣਾ ਹੈ। ਗੁੱਸੇ ਵਿਚ ਜਾਂ ਤੈਸ਼ ਵਿਚ ਆ ਕੇ ਕਿਸੇ ਨਾਲ ਬਣੀ ਬਣਾਈ ਨੂੰ ਇਕਦਮ ਅੰਨ੍ਹੀ ਭਾਵਨਾ ਹੇਠ ਆ ਕੇ ਵਿਗਾੜਣਾ ਨਹੀਂ ਬਲਕਿ ਠੰਡੇ ਦਿਮਾਗ ਨਾਲ ਉਸ ਫ਼ੈਸਲੇ ਤੇ ਵਿਚਾਰ ਕਰਕੇ ਅਗਲਾ ਕਦਮ ਚੁੱਕਣਾ ਹੈ।

ਇਸ ਸੰਬੰਧ ਵਿਚ ਆਪ ਜੀ ਨਾਲ ਇਕ ਅੰਗਰੇਜ਼ੀ ਦੀ ਕਹਾਵਤ ਸਾਂਝੀ ਕਰ ਰਿਹਾਂ ਹਾਂ:–

**"One moment of patience**
**May ward off great disaster;**
**One moment of impatience**
**May ruin a whole life"**

(ਅਰਥਾਤ ਇਕ ਖਿਨ ਜਿੰਨੇ ਸਮੇਂ ਲਈ ਸਬਰ ਰੱਖਣ ਨਾਲ ਹੋ ਸਕਦਾ ਹੈ ਕਿ ਸਾਡੀ ਬਹੁਤ ਵੱਡੀ ਮੁਸੀਬਤ ਟਲ ਜਾਏ ਅਤੇ ਇਕ ਖਿਨ ਲਈ ਬੇਸਬਰਾ ਹੋਣ ਨਾਲ ਹੋ ਸਕਦਾ ਹੈ ਕਿ ਅਸੀਂ ਆਪਣੀ ਸਾਰੀ ਉਮਰ ਹੀ ਤਬਾਹ ਕਰ ਲਈਏ।)

ਦੁਨੀਆ ਵਿਚ ਜਿਹੜੇ ਆਪਸੀ ਰਿਸ਼ਤੇ ਟੁੱਟ ਰਹੇ ਹਨ ਜਾਂ ਇਕ ਦੂਜੇ ਨਾਲ ਹੱਥੋਪਾਈ ਹੋ ਰਹੀ ਹੈ ਤਾਂ ਉਸ ਦੇ ਪਿੱਛੇ ਇਕੋ ਗੱਲ ਹੀ ਦਿਸਦੀ ਹੈ ਕਿ ਜਦੋਂ ਬੰਦੇ ਨੂੰ ਗੁੱਸਾ ਆਇਆ ਤਾਂ ਉਸੇ ਵੇਲੇ ਤੈਸ਼ ਵਿਚ ਆ ਕੇ ਉਸ ਨੇ ਕੌੜੇ ਬੋਲ ਬੋਲ ਦਿੱਤੇ ਜਾਂ ਮਾਰ ਕੁਟਾਈ ਕਰ ਦਿੱਤੀ ਜਿਸ ਦੇ ਨਤੀਜੇ ਵਜੋਂ ਸਾਰੀ ਉਮਰ ਲਈ ਪਛਤਾਉਣਾ ਪਿਆ। ਇਸ ਲਈ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਡੂੰਘੀ ਸੋਚ ਵਿਚਾਰ ਕਰਨੀ ਹੈ।

**"ਗੁਣੀ ਗਹੀਰਾ" ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਜੇ ਪਰਮੇਸ਼ਰ ਗੁਣਾਂ ਦੇ ਖਜ਼ਾਨੇ ਹਨ ਤਾਂ ਉਨ੍ਹਾਂ ਦੇ ਸੱਚੇ ਸਿੱਖ ਹੋਣ ਦੇ ਨਾਤੇ ਮੇਰੇ ਵਿਚ ਵੀ ਚੰਗੇ ਗੁਣ ਹੋਣੇ ਚਾਹੀਦੇ ਹਨ। ਇਸ ਸੰਬੰਧ ਵਿਚ ਗੁਰਬਾਣੀ ਵਿਚ ਵੀ ਜ਼ਿਕਰ ਹੈ ਕਿ ਜਦੋਂ ਗੁਰਮੁਖ ਇਸਤਰੀ ਪਤੀ ਨੂੰ ਵੱਸ ਕਰਨ ਵਾਸਤੇ ਆਤਮਕ ਗੁਣਾਂ ਨੂੰ ਧਾਰਨ ਕਰਦੀ ਹੈ ਤਦੋਂ ਉਹ ਪ੍ਰਭੂ ਪਿਆਰੇ ਪਤੀ ਦਾ ਮਿਲਾਪ ਹਾਸਲ ਕਰ ਲੈਂਦੀ ਹੈ। ਯਥਾ :-

**"ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥" (ਅੰਗ:੭੨੫)**

ਇਸ ਲਈ ਅਸੀਂ ਆਪਣੇ ਅੰਦਰ ਦੈਵੀ ਗੁਣ ਜਿਵੇਂ ਕਿ ਦਇਆ, ਸੰਤੋਖ, ਧੀਰਜ, ਧਰਮ, ਮਿੱਠਾ ਬੋਲਣਾ, ਨਿਮਰਤਾ ਵਿਚ ਰਹਿਣਾ ਆਦਿਕ ਗੁਣ ਧਾਰਨ ਕਰਨੇ ਹਨ ਤਾਂ ਹੀ ਉਸ ਪਿਆਰੇ ਪਰਮਾਤਮਾ ਨੂੰ ਭਾਵਾਂਗੇ।

ਜਦੋਂ ਗੁਣਾਂ ਦੀ ਗੱਲ ਜਾਂ ਪਰਮੇਸ਼ਰ ਨੂੰ ਭਾਉਣ ਦੀ ਗੱਲ ਹੋਵੇ ਤਾਂ ਇਸ ਸੰਬੰਧ ਵਿਚ ਬਾਬਾ ਫਰੀਦ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਫੁਰਮਾਨ ਇਉਂ ਹੈ:-

**"ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥**
**ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥**
**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥" (ਅੰਗ:੧੩੮੪)**

ਉਪਰ ਦਿੱਤੇ ਸਲੋਕ ਦੀਆਂ ਪਹਿਲੀਆਂ ਦੋ ਪੰਕਤੀਆਂ ਪ੍ਰਸ਼ਨ ਰੂਪ ਵਿਚ ਹਨ ਕਿ ਹੇ ਭੈਣ! ਮੈਨੂੰ ਦੱਸ ਕਿ ਉਹ ਕਿਹੜਾ ਅੱਖਰ ਹੈ? ਉਹ ਕਿਹੜਾ ਗੁਣ ਹੈ? ਉਹ ਕਿਹੜਾ

ਸ਼੍ਰੋਮਣੀ ਮੰਤਰ ਹੈ? ਉਹ ਕਿਹੜਾ ਵੇਸ ਮੈਂ ਧਾਰਨ ਕਰਾਂ ਜਿਸ ਨਾਲ ਮੇਰਾ ਪਤੀ ਪਰਮੇਸ਼ਰ (ਖਸਮ) ਮੇਰੇ ਵੱਸ ਵਿਚ ਆ ਜਾਏ।

ਅਖੀਰਲੀਆਂ ਦੋ ਪੰਕਤੀਆਂ ਵਿਚ ਉੱਤਰ ਹੈ ਕਿ ਹੇ ਭੈਣ! '**ਨਿਵਣੁ ਸੁ ਅਖਰੁ**' ਤੋਂ ਭਾਵ ਹੈ ਕਿ ਤੂੰ ਨਿਮਰਤਾ ਨੂੰ ਅਪਨਾਉਣਾ ਹੈ, '**ਖਵਣੁ ਗੁਣੁ**' ਤੋਂ ਭਾਵ ਹੈ ਕਿ ਤੂੰ ਵਧੀਕੀ ਕਰਨ ਵਾਲੇ ਨੂੰ ਖਿਮਾ ਕਰਕੇ ਸਹਾਰਨ ਵਾਲੇ ਗੁਣ ਨੂੰ ਧਾਰਨ ਕਰਨਾ ਹੈ ਅਤੇ '**ਜਿਹਬਾ ਮਣੀਆ ਮੰਤੁ**' ਤੋਂ ਭਾਵ ਹੈ ਕਿ ਤੂੰ ਮਿੱਠੇ ਬੋਲ ਬੋਲਣ ਨੂੰ ਸ਼੍ਰੋਮਣੀ ਮੰਤਰ ਬਣਾਉਣਾ ਹੈ। ਜੇ ਤੂੰ ਇਹ ਤਿੰਨ ਗੁਣਾਂ ਨੂੰ ਆਪਣਾ ਵੇਸ ਅਰਥਾਤ ਆਪਣੀ ਸ਼ਖਸੀਅਤ ਦਾ ਅਨਿੱਖੜਵਾਂ ਅੰਗ ਬਣਾ ਲਵੇ ਤਾਂ ਤੇਰਾ ਪਤੀ ਪਰਮੇਸ਼ਰ (ਖਸਮ) ਤੇਰੇ ਵੱਸ ਵਿਚ ਆ ਜਾਵੇਗਾ। **ਇਸ ਲਈ ਅਸੀਂ ਵੀ ਇਹ ਤਿੰਨ ਗੁਣ ਧਾਰਨ ਕਰਨੇ ਹਨ:**

**੧. 'ਨਿਵਣੁ ਸੁ ਅਖਰੁ' ਅਰਥਾਤ ਨਿਮਰਤਾ ਵਿਚ ਰਹਿਣਾ**

ਇਸ ਸੰਬੰਧ ਵਿਚ ਆਪ ਜੀ ਨਾਲ ਸ੍ਰੀ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਸਾਖੀ ਸਾਂਝੀ ਕਰ ਰਿਹਾਂ ਹਾਂ। ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੱਗਦੀ ਦੀ ਦਾਤ ਬਾਬਾ ਅਮਰਦਾਸ ਜੀ ਨੂੰ ਬਖਸ਼ਸ਼ ਕੀਤੀ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦੋਨਾਂ ਬੇਟਿਆਂ ਨੇ ਇਸ ਗੱਲ ਦਾ ਬਹੁਤ ਵਿਰੋਧ ਕੀਤਾ। ਉਹ ਇਸ ਗੱਲ ਤੋਂ ਉੱਕਾ ਖੁਸ਼ ਨਹੀਂ ਸਨ ਕਿਉਂਕਿ ਉਹ ਗੁਰਗੱਦੀ ਤੇ ਆਪਣਾ ਹੱਕ ਸਮਝਦੇ ਸਨ।

ਇਕ ਦਿਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵੱਡੇ ਬੇਟੇ ਦਾਤੂ ਜੀ ਸ਼ਾਮ ਨੂੰ ਆਪਣੇ ਸਾਥੀਆਂ ਸਮੇਤ ਗੋਇੰਦਵਾਲ ਸਾਹਿਬ ਵਿਖੇ ਆਏ। ਉਸ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਦਾ ਦੀਵਾਨ ਸਜਿਆ ਹੋਇਆ ਸੀ। ਦੀਵਾਨ ਦੀ ਰੌਣਕ ਅਤੇ ਸ਼ੋਭਾ ਦੇਖ ਕੇ ਦਾਤੂ ਜੀ ਦੀ ਈਰਖਾ ਹੋਰ ਜ਼ਿਆਦਾ ਭੜਕ ਗਈ। ਉਨ੍ਹਾਂ ਨੇ ਗੁੱਸੇ ਵਿਚ ਆ ਕੇ ਭਰੇ ਦੀਵਾਨ ਵਿਚ ਬੈਠੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਨੂੰ ਲੱਤ ਮਾਰੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਬਹੁਤ ਹੀ ਠਰੰਮੇ (ਸਹਿਜ) ਅਤੇ ਸਹਿਣਸ਼ੀਲਤਾ ਦਾ ਸਬੂਤ ਦਿਤਾ। ਆਪ ਜੀ ਨੇ ਦਾਤੂ ਜੀ ਨੂੰ ਗੁਰੂ ਸਪੁੱਤਰ ਜਾਣ, ਦਾਤੂ ਜੀ ਦਾ ਆਦਰ ਕਰਦਿਆਂ, ਉਨ੍ਹਾਂ ਦੇ ਪੈਰ ਘੁੱਟਣੇ ਸ਼ੁਰੂ ਕਰ ਦਿਤੇ ਅਤੇ ਕਿਹਾ ਕਿ ਮੇਰਾ ਸਰੀਰ ਬਿਰਧ ਤੇ ਸਖਤ ਹੈ ਪਰ ਆਪ ਜੀ ਦੇ ਚਰਨ ਕੋਮਲ ਹਨ, ਇਨ੍ਹਾਂ ਨੂੰ ਸੱਟ ਲੱਗੀ ਹੋਵੇਗੀ। ਇਹ ਸੁਣ ਕੇ ਦਾਤੂ ਜੀ ਨੇ ਕਿਹਾ ਕਿ ਇਨ੍ਹਾਂ ਗੁਣਾਂ ਨੇ ਹੀ ਤੁਹਾਨੂੰ ਗੁਰਗਦੀ ਦਾ ਵਾਰਿਸ ਬਣਾਇਆ ਹੈ ਤੇ ਅਸੀਂ ਐਸੇ ਗੁਣਾਂ ਦੇ ਧਾਰਨੀ ਨਹੀਂ ਹੋ ਸਕੇ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਨਿਮਰਤਾ ਨੂੰ ਆਪਣੀ ਸ਼ਖਸੀਅਤ ਦਾ ਅਨਿੱਖੜਵਾਂ ਅੰਗ ਬਣਾਉਣਾ ਹੈ।**

**੨. 'ਖਵਣੁ ਗੁਣੁ' ਅਰਥਾਤ ਸਹਾਰਣ ਦਾ ਗੁਣ**

ਇਸ ਸੰਬੰਧ ਵਿਚ ਆਪ ਜੀ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਸਾਖੀ ਸਾਂਝੀ ਕਰ ਰਿਹਾਂ ਹਾਂ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਦੀ ਬਖਸ਼ਸ਼ ਹੋਈ ਤਾਂ ਧੀਰਮਲ ਜੀ ਇਹ ਗੱਲ ਬਰਦਾਸ਼ਤ ਨਾ ਕਰ ਸਕੇ ਕਿਉਂਕਿ ਉਹ ਆਪਣੇ ਆਪ ਨੂੰ ਗੁਰਗੱਦੀ ਦੇ ਅਹੁਦੇਦਾਰ ਸਮਝਦੇ ਸਨ। ਇਸ ਲਈ ਉਨ੍ਹਾਂ ਨੇ ਇਕ ਸ਼ੀਹੇਂ ਨਾਮ ਦੇ ਮਸੰਦ ਨੂੰ ਲਾਲਚ ਦੇ ਕੇ ਉਸ ਕੋਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਉੱਤੇ ਗੋਲੀ ਚਲਵਾਈ। ਪਰ ਗੁਰੂ ਜੀ ਵਾਲ-ਵਾਲ ਬਚ ਗਏ। ਧੀਰਮਲ ਨੇ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਗੁਰੂ ਘਰ ਵਿਚ ਜੋ ਸਮਾਨ ਲੱਭਾ, ਉਹ ਲੁੱਟ ਲਿਆ ਤੇ ਕਰਤਾਰਪੁਰ ਆ ਗਿਆ।

ਜਦੋਂ ਮੱਖਣ ਸ਼ਾਹ ਨੂੰ ਅਸਲੀਅਤ ਪਤਾ ਲੱਗੀ ਤਾਂ ਉਸ ਨੇ ਸਿੱਖਾਂ ਨੂੰ ਨਾਲ ਲੈ ਕੇ ਧੀਰਮਲ ਦਾ ਪਿੱਛਾ ਕੀਤਾ ਅਤੇ ਲੁੱਟਿਆ ਹੋਇਆ ਸਾਰਾ ਸਮਾਨ ਵਾਪਿਸ ਬਾਬਾ ਬਕਾਲੇ ਲੈ ਆਏ। ਪਰ ਗੁਰੂ ਜੀ ਨਿਮਰਤਾ ਦੇ ਪੁੰਜ ਸਨ। ਉਨ੍ਹਾਂ ਨੇ ਧੀਰਮਲ ਤੇ ਉਸ ਦੇ ਸਾਥੀਆਂ ਵਲੋਂ ਕੀਤੀ ਹੋਈ ਵਧੀਕੀ ਨੂੰ ਨਜ਼ਰਅੰਦਾਜ ਕਰਕੇ ਸਾਰਾ ਸਮਾਨ ਵਾਪਿਸ ਕਰ ਦਿਤਾ ਅਤੇ ਧੀਰਮਲ ਦੇ ਬੰਦਿਆਂ ਨੂੰ ਰਿਹਾਅ ਕਰ ਦਿਤਾ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਵੀ ਜੀਵਨ ਵਿਚ ਸਹਾਰਣ ਦੇ ਗੁਣ ਨੂੰ ਅਪਨਾਉਣਾ ਹੈ। ਇਸ ਸੰਬੰਧ ਵਿਚ ਸਤਿਕਾਰਯੋਗ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੇ ਬਚਨ ਹਨ: **"ਕਿਸੇ ਦੇ ਬੋਲ ਕੁਬੋਲ ਸਹਾਰਨਾ ਤਪਾਂ ਸਿਰ ਤਪ ਹੈ।"**

**੩. 'ਜਿਹਬਾ ਮਣੀਆ ਮੰਤ' ਅਰਥਾਤ ਮਿੱਠੇ ਬੋਲ ਬੋਲਣਾ**

ਮਿੱਠੇ ਬੋਲ ਬੋਲਣ ਦੀ ਮਹੱਤਤਾ ਦੱਸਣ ਤੋਂ ਪਹਿਲੇ ਆਪ ਜੀ ਨਾਲ ਇਕ ਸਾਖੀ ਸਾਂਝੀ ਕਰ ਰਿਹਾ ਹਾਂ ਜਿਸ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਕੌੜੇ ਬੋਲ ਬੋਲਣ ਦਾ ਕਿੰਨਾ ਬੁਰਾ ਨਤੀਜਾ ਹੁੰਦਾ ਹੈ।

ਇਹ ਸਾਖੀ ਖ਼ਾਲਸਾ ਤਵਾਰੀਖ ਵਿਚ ਇਸ ਪ੍ਰਕਾਰ ਹੈ:-

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਇਕ ਕਲੰਦਰ ਨੇ ਆ ਕੇ ਬੇਨਤੀ ਕੀਤੀ ਕਿ ਮੈਂ ਆਪ ਜੀ ਨੂੰ ਰਿੱਛ ਦਾ ਤਮਾਸ਼ਾ ਦਿਖਾਉਣਾ ਚਾਹੁੰਦਾ ਹਾਂ। ਜਦੋਂ ਗੁਰੂ ਗੋਬਿੰਦ ਸਿੰਘ ਜੀ ਬੈਠੇ ਤਮਾਸ਼ਾ ਦੇਖ ਰਹੇ ਸਨ ਅਤੇ ਮੁਸਕੁਰਾ ਰਹੇ ਸਨ ਤਾਂ ਕੋਲ ਬੈਠੇ ਹੋਰ ਸਿੱਖ ਵੀ ਇਹ ਤਮਾਸ਼ਾ ਦੇਖ ਕੇ ਹੱਸ ਰਹੇ ਸਨ। ਭਾਈ ਕੀਰਤੀਆ ਗੁਰੂ ਜੀ ਉੱਪਰ ਚੌਰ ਕਰ ਰਹੇ ਸਨ ਅਤੇ ਉੱਚੀ ਉੱਚੀ ਹੱਸੀ ਜਾ ਰਹੇ ਸਨ ਤੇ ਸਤਿਕਾਰ ਦੀ ਮਰਯਾਦਾ ਭੰਗ ਹੋ ਰਹੀ ਸੀ।

ਗੁਰੂ ਜੀ ਨੇ ਭਾਈ ਕੀਰਤੀਏ ਨੂੰ ਉੱਚੀ ਉੱਚੀ ਹੱਸਦਿਆਂ ਦੇਖ ਕੇ ਪੁੱਛਿਆ, "ਕੀ ਤੈਨੂੰ ਪਤਾ ਹੈ ਕਿ ਜਿਸ ਰਿੱਛ ਉੱਤੇ ਤੂੰ ਹੱਸ ਰਿਹਾ ਹੈਂ, ਉਹ ਕੌਣ ਹੈ?" ਤਾਂ ਭਾਈ ਕੀਰਤੀਆ ਨੇ ਕਿਹਾ, "ਗੁਰੂ ਸਾਹਿਬ ਜੀ! ਇਹ ਰਿੱਛ ਹੀ ਤਾਂ ਹੈ।" ਗੁਰੂ ਜੀ ਕਹਿਣ ਲੱਗੇ, "ਹੈ ਤਾਂ ਇਹ ਰਿੱਛ ਹੀ ਪਰ ਦਰਅਸਲ ਇਹ ਤੇਰਾ ਪਿਤਾ ਸੋਭਾ ਰਾਮ ਹੈ ਜੋ ਰਿੱਛ ਦੀ ਜੂਨ ਵਿਚ ਆ ਪਿਆ ਹੈ।" ਭਾਈ ਕੀਰਤੀਆ ਕਹਿੰਦੇ, "ਗੁਰੂ ਜੀ! ਮੇਰੇ ਪਿਤਾ ਤਾਂ ਗੁਰੂ ਘਰ ਵਿਚ ਸੇਵਾ ਕਰਦੇ ਸਨ ਫਿਰ ਉਹ ਰਿੱਛ ਦੀ ਜੂਨ ਵਿਚ ਕਿਉਂ ਪਏ।" ਤਾਂ ਗੁਰੂ ਜੀ ਨੇ ਉਸ ਨੂੰ ਸਾਰੀ ਵਾਰਤਾ ਹੇਠ ਲਿਖੇ ਅਨੁਸਾਰ ਦੱਸੀ।

ਤੇਰਾ ਪਿਤਾ ਸੋਭਾ ਰਾਮ ਜੋ ਕਿ ਨੌਵੇਂ ਪਾਤਸ਼ਾਹ ਦੀ ਹਜ਼ੂਰੀ ਵਿਚ ਰਹਿੰਦਾ ਸੀ, ਇਕ ਦਿਨ ਕੜਾਹ ਪ੍ਰਸ਼ਾਦ ਵਰਤਾ ਰਿਹਾ ਸੀ। ਉਸ ਵੇਲੇ ਇਕ ਸਿਦਕੀ ਸਿੱਖ, ਭਾਈ ਧੰਨਾ ਅਨਾਜ ਦਾ ਗੱਡਾ ਭਰਕੇ ਭੇਟਾ ਵਜੋਂ ਲੈ ਕੇ ਆਇਆ। ਉਹ ਹਮੇਸ਼ਾ ਆਪਣੀ ਕਮਾਈ ਵਿਚੋਂ ਦਸਵਾਂ ਹਿੱਸਾ ਗੁਰੂ ਕੇ ਲੰਗਰ ਵਿਚ ਪਾਉਂਦਾ ਸੀ। ਉਹ ਸੱਚਾ-ਸੁੱਚਾ ਤੇ ਧਰਮ ਦੀ ਕਮਾਈ ਕਰਨ ਵਾਲਾ ਸ਼ਰਧਾਵਾਨ ਸਿੱਖ ਸੀ।

ਜਦ ਉਹ ਅਨਾਜ ਦਾ ਗੱਡਾ ਭਰ ਕੇ ਲੈ ਆਇਆ ਤਾਂ ਸੋਭਾ ਰਾਮ ਕੜਾਹ ਪ੍ਰਸ਼ਾਦ ਵਰਤਾ ਰਿਹਾ ਸੀ। ਉਸ ਨੇ ਨਿਮਰਤਾ ਨਾਲ ਭਾਈ ਸੋਭਾ ਰਾਮ ਨੂੰ ਬੇਨਤੀ ਕੀਤੀ ਕਿ ਮੇਰਾ ਗੱਡਾ ਤੁਰੀ ਜਾਂਦਾ ਪਿਆ ਹੈ, ਮੈਂ ਛੇਤੀ ਜਾਣਾ ਹੈ, ਮੈਨੂੰ ਕੜਾਹ ਪ੍ਰਸ਼ਾਦ ਦੇ ਦਿਓ ਤਾਂ ਸੋਭਾ ਰਾਮ ਨੇ ਉਸ ਨੂੰ ਗੁੱਸੇ ਵਿਚ ਆਖਿਆ "ਪਰੇ ਖੜ੍ਹਾ ਰਹੁ, ਰਿੱਛ ਵਾਂਗੂ ਕਿਉਂ ਟੱਪਦਾ ਪਿਆ ਹੈਂ"। ਉਸ ਨੇ ਫਿਰ ਦੁਆਰਾ ਬੇਨਤੀ ਕੀਤੀ ਪਰ ਸੋਭਾ ਰਾਮ ਤੇ ਕੋਈ ਅਸਰ ਨਾ ਹੋਇਆ ਤੇ ਸੋਭਾ ਰਾਮ ਨੇ ਕੜਕ ਕੇ ਉਸਨੂੰ ਫੇਰ ਦੁਬਾਰਾ ਰਿੱਛ ਕਿਹਾ। ਇਹ ਸੁਣ ਕੇ ਉਸ ਦਾ ਮਨ ਬਹੁਤ ਹੀ ਖਰਾਬ ਹੋਇਆ ਤੇ ਉਸ ਨੇ ਜ਼ਮੀਨ ਉਤੋਂ ਪ੍ਰਸ਼ਾਦ ਦਾ ਕਿਣਕਾ ਚੁੱਕ ਕੇ ਸ਼ਰਧਾ ਨਾਲ ਮੂੰਹ ਵਿਚ ਪਾਇਆ ਅਤੇ ਜਾਣ ਲੱਗਿਆਂ ਉਸ ਨੇ ਭਾਈ ਸੋਭਾ ਰਾਮ ਨੂੰ ਕਿਹਾ "ਜਿਵੇਂ ਤੂੰ ਨੱਕ ਚੜ੍ਹਾ ਕੇ, ਹੱਥ ਨਚਾ ਕੇ, ਮੈਨੂੰ ਰਿੱਛ ਕਿਹਾ ਹੈ, ਜਾਹ ਤੂੰ ਰਿੱਛ ਜੂਨੀ ਵਿਚ ਪੈ ਕੇ, ਘਰ ਘਰ ਨੱਚਦਾ ਫਿਰੇਂ।"

ਉਹ ਸਿੱਖ (ਭਾਈ ਧੰਨਾ) ਬਹੁਤ ਹੀ ਸੱਚਾ ਸੁੱਚਾ ਸਿੱਖ ਸੀ ਤੇ ਹਰ ਵੇਲੇ ਨਾਮ ਜਪਦਾ

ਸੀ ਜਿਸ ਦਾ ਸਦਕਾ ਉਸ ਦੀ ਜ਼ੁਬਾਨ ਤੇ ਪਰਮੇਸ਼ਰ ਦਾ ਨਿਵਾਸ ਹੋ ਚੁੱਕਾ ਸੀ। ਇਸ ਲਈ ਉਸ ਦੇ ਬਚਨ ਅਜਾਈਂ ਨਹੀਂ ਗਏ ਅਤੇ ਭਾਈ ਸੋਭਾ ਰਾਮ ਨੂੰ ਰਿੱਛ ਦੀ ਜੂਨ ਵਿਚ ਆਉਣਾ ਪਿਆ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਕਦੇ ਵੀ ਕਿਸੇ ਨਾਲ ਕੌੜੇ ਤੇ ਮੰਦੇ ਬੋਲ ਨਹੀਂ ਬੋਲਣੇ ਕਿਉਂਕਿ ਮਾੜੇ ਬੋਲ ਬੋਲਣ ਨਾਲ ਦੂਸਰੇ ਦਾ ਹਿਰਦਾ ਵਿੰਨ੍ਹਿਆ ਜਾਂਦਾ ਹੈ ਜਦ ਕਿ ਮਿੱਠੇ ਬੋਲ ਬੋਲਣ ਨਾਲ ਆਪਣਾ ਜੀਵਨ ਵੀ ਸੰਵਰ ਜਾਂਦਾ ਹੈ ਅਤੇ ਦੂਜੇ ਬੰਦੇ ਨੂੰ ਵੀ ਸੁੱਖ ਮਿਲਦਾ ਹੈ।**

ਮਿੱਠੇ ਬੋਲ ਬੋਲਣ ਦੀ ਮਹੱਤਤਾ ਦੇ ਪ੍ਰਤੀ ਆਪ ਜੀ ਨਾਲ ਇਕ ਘਟਨਾ ਸਾਂਝੀ ਕਰ ਰਿਹਾ ਹਾਂ। ਇਹ ਘਟਨਾ ਥਾਮਸ ਐਲਵਾ ਐਡੀਸਨ ਦੀ ਹੈ ਜਿਸ ਨੇ ਬਹੁਤ ਸਾਰੀਆਂ ਖੋਜਾਂ ਕੀਤੀਆਂ। ਇਨ੍ਹਾਂ ਵਿਚੋਂ ਬਿਜਲੀ ਦੇ ਬਲਬ ਦੀ ਖੋਜ ਵੀ ਸ਼ਾਮਿਲ ਹੈ।

ਥਾਮਸ ਐਡੀਸਨ ਜਦੋਂ ਸਕੂਲ ਪੜ੍ਹਦਾ ਸੀ ਤਾਂ ਉਸ ਦੇ ਅਧਿਆਪਕ ਨੇ ਉਸ ਬਾਰੇ ਇਕ ਨੋਟ ਉਸ ਦੀ ਕਾਪੀ ਤੇ ਲਿਖ ਕੇ ਭੇਜਿਆ ਕਿ ਇਹ ਬੱਚਾ ਘੱਟ ਬੁੱਧੀ ਵਾਲਾ ਹੈ ਅਤੇ ਪੜ੍ਹਾਈ ਨਹੀਂ ਕਰ ਸਕਦਾ। ਇਸ ਲਈ ਇਸ ਨੂੰ ਸਕੂਲ ਨਾ ਭੇਜਿਆ ਜਾਵੇ। ਜਦੋਂ ਉਸ ਦੀ ਮਾਂ ਨੇ ਉਸ ਨੋਟ ਨੂੰ ਪੜ੍ਹਿਆ ਤਾਂ ਉਹ ਬਹੁਤ ਪ੍ਰੇਸ਼ਾਨ ਹੋਈ। ਪਰ ਉਸ ਨੇ ਉਸ ਨੋਟ ਨੂੰ ਛੁਪਾ ਕੇ ਰੱਖ ਦਿਤਾ ਤੇ ਆਪਣੇ ਬੇਟੇ ਨੂੰ ਕੌੜੇ ਬੋਲ ਬੋਲਣ ਦੀ ਥਾਂ ਮਿੱਠੇ ਬੋਲ ਬੋਲ ਕੇ ਇਉਂ ਸਮਝਾਇਆ ਕਿ ਤੇਰੇ ਅਧਿਆਪਕ ਨੇ ਕਿਹਾ ਹੈ ਕਿ ਤੂੰ ਬਹੁਤ ਹੀ ਹੁਸ਼ਿਆਰ ਹੈਂ। ਇਸ ਲਈ ਤੈਨੂੰ ਸਕੂਲ ਵਿਚ ਪੜ੍ਹਨ ਦੀ ਜ਼ਰੂਰਤ ਨਹੀਂ, ਹੁਣ ਤੂੰ ਘਰ ਵਿਚ ਹੀ ਪੜ੍ਹਿਆ ਕਰੇਂਗਾ।

ਜਦੋਂ ਐਡੀਸਨ ਇਕ ਬਹੁਤ ਉੱਘਾ ਵਿਗਿਆਨੀ ਬਣ ਗਿਆ, ਉਸ ਨੂੰ ਇਕ ਦਿਨ ਆਪਣੇ ਘਰ ਵਿਚ ਕੁਝ ਪੁਰਾਣੇ ਕਾਗਜ਼ ਵੇਖਦਿਆਂ ਹੋਇਆਂ ਆਪਣੇ ਸਕੂਲ ਦਾ ਲਿਖਿਆ ਹੋਇਆ ਉਹ ਨੋਟ ਮਿਲਿਆ ਜਿਸ ਵਿਚ ਲਿਖਿਆ ਸੀ ਕਿ ਇਹ ਬੱਚਾ ਪੜ੍ਹਾਈ ਨਹੀਂ ਕਰ ਸਕਦਾ ਕਿਉਂ ਕਿ ਇਸ ਦਾ ਦਿਮਾਗ ਬਹੁਤ ਘੱਟ ਹੈ। ਉਹ ਇਹ ਪੜ੍ਹ ਕੇ ਹੈਰਾਨ ਹੋਇਆ ਅਤੇ ਸੋਚਣ ਲੱਗਾ ਕਿ ਜੇ ਉਸ ਵਕਤ ਮੇਰੀ ਮਾਂ ਨੇ ਮੈਨੂੰ ਮਿੱਠੇ ਬੋਲ ਬੋਲ ਕੇ ਨਾ ਸਮਝਾਇਆ ਹੁੰਦਾ ਤਾਂ ਅੱਜ ਜਿਸ ਮੁਕਾਮ ਤੇ ਮੈਂ ਪੁਹੰਚਿਆਂ ਹਾਂ ਉਥੇ ਸ਼ਾਇਦ ਕਦੇ ਵੀ ਨਾ ਪਹੁੰਚ ਸਕਦਾ।

ਉਪਰੋਕਤ ਘਟਨਾ ਤੋਂ ਅਸੀਂ ਸਿੱਖਿਆ ਲੈਣੀ ਹੈ ਕਿ ਅਸੀਂ ਹਮੇਸ਼ਾ ਹੀ ਹਰ ਤਰ੍ਹਾਂ ਦੇ ਹਾਲਾਤਾਂ ਵਿਚ ਵੀ ਸਭ ਨਾਲ ਮਿੱਠੇ ਬੋਲ ਬੋਲਣੇ ਹਨ। ਇਸ ਸੰਬਧ ਵਿਚ ਗੁਰਬਾਣੀ ਫੁਰਮਾਨ ਵੀ ਹੈ:-

**"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥" (ਅੰਗ:੪੭੦)**

## ਤੀਜੀ ਸਿੱਖਿਆ

**"ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥"**

(ਭਾਵ: ਪਰਮਾਤਮਾ ਦਾ ਭੇਦ ਪਾਉਣ ਦੀ ਗੱਲ ਤਾਂ ਕਿਤੇ ਰਹੀ ਉਸ ਦੇ ਪਸਾਰੇ (ਚੀਰਾ) ਦਾ ਵੀ ਕੋਈ ਅੰਤ ਨਹੀਂ ਪਾ ਸਕਦਾ।)

ਇਸ ਸੰਬੰਧ ਵਿਚ ਗੁਰਬਾਣੀ ਫੁਰਮਾਨ ਜਿਹੜਾ ਆਪਾਂ ਜਪੁ ਜੀ ਸਾਹਿਬ ਵਿਚ ਰੋਜ਼ ਪੜ੍ਹਦੇ ਹਾਂ, ਉਹ ਇਉਂ ਹੈ:- **"ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥" (ਅੰਗ:੩)**

ਇਸ ਸੰਬੰਧੀ ਇਕ ਹੋਰ ਗੁਰਬਾਣੀ ਫੁਰਮਾਨ ਹੈ:- **"ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰ॥" (ਅੰਗ:੧੨)**

(ਭਾਵ: ਹੇ ਪਰਮਾਤਮਾ! ਜੇ ਤੇਰੀਆਂ ਦਾਤਾਂ ਦਾ ਮੁੱਲ ਨਹੀਂ ਪਾਇਆ ਜਾ ਸਕਦਾ ਤਾਂ ਤੇਰਾ ਅੰਦਾਜ਼ਾ ਕਿਸ ਤਰ੍ਹਾ ਲਾਇਆ ਜਾ ਸਕਦਾ ਹੈ।)

**ਇਨ੍ਹਾਂ ਉਪਰ ਦਿੱਤੀਆਂ ਪੰਕਤੀਆਂ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਕਦੇ** ਵੀ ਪਰਮਾਤਮਾ ਜਾਂ ਉਸ ਦੀ ਰਚਨਾ ਦਾ ਅੰਤ ਪਾਉਣ ਦਾ ਯਤਨ ਨਹੀਂ ਕਰਨਾ। ਉਹ ਆਪ ਵੀ ਬੇਅੰਤ ਹੈ ਤੇ ਉਸ ਦੀ ਰਚਨਾ ਵੀ ਬੇਅੰਤ ਹੈ।

## ਚੌਥੀ ਸਿੱਖਿਆ

**"ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆ ॥**
**ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥"**

(ਭਾਵ: ਸਾਰੇ ਹੀ ਚੰਗੇ ਗੁਣ, ਸਾਰੇ ਤਪ, ਸਾਰੀਆਂ ਚੰਗਿਆਈਆਂ, ਸਿੱਧਾਂ ਪੁਰਸ਼ਾਂ ਨੂੰ ਮਿਲਨ ਵਾਲੀਆਂ ਵਡਿਆਈਆਂ ਅਤੇ ਹੋਰ ਜੀਵਾਂ ਨੂੰ ਜੋ ਜੋ ਵੀ ਕਾਮਯਾਬੀਆਂ ਮਿਲਦੀਆਂ ਹਨ, ਉਹ ਪਰਮਾਤਮਾ ਦੀ ਬਖਸ਼ਸ਼ ਸਦਕਾ ਹੀ ਮਿਲਦੀਆਂ ਹਨ । ਇਕ ਵਾਰ ਜਿਸ ਜੀਵ ਉੱਤੇ ਪਰਮਾਤਮਾ ਦੀ ਨਦਰਿ ਹੋ ਜਾਵੇ ਤਾਂ ਕੋਈ ਹੋਰ ਇਨ੍ਹਾਂ ਪ੍ਰਾਪਤੀਆਂ ਦੇ ਰਾਹ ਵਿਚ ਰੁਕਾਵਟ ਨਹੀਂ ਪਾ ਸਕਦਾ।)

ਜਿਵੇਂ ਉਦਾਹਰਣ ਦੇ ਤੌਰ ਤੇ ਕਿਸੇ ਵੀ ਕਲਾਸ ਵਿਚ ਪੜ੍ਹਾਈ ਕਰਨ ਵਾਲੇ ਸਾਰੇ ਬੱਚੇ ਬਹੁਤ ਹੀ ਮਿਹਨਤ ਕਰਦੇ ਹਨ ਪਰ ਸਾਰੇ ਦੇ ਸਾਰੇ ਬੱਚੇ ਪਹਿਲੀ ਪੁਜੀਸ਼ਨ ਤੇ ਨਹੀਂ ਪਹੁੰਚਦੇ। ਕੇਵਲ ਇਕ ਬੱਚਾ ਹੀ ਪਹਿਲੀ ਪੁਜੀਸ਼ਨ ਤੇ ਪਹੁੰਚਦਾ ਹੈ। ਪਰ ਉਨ੍ਹਾਂ ਬੱਚਿਆਂ ਦੀ ਮਿਹਨਤ ਜਿਨ੍ਹਾਂ ਨੂੰ ਦੂਜੀ, ਤੀਜੀ ਪੁਜੀਸ਼ਨ ਹਾਸਿਲ ਹੋਈ ਹੈ, ਪਹਿਲੀ ਪੁਜੀਸ਼ਨ ਤੇ ਆਉਣ ਵਾਲੇ ਬੱਚੇ ਦੀ ਮਿਹਨਤ ਨਾਲੋਂ ਕੋਈ ਘੱਟ ਨਹੀਂ ਹੁੰਦੀ ਪਰ ਸਫਲ ਉਹ ਹੀ ਹੁੰਦਾ ਹੈ ਜਿਸ ਦੀ ਕਰਨੀ

ਪਰਮਾਤਮਾ ਨੂੰ ਭਾਅ ਜਾਏ। ਪਹਿਲੀ ਪੁਜੀਸ਼ਨ ਲੈਣ ਵਾਲੇ ਬੱਚੇ ਦੀ ਮਿਹਨਤ ਉੱਤੇ ਜਦੋਂ ਪਰਮਾਤਮਾ ਦੀ ਨਦਰਿ ਵਰਤਦੀ ਹੈ ਤਾਂ ਹੀ ਉਹ ਪਹਿਲੀ ਪੁਜੀਸ਼ਨ ਲੈਂਦਾ ਹੈ ਤੇ ਫਿਰ ਉਸ ਨੂੰ ਪਹਿਲੀ ਪੁਜੀਸ਼ਨ ਲੈਣ ਵਿਚ ਕੋਈ ਵੀ ਰੁਕਾਵਟ ਨਹੀਂ ਪਾ ਸਕਦਾ।

**ਇਸ ਤੋਂ ਅਸੀਂ ਇਹ ਸਿਖਿਆ ਲੈਣੀ ਹੈ ਕਿ** ਅਗਰ ਦੁਨੀਆਂ ਵਿਚ ਮੈਨੂੰ ਕਿਸੇ ਵੀ ਚੀਜ਼ ਦੀ ਪ੍ਰਾਪਤੀ ਹੋਈ ਹੈ ਤਾਂ ਮੈਂ ਹੰਕਾਰ ਨਹੀਂ ਕਰਨਾ ਬਲਕਿ ਇਹ ਕਹਿਣਾ ਹੈ ਕਿ ਮੇਰੀ ਮਿਹਨਤ ਉੱਤੇ ਉਸ ਪਰਮੇਸ਼ਰ ਦੀ ਨਦਰਿ ਵਰਤੀ ਹੈ ਤਾਂ ਹੀ ਮੈਨੂੰ ਉਸ ਚੀਜ਼ ਦੀ ਪ੍ਰਾਪਤੀ ਹੋਈ ਹੈ। ਯਥਾ: "**ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥ ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥**"

ਜਿਹੜੇ ਲੋਕ ਇਹ ਕਹਿੰਦੇ ਹਨ ਕਿ ਮੈਨੂੰ ਹਰ ਚੀਜ਼ ਸਿਰਫ ਮੇਰੀ ਮਿਹਨਤ ਸਦਕਾ ਹੀ ਪ੍ਰਾਪਤ ਹੋਈ ਹੈ ਅਤੇ ਪਰਮਾਤਮਾ ਦਾ ਸ਼ੁਕਰਾਨਾ ਨਹੀਂ ਕਰਦੇ ਤਾਂ ਉਨ੍ਹਾਂ ਬਾਰੇ ਗੁਰਬਾਣੀ ਫੁਰਮਾਨ ਹੈ:-

"**ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ॥**
**ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ॥**" (ਅੰਗ:੩੯)

## ਪੰਜਵੀਂ ਸਿੱਖਿਆ

"**ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥**
**ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥**"

(ਭਾਵ ਹੇ ਪਰਮਾਤਮਾ! ਜੀਵ ਦੀ ਕੋਈ ਤਾਕਤ ਨਹੀਂ ਕਿ ਉਹ ਤੇਰੇ ਗੁਣਾਂ ਨੂੰ ਬਿਆਨ ਕਰ ਸਕੇ। ਤੇਰੇ ਗੁਣਾਂ ਦੇ ਤਾਂ ਖਜ਼ਾਨੇ ਭਰੇ ਹੋਏ ਹਨ। ਜਿਸ ਨੂੰ ਤੂੰ ਸਿਫਤਿ ਸਾਲਾਹ ਕਰਨ ਦੀ ਦਾਤ ਬਖਸ਼ਦਾ ਹੈਂ, ਉਸ ਦੇ ਰਾਹ ਵਿਚ ਰੁਕਾਵਟ ਪਾਉਣ ਲਈ ਕਿਸੇ ਦਾ ਵੀ ਜ਼ੋਰ ਨਹੀਂ ਚੱਲ ਸਕਦਾ ਕਿਉਂਕਿ ਉਸ ਦੇ ਭਾਗਾਂ ਵਾਲੇ ਨੂੰ ਸੰਵਾਰਨ ਵਾਲਾ ਤੂੰ ਆਪ ਹੀ ਹੈਂ।)

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਸਾਡੀ ਕੋਈ ਤਾਕਤ ਨਹੀਂ ਕਿ ਅਸੀਂ ਪਰਮਾਤਮਾ ਦੇ ਗੁਣਾਂ ਨੂੰ ਬਿਆਨ ਕਰ ਸਕੀਏ। ਉਸ ਦੇ ਘਰ ਤਾਂ ਗੁਣਾਂ ਦੇ ਖਜ਼ਾਨੇ ਭਰੇ ਹੋਏ ਹਨ। ਜਿਸ ਜੀਵ ਉਤੇ ਪਰਮਾਤਮਾ ਦੀ ਅਪਾਰ ਕਿਰਪਾ ਹੋ ਜਾਂਦੀ ਹੈ ਉਸ ਨੂੰ ਉਹ ਸਿਫਤਿ ਸਾਲਾਹ ਕਰਨ ਦੀ ਦਾਤ ਬਖਸ਼ ਦਿੰਦਾ ਹੈ ਜਿਸ ਸਦਕਾ ਉਸ ਜੀਵ ਦੇ ਰਾਹ ਵਿਚ ਰੁਕਾਵਟ ਪਾਉਣ ਲਈ ਕਿਸੇ ਦਾ ਵੀ ਜ਼ੋਰ ਨਹੀਂ ਚੱਲ ਸਕਦਾ। ਅਨੰਦ ਸਾਹਿਬ ਵਿਚ ਵੀ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ

ਸਾਨੂੰ ਇਹ ਜਾਚ ਸਿਖਾਈ ਹੈ ਕਿ ਉਹ ਅਕਾਲ ਪੁਰਖੁ ਜਿਸ ਦੇ ਘਰ ਵਿਚ ਸਭ ਕੁਝ ਹੈ, ਉਸ ਕੋਲੋਂ ਅਗਰ ਕੁਝ ਮੰਗਣਾ ਹੈ ਤਾਂ ਸਿਰਫ ਉਸਦੀ ਸਿਫਤਿ ਸਾਲਾਹ ਹੀ ਮੰਗਣੀ ਚਾਹੀਦੀ ਹੈ।

**"ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥**
**ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥"**

ਪਰ ਹੈਰਾਨਗੀ ਦੀ ਗੱਲ ਇਹ ਹੈ ਕਿ ਉਹ ਪਰਮਾਤਮਾ ਜਿਸ ਦੇ ਘਰ ਵਿਚ ਲੋਕ ਪਰਲੋਕ ਦੋਨਾਂ ਲਈ ਸਾਰੇ ਪਦਾਰਥ ਹਨ, ਉਸ ਕੋਲੋਂ ਦੁਨੀਆਂ ਦੇ ਲੋਕ ਅਕਸਰ ਕੇਵਲ ਤੇ ਕੇਵਲ ਦੁਨਿਆਵੀ ਪਦਾਰਥ ਹੀ ਮੰਗਦੇ ਹਨ। ਲੋਕ-ਪਰਲੋਕ ਦੇ ਵਿਚ ਸਹਾਈ ਹੋਣ ਵਾਲੇ ਨਾਮ ਰੂਪੀ ਅਮੋਲਕ ਪਦਾਰਥ ਦੀ ਮੰਗ ਨਹੀਂ ਕਰਦੇ। ਨਾਮ ਧਨ ਇਕ ਅਜਿਹਾ ਧਨ ਹੈ ਜਿਸ ਦੇ ਪ੍ਰਾਪਤ ਹੋਣ ਨਾਲ ਸਾਡਾ ਹਲਤ ਪਲਤ ਸੰਵਰ ਜਾਂਦਾ ਹੈ ਅਤੇ ਸਾਨੂੰ ਲੋਕ ਤੇ ਪਰਲੋਕ ਦੇ ਸਾਰੇ ਸੁੱਖ ਮਿਲ ਜਾਂਦੇ ਹਨ।

ਇਸ ਲਈ ਸਾਨੂੰ ਚੇਤੇ ਰਵ੍ਹੇ ਕਿ ਜਿਥੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ ਲੱਗਿਆਂ ਲੋੜ ਮੁਤਾਬਿਕ ਦੁਨਿਆਵੀ ਪਦਾਰਥ ਮੰਗਣੇ ਹਨ ਉੱਥੇ ਇਹ ਵੀ ਬੇਨਤੀ ਕਰਨੀ ਹੈ ਕਿ ਮੈਨੂੰ 'ਸਿਫਤਿ ਸਾਲਾਹ' ਦੀ ਦਾਤ ਬਖਸ਼ਿਸ਼ ਕਰੋ ਕਿਉਂਕਿ ਜਿਸ ਨੂੰ ਉਹ ਆਪਣੀ 'ਸਿਫਤਿ ਸਾਲਾਹ' ਬਖਸ਼ ਦੇਵੇ ਤਾਂ ਉਹ ਬੰਦਾ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ।

**"ਜਿਸ ਨੋ ਬਖਸੇ ਸਿਫਤਿ ਸਾਲਾਹ॥**
**ਨਾਨਕ ਪਾਤਿਸਾਹੀ ਪਾਤਿਸਾਹੁ॥"**

## ਆਸਾ ਮਹਲਾ ੧ ॥

**ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥**
**ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥**
**ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥**
**ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥**
**ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥**
**ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥**
**ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥**
**ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥**
**ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥**

**ਪਦ ਅਰਥ: ਆਖਾ**-ਆਖਾਂ, ਜਦੋਂ ਮੈਂ ਹਰਿ-ਨਾਮ ਉਚਾਰਦਾ ਹਾਂ। **ਜੀਵਾ**-ਜੀਵਾਂ, ਮੇਰੇ ਅੰਦਰ ਆਤਮਕ ਜੀਵਨ ਪੈਦਾ ਹੋ ਜਾਂਦਾ ਹੈ। **ਮਰਿ ਜਾਉ**-ਮਰਿ ਜਾਉਂ, ਵਿਕਾਰਾਂ ਦੇ ਕਾਰਨ ਮੇਰਾ ਆਤਮਕ ਜੀਵਨ ਮੁੱਕ ਜਾਂਦਾ ਹੈ, ਮੇਰੀ ਆਤਮਕ ਮੌਤ ਹੋ ਜਾਂਦੀ ਹੈ। **ਸਾਚਾ**-ਸਦਾ ਕਾਇਮ ਰਹਿਣ ਵਾਲਾ। **ਉਤੁ ਭੂਖੈ**-ਉਸ ਭੁੱਖ ਦੇ ਕਾਰਨ। **ਖਾਇ**-ਨਾਮ ਭੋਜਨ ਖਾ ਕੇ। **ਚਲੀਅਹਿ**-ਦੂਰ ਹੋ ਜਾਂਦੇ ਹਨ।੧।

**ਮਾਇ**-ਹੇ ਮਾਂ! **ਨਾਇ**-ਨਾਮ ਦੀ ਰਾਹੀਂ। **ਸਾਚੈ ਨਾਇ**-ਸਦਾ ਕਾਇਮ ਰਹਿਣ ਵਾਲੇ ਹਰਿ ਨਾਮ ਦੀ ਰਾਹੀਂ, ਜਿਉਂ ਜਿਉਂ ਸਦਾ ਥਿਰ ਰਹਿਣ ਵਾਲਾ ਹਰਿ-ਨਾਮ ਸਿਮਰੀਏ।
**ਕਿਉ ਵਿਸਰੈ**-ਕਦੇ ਨਾ ਭੁੱਲੇ।੧। ਰਹਾਉ।
**ਤਿਲੁ**-ਰਤਾ ਭਰ ਭੀ। **ਆਖਿ**-ਬਿਆਨ ਕਰ ਕੇ। **ਸਭਿ**-ਸਾਰੇ ਜੀਵ। **ਆਖਣਿ ਪਾਹਿ**-ਆਖਣ ਦਾ ਯਤਨ ਕਰਨ ।੨।

**ਸੋਗੁ**-ਅਫ਼ਸੋਸ। **ਦੇਦਾ**-ਦੇਂਦਾ। **ਨ ਚੂਕੈ**-ਨਹੀਂ ਮੁੱਕਦਾ। **ਭੋਗੁ**-ਵਰਤਣਾ। **ਗੁਣੁ ਏਹੋ**-ਇਹੀ ਖ਼ੂਬੀ। **ਕੋ**-ਕੋਈ ਹੋਰ । **ਹੋਆ**-ਹੋਇਆ ਹੈ। **ਨਾ ਹੋਇ**-ਨਾ ਹੀ ਹੋਵੇਗਾ।੩।

**ਜੇਵਡੁ**-ਜਿਤਨਾ ਵੱਡਾ। **ਤੇਵਡ**-ਉਤਨੀ ਵੱਡੀ। **ਜਿਨਿ**-ਜਿਸ ਨੇ। **ਕਰਿ ਕੈ**-ਪੈਦਾ ਕਰ ਕੇ। **ਵਿਸਾਰਹਿ**-ਭੁਲਾ ਦੇਂਦੇ ਹਨ। **ਤੇ**-ਉਹ ਬੰਦੇ। **ਕਮਜਾਤਿ**-ਭੈੜੀ ਜਾਤ ਵਾਲੇ। **ਨਾਵੈ ਬਾਝੁ**-ਹਰਿ-ਨਾਮ ਤੋਂ ਬਿਨਾ। **ਸਨਾਤਿ**-ਨੀਚ।੪।

**ਸ਼ਬਦ-ਉਚਾਰਨ:-**

ਬਿੰਦੀ ਸਹਿਤ ਉਚਾਰਨ ਵਾਲੇ ਸ਼ਬਦ: ਆਖਾਂ, ਜੀਵਾਂ, ਨਾਉਂ, ਚਲੀਅਹਿਂ, ਕਿਉਂ, ਨਾਹਿਂ, ਪਾਹਿਂ, ਦੇਂਦਾ, ਨਾਹੀਂ, ਵਿਸਾਰਹਿਂ, ਨਾਵੈਂ।

**ਅਰਥ:** ਜਿਉਂ ਜਿਉਂ ਮੈਂ ਪਰਮਾਤਮਾ ਦਾ ਨਾਮ ਸਿਮਰਦਾ ਹਾਂ, ਤਿਉਂ ਤਿਉਂ ਮੇਰੇ

ਅੰਦਰ ਆਤਮਕ ਜੀਵਨ ਪੈਦਾ ਹੁੰਦਾ ਹੈ। ਪਰ ਜਦੋਂ ਮੈਨੂੰ ਪ੍ਰਭੂ ਦਾ ਨਾਮ ਭੁੱਲ ਜਾਂਦਾ ਹੈ, ਮੇਰੀ ਆਤਮਕ ਮੌਤ ਹੋ ਜਾਂਦੀ ਹੈ। ਇਹ ਪਤਾ ਹੁੰਦਿਆਂ ਭੀ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦਾ ਨਾਮ ਸਿਮਰਨਾ ਔਖਾ ਕੰਮ ਜਾਪਦਾ ਹੈ । ਜਿਸ ਮਨੁੱਖ ਦੇ ਅੰਦਰ ਸਦਾ-ਥਿਰ ਪ੍ਰਭੂ ਦੇ ਨਾਮ ਸਿਮਰਨ ਦੀ ਤਾਂਘ ਪੈਦਾ ਹੋ ਜਾਂਦੀ ਹੈ, ਉਸ ਤਾਂਘ ਦੀ ਬਰਕਤਿ ਨਾਲ ਹਰਿ ਨਾਮ ਭੋਜਨ ਖਾ ਕੇ ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।੧।

ਹੇ ਮੇਰੀ ਮਾਂ! ਮੈਂ ਉਸ ਪਰਮਾਤਮਾ ਨੂੰ ਕਿਉਂ ਵਿਸਾਰਾਂ ਜੋ ਆਪ ਵੀ ਸਤਿ ਹੈ ਤੇ ਜਿਸ ਦਾ ਨਾਮ ਵੀ ਸਤਿ ਹੈ। ।੧। ਰਹਾਉ।

ਸੱਚੇ ਨਾਮ ਦੀ ਰੱਤਾ ਜਿਤਨੀ ਮਹਿਮਾ ਨੂੰ ਜੀਵ ਬਿਆਨ ਕਰਨ ਦੀ ਕੋਸ਼ਿਸ਼ ਕਰਦੇ ਹਨ, ਥੱਕ ਜਾਂਦੇ ਹਨ ਪਰ ਤਾਂ ਵੀ ਬਿਆਨ ਨਹੀਂ ਕਰ ਸਕਦੇ । ਕੋਈ ਭੀ ਨਹੀਂ ਦੱਸ ਸਕਿਆ ਕਿ ਪਰਮਾਤਮਾ ਦੇ ਬਰਾਬਰ ਦੀ ਕਿਹੜੀ ਹਸਤੀ ਹੈ। ਜੇ ਜਗਤ ਦੇ ਸਾਰੇ ਹੀ ਜੀਵ ਰਲ ਕੇ ਪ੍ਰਭੂ ਦੀ ਵਡਿਆਈ ਬਿਆਨ ਕਰਨ ਦਾ ਜਤਨ ਕਰਨ, ਤਾਂ ਉਹ ਪ੍ਰਭੂ ਆਪਣੇ ਅਸਲੇ ਨਾਲੋਂ ਵੱਡਾ ਨਹੀਂ ਹੋ ਜਾਂਦਾ ਤੇ ਜੇ ਕੋਈ ਉਸ ਦੀ ਵਡਿਆਈ ਨਾ ਵੀ ਕਰੇ, ਤਾਂ ਉਹ ਅੱਗੇ ਨਾਲੋਂ ਘੱਟ ਨਹੀਂ ਜਾਂਦਾ। ਉਸ ਨੂੰ ਆਪਣੀ ਸੋਭਾ ਦਾ ਲਾਲਚ ਨਹੀਂ ।੨।

ਉਹ ਪ੍ਰਭੂ ਕਦੇ ਮਰਦਾ ਨਹੀਂ, ਨਾ ਹੀ ਉਸ ਦੀ ਖ਼ਾਤਰ ਸੋਗ ਹੁੰਦਾ ਹੈ। ਉਹ ਸਦਾ ਜੀਵਾਂ ਨੂੰ ਰਿਜ਼ਕ ਦਿੰਦਾ ਹੈ, ਉਸ ਦੀਆਂ ਦਿੱਤੀਆਂ ਦਾਤਾਂ ਦਾ ਵਰਤਣਾ ਕਦੇ ਮੁੱਕਦਾ ਨਹੀਂ, ਉਸ ਦੀਆਂ ਦਾਤਾਂ ਵਰਤਣ ਨਾਲ ਕਦੇ ਮੁਕਦੀਆਂ ਨਹੀਂ। ਉਸ ਦੀ ਵੱਡੀ ਖ਼ੂਬੀ ਇਹ ਹੈ ਕਿ ਕੋਈ ਹੋਰ ਉਸ ਵਰਗਾ ਨਹੀਂ ਹੈ, ਉਸ ਵਰਗਾ ਅਜੇ ਤਕ ਨਾ ਕੋਈ ਹੋਇਆ ਹੈ, ਨਾ ਕਦੇ ਹੋਵੇਗਾ।੩। ਹੇ ਪ੍ਰਭੂ! ਜਿਤਨਾ ਬੇਅੰਤ ਤੂੰ ਆਪ ਹੈਂ, ਉਤਨੀ ਹੀ ਬੇਅੰਤ ਹੈ ਤੇਰੀ ਬਖ਼ਸ਼ਸ਼। ਤੂੰ ਐਸਾ ਹੈਂ ਜਿਸ ਨੇ ਦਿਨ ਬਣਾਇਆ ਹੈ ਤੇ ਰਾਤ ਬਣਾਈ ਹੈ। ਹੇ ਨਾਨਕ! ਉਹ ਬੰਦੇ ਨੀਵੇਂ ਜੀਵਨ ਵਾਲੇ ਬਣ ਜਾਂਦੇ ਹਨ, ਜੋ ਅਜਿਹੇ ਖਸਮ-ਪ੍ਰਭੂ ਨੂੰ ਭੁਲਾ ਦੇਂਦੇ ਹਨ। ਨਾਮ ਤੋਂ ਖੁੰਝੇ ਹੋਏ ਜੀਵ ਹੀ ਨੀਚ ਹਨ।੪।੩।

# ਸਿੱਖਿਆਵਾਂ

## ਪਹਿਲੀ ਸਿੱਖਿਆ

**"ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥"**

(ਭਾਵ: ਪਰਮਾਤਮਾ ਦੇ ਨਾਮ ਸਿਮਰਨ ਦਾ ਸਦਕਾ ਜੀਵਾਂ ਦੇ ਅੰਦਰ ਆਤਮਕ ਜੀਵਨ ਪੈਦਾ ਹੁੰਦਾ ਰਹਿੰਦਾ ਹੈ ਪਰ ਜਦੋਂ ਕੋਈ ਜੀਵ ਪ੍ਰਭੂ ਦੇ ਨਾਮ ਨੂੰ ਭੁਲਾ ਦਿੰਦਾ ਹੈ ਤਾਂ ਉਸ ਦੀ ਆਤਮਕ ਮੌਤ ਹੋ ਜਾਂਦੀ ਹੈ। ਇਹ ਪਤਾ ਹੁੰਦਿਆਂ ਹੋਇਆਂ ਵੀ ਪਰਮਾਤਮਾ ਦਾ ਨਾਮ ਸਿਮਰਨਾ ਜੀਵ ਨੂੰ ਔਖਾ ਲੱਗਦਾ ਹੈ।)

**ਜਿਵੇਂ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਕਰਨੀ ਔਖੀ ਲਗਦੀ ਹੈ ਪਰ ਪੜ੍ਹਾਈ ਕਰਨ ਦਾ ਫਾਇਦਾ ਤਾਂ ਬਾਅਦ ਵਿੱਚ ਹੀ ਪਤਾ ਲਗਦਾ ਹੈ, ਤਿਵੇਂ ਹੀ ਸੰਸਾਰੀ ਧੰਦਿਆਂ ਵਿਚ ਉਲਝੇ ਰਹਿਣ ਕਰਕੇ ਨਾਮ ਜਪਣਾ ਭਾਵੇਂ ਔਖਾ ਲੱਗਦਾ ਹੈ, ਪਰ ਇਸ ਦਾ ਫਾਇਦਾ ਬਾਅਦ ਵਿਚ ਪਤਾ ਚਲਦਾ ਹੈ। ਇਸ ਸੰਬੰਧ ਵਿਚ ਆਪ ਜੀ ਨਾਲ ਇਕ ਕਹਾਣੀ ਸਾਂਝੀ ਕਰ ਰਿਹਾਂ ਹਾਂ:-**

ਇਕ ਰਾਜਾ ਸੀ ਉਸ ਦੀਆਂ ਚਾਰ ਰਾਣੀਆਂ ਸਨ।

ਪਹਿਲੀ ਰਾਣੀ ਨੂੰ ਰਾਜਾ ਬਹੁਤ ਪਿਆਰ ਕਰਦਾ ਸੀ ਅਤੇ ਉਸ ਨੂੰ ਅਗਰ ਕੁਝ ਵੀ ਹੁੰਦਾ ਸੀ ਤਾਂ ਰਾਜੇ ਨੂੰ ਇੰਝ ਲੱਗਦਾ ਸੀ ਜਿਵੇਂ ਹੁਣ ਮੇਰਾ ਸਭ ਕੁਝ ਬਰਬਾਦ ਹੋ ਗਿਆ ਤੇ ਮੈਂ ਉਸ ਤੋਂ ਬਿਨਾਂ ਕੁਝ ਵੀ ਨਹੀਂ।

ਦੂਜੀ ਰਾਣੀ ਨੂੰ ਵੀ ਰਾਜਾ ਪਿਆਰ ਕਰਦਾ ਸੀ। ਉਸ ਨੂੰ ਹਰ ਜਗ੍ਹਾ ਆਪਣੇ ਨਾਲ ਰੱਖਦਾ ਸੀ। ਅਗਰ ਉਸ ਨੇ ਕਿਤੇ ਜਾਣਾ ਵੀ ਹੁੰਦਾ ਤਾਂ ਵੀ ਉਹ ਦੂਜੀ ਰਾਣੀ ਨੂੰ ਨਾਲ ਲੈ ਕੇ ਜਾਂਦਾ ਅਤੇ ਸਭ ਦੇ ਨਾਲ ਦੂਜੀ ਰਾਣੀ ਨੂੰ ਮਿਲਾਉਂਦਾ।

ਤੀਜੀ ਰਾਣੀ ਨੂੰ ਵੀ ਰਾਜਾ ਪਿਆਰ ਕਰਦਾ ਤੇ ਉਸ ਨਾਲ ਆਪਣੇ ਸਾਰੇ ਦੁਖ ਸੁਖ, ਰਾਜ ਭਾਗ ਦੇ ਸਾਰੇ ਕੰਮ ਸਾਂਝੇ ਕਰਦਾ ਅਤੇ ਸਲਾਹ ਲੈਂਦਾ।

ਚੌਥੀ ਰਾਣੀ ਨੂੰ ਰਾਜਾ ਬਿਲਕੁਲ ਵੀ ਪਿਆਰ ਨਹੀਂ ਕਰਦਾ ਸੀ ਪਰ ਚੌਥੀ ਰਾਣੀ ਰਾਜੇ ਨੂੰ ਬਹੁਤ ਪਿਆਰ ਕਰਦੀ ਸੀ।

ਸਮਾਂ ਬੀਤਦਾ ਗਿਆ ਤੇ ਰਾਜਾ ਬਹੁਤ ਬੀਮਾਰ ਹੋ ਗਿਆ। ਉਸ ਨੂੰ ਇੰਝ ਮਹਿਸੂਸ ਹੋਣ ਲੱਗਾ ਕਿ ਜਿਵੇਂ ਹੁਣ ਮੇਰਾ ਅੰਤਿਮ ਸਮਾਂ ਆਉਣ ਵਾਲਾ ਹੈ। ਉਹ ਆਪਣੀਆ ਚਾਰੇ ਰਾਣੀਆਂ ਨੂੰ ਆਪਣੇ ਕੋਲ ਬੁਲਾਉਂਦਾ ਹੈ ਅਤੇ ਕਹਿੰਦਾ ਹੈ ਕਿ ਹੁਣ ਮੇਰਾ ਅੰਤਿਮ ਸਮਾਂ ਆ ਗਿਆ ਹੈ। ਤੁਹਾਡੇ ਵਿਚੋਂ ਕਿਹੜੀ ਰਾਣੀ ਮੇਰਾ ਸਾਥ ਦੇਵੇਗੀ।

ਉਹ ਸਭ ਤੋਂ ਪਹਿਲਾਂ ਆਪਣੀ ਪਹਿਲੀ ਰਾਣੀ ਨੂੰ ਪੁੱਛਦਾ ਹੈ ਤੇ ਕਹਿੰਦਾ ਹੈ ਕਿ "ਮੈਂ ਤੈਨੂੰ ਬਹੁਤ ਪਿਆਰ ਕੀਤਾ ਹੈ, ਤੈਨੂੰ ਕੁਝ ਵੀ ਹੁੰਦਾ ਸੀ ਤਾਂ ਮੈਨੂੰ ਲੱਗਦਾ ਸੀ ਕਿ ਮੈਂ ਬਰਬਾਦ ਹੋ ਜਾਵਾਂਗਾ। ਕੀ ਤੂੰ ਮੇਰਾ ਸਾਥ ਦੇਵੇਂਗੀ?" ਤਾਂ ਉਸ ਦੀ ਪਹਿਲੀ ਰਾਣੀ ਕਹਿੰਦੀ ਹੈ ਕਿ "ਰਾਜਾ ਮੇਰਾ ਤੇਰੇ ਨਾਲ ਬਸ ਇੰਨਾ ਹੀ ਸੰਜੋਗ ਸੀ ਅਤੇ ਮੈਂ ਤੇਰੇ ਨਾਲ ਨਹੀਂ ਜਾ ਸਕਾਂਗੀ।"

ਰਾਜਾ ਦੂਜੀ ਰਾਣੀ ਨੂੰ ਪੁੱਛਦਾ ਹੈ ਕਿ "ਕੀ ਤੂੰ ਮੇਰੇ ਨਾਲ ਚੱਲੇਂਗੀ" ਤਾਂ ਦੂਜੀ ਰਾਣੀ ਕਹਿੰਦੀ ਹੈ ਕਿ "ਰਾਜਾ ਮੇਰਾ ਤੇਰੇ ਨਾਲ ਸਾਥ ਬਸ ਇੱਥੇ ਤੱਕ ਹੀ ਸੀ। ਤੈਨੂੰ ਇਹ ਸੁਣ ਕੇ ਦੁੱਖ ਲੱਗੇਗਾ ਕਿ ਜਦ ਤੂੰ ਮਰ ਜਾਏਂਗਾ ਤਾਂ ਮੈਂ ਕਿਸੇ ਹੋਰ ਦੀ ਹੋ ਜਾਵਾਂਗੀ।"

ਰਾਜਾ ਆਪਣੀਆਂ ਦੋਨਾਂ ਰਾਣੀਆਂ ਦੇ ਜਵਾਬ ਸੁਣ ਕੇ ਬਹੁਤ ਦੁਖੀ ਹੁੰਦਾ ਹੈ ਤੇ ਆਪਣੀ ਤੀਜੀ ਰਾਣੀ ਤੋਂ ਪੁਛਦਾ ਹੈ ਕਿ "ਕੀ ਤੂੰ ਮੇਰੇ ਨਾਲ ਜਾਏਂਗੀ?" ਤਾਂ ਤੀਜੀ ਰਾਣੀ ਕਹਿੰਦੀ ਹੈ ਕਿ "ਰਾਜਾ ਮੈਂ ਤੇਰੇ ਨਾਲ ਤਾਂ ਨਹੀਂ ਜਾ ਸਕਦੀ ਪਰ ਇੰਨਾ ਜ਼ਰੂਰ ਕਰ ਸਕਦੀ ਹਾਂ ਕਿ ਜਦੋਂ ਤੂੰ ਸਰੀਰ ਤਿਆਗ ਦੇਵੇਂਗਾ ਤਾਂ ਮੈਂ ਤੇਰੇ ਸਰੀਰ ਦਾ ਸਸਕਾਰ ਕਰਵਾ ਦੇਵਾਂਗੀ ਤੇ ਤੇਰੀ ਯਾਦ ਵਿਚ ਹਰ ਸਾਲ ਪਾਠ ਕਰਵਾ ਦਿਆ ਕਰਾਂਗੀ।"

ਰਾਜੇ ਨੂੰ ਇੰਨਾ ਦੁਖ ਹੁੰਦਾ ਹੈ ਕਿ ਉਹ ਸੋਚਦਾ ਹੈ ਕਿ ਜਿਨ੍ਹਾਂ ਨਾਲ ਮੈਂ ਇੰਨਾ ਪਿਆਰ ਕਰਦਾ ਰਿਹਾਂ ਉਨ੍ਹਾਂ ਵਿਚੋਂ ਕੋਈ ਵੀ ਮੇਰੇ ਨਾਲ ਜਾਣ ਨੂੰ ਤਿਆਰ ਨਹੀਂ। ਇਹ ਸਭ ਸੋਚਦਾ ਹੋਇਆ ਉਹ ਆਪਣੀ ਚੌਥੀ ਰਾਣੀ ਨੂੰ ਬੁਲਾਉਂਦਾ ਹੈ ਤੇ ਉਸ ਕੋਲੋਂ ਵੀ ਉਹੀ ਸਵਾਲ ਪੁੱਛਦਾ ਹੈ? ਰਾਣੀ ਕਹਿੰਦੀ ਹੈ ਕਿ "ਰਾਜਾ ਤੂੰ ਭਾਵੇਂ ਮੈਨੂੰ ਸਾਰੀ ਜ਼ਿੰਦਗੀ ਪਿਆਰ ਨਹੀਂ ਕੀਤਾ ਪਰ ਮੈਂ ਤੈਨੂੰ ਫਿਰ ਵੀ ਪਿਆਰ ਕਰਦੀ ਰਹੀਂ ਹਾਂ। ਜਿੱਥੇ ਤੂੰ ਕਹੇਂਗਾ ਉਥੇ ਮੈਂ ਤੇਰੇ ਨਾਲ ਜਾਵਾਂਗੀ।" ਇਹ ਸੁਣ ਕੇ ਰਾਜੇ ਨੂੰ ਮਨ ਵਿਚ ਪਛਤਾਵਾ ਹੁੰਦਾ ਹੈ ਕਿ ਮੈਂ ਕਿੰਨਾ ਦੋਸ਼ੀ ਤੇ ਅਗਿਆਨੀ ਹਾਂ ਕਿ ਮੈਂ ਆਪਣੀ ਚੌਥੀ ਰਾਣੀ ਜਿਸ ਨੇ ਕਿ ਮੇਰਾ ਸਾਥ ਨਿਭਾਣਾ ਸੀ, ਉਸ ਦਾ ਸਾਰੀ ਉਮਰ ਧਿਆਨ ਹੀ ਨਹੀਂ ਰਖਿਆ ਅਤੇ ਬਾਕੀ ਤਿੰਨ ਰਾਣੀਆਂ ਦੀ ਦੇਖਭਾਲ ਵਿਚ ਹੀ ਸਾਰਾ ਜੀਵਨ ਬਿਤਾ ਦਿੱਤਾ।

**ਕੀ ਤੁਸੀਂ ਜਾਣਨਾ ਚਾਹੋਗੇ ਕਿ ਉਹ ਰਾਜਾ ਕੌਣ ਸੀ ਤੇ ਉਸ ਦੀਆਂ ਉਹ ਚਾਰ ਰਾਣੀਆਂ ਕੌਣ ਸਨ?** ਤਾਂ ਜਵਾਬ ਹੈ ਕਿ ਅਸੀਂ ਸਾਰੇ ਉਹ ਰਾਜੇ ਹਾਂ ਅਤੇ ਸਾਡੇ ਸਾਰਿਆਂ ਦੀਆਂ ਚਾਰ ਰਾਣੀਆਂ ਹਨ। **ਪਹਿਲੀ ਰਾਣੀ** ਸਾਡਾ ਸ਼ਰੀਰ ਹੈ ਜਿਸ ਨੂੰ ਅਸੀਂ ਬਹੁਤ ਪਿਆਰ ਕਰਦੇ ਹਾਂ ਤੇ ਜੇ ਸਰੀਰ ਨੂੰ ਕੋਈ ਰੋਗ ਲੱਗ ਜਾਏ ਤਾਂ ਅਸੀਂ ਸੋਚਦੇ ਹਾਂ ਕਿ ਸਾਡਾ ਸਭ ਕੁਝ ਬਰਬਾਦ ਹੋ ਗਿਆ। **ਦੂਜੀ ਰਾਣੀ** ਸਾਡੀ ਧਨ ਦੌਲਤ ਤੇ ਦੁਨਿਆਵੀ ਪਦਾਰਥ ਹਨ ਜਿਨ੍ਹਾਂ ਨੂੰ ਅਸੀਂ ਬਹੁਤ ਪਿਆਰ ਕਰਦੇ ਹਾਂ, ਅਸੀਂ ਜਿਥੇ ਜਾਣਾ ਹੁੰਦਾ ਹੈ ਧਨ ਪਦਾਰਥ ਨਾਲ ਲੈ ਕੇ ਜਾਂਦੇ ਹਾਂ ਤੇ ਦੂਜਿਆਂ ਨੂੰ ਵੀ ਅਸੀਂ ਖੁਸ਼ੀ ਖੁਸ਼ੀ ਦਿਖਾਉਂਦੇ ਹਾਂ ਕਿ ਸਾਡੇ ਕੋਲ ਕਿੰਨੇ ਧਨ ਪਦਾਰਥ ਹਨ। **ਤੀਜੀ ਰਾਣੀ** ਸਾਡਾ ਪਰਿਵਾਰ ਤੇ ਰਿਸ਼ਤੇਦਾਰ ਹਨ ਜਿਨ੍ਹਾਂ ਨਾਲ ਅਸੀਂ ਪਿਆਰ ਵੀ ਕਰਦੇ ਹਾਂ ਤੇ ਦੁਖ ਸੁਖ ਵੀ ਸਾਂਝੇ ਕਰਦੇ ਹਾਂ। ਇਨ੍ਹਾਂ ਦੇ ਨਾਲ ਸਾਲਾਹ ਕਰਕੇ ਹੀ ਅਸੀਂ ਕੋਈ ਫ਼ੈਸਲਾ ਲੈਂਦੇ ਹਾਂ। ਪਰ ਇਹ ਵੀ ਸਿਰਫ਼ ਸਾਡੇ ਜਿਊਂਦੇ ਜੀਅ ਹੀ ਸਾਡੇ ਨਾਲ ਨਿਭਦੇ ਹਨ। ਜਦੋਂ ਅਸੀਂ ਮਰ ਜਾਂਦੇ ਹਾਂ ਤਾਂ ਇਹ ਸਾਡੇ ਸਰੀਰ ਦਾ ਸਸਕਾਰ ਕਰ ਦਿੰਦੇ ਹਨ ਤੇ ਸਾਡੀ ਯਾਦ ਵੀ ਮਨਾ ਲੈਂਦੇ ਹਨ। **ਚੌਥੀ ਰਾਣੀ** ਸਾਡੀ ਆਤਮਾ ਹੈ ਜੋ ਹਮੇਸ਼ਾ ਸਾਡੇ ਨਾਲ ਰਹਿੰਦੀ ਹੈ ਤੇ ਉਹੀ ਸਾਡਾ ਅਸਲ ਗਹਿਣਾ ਹੈ।

**ਜਿਵੇਂ ਸਰੀਰ ਦੀ ਖੁਰਾਕ 'ਭੋਜਨ' ਹੈ ਉਵੇਂ ਹੀ ਆਤਮਾ ਦੀ ਖੁਰਾਕ ਹੈ 'ਭਜਨ'। ਪਰ ਦੁੱਖ ਦੀ ਗੱਲ ਇਹ ਹੈ ਕਿ ਅਸੀਂ ਆਪਣੀ ਆਤਮਾ ਨੂੰ ਉਸ ਦੀ ਖੁਰਾਕ 'ਭਜਨ' ਨਹੀਂ ਦਿੰਦੇ ਜਿਸ ਕਰਕੇ ਉਹ ਪਰਮਾਤਮਾ ਦੇ ਮਿਲਾਪ ਤੋਂ ਖੁੰਝ ਜਾਂਦੀ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡਾ ਪਰਮਾਤਮਾ ਨਾਲ ਮਿਲਾਪ ਹੋ ਜਾਵੇ ਤਾਂ ਸਾਨੂੰ ਆਪਣੀ ਆਤਮਾ ਨੂੰ ਉਸ ਦੀ ਖੁਰਾਕ ਅਰਥਾਤ 'ਭਜਨ ਬੰਦਗੀ' ਨਿਰੰਤਰ ਦਿੰਦੇ ਰਹਿਣਾ ਚਾਹੀਦਾ ਹੈ।**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਜਿਥੇ ਆਪਣੇ ਸਰੀਰ ਨੂੰ ਨਿਰੋਗ ਰੱਖਣ ਲਈ ਇਸਦੇ ਭੋਜਨ, ਕੱਪੜੇ ਅਤੇ ਰਹਿਣ ਦਾ ਇੰਤਜ਼ਾਮ ਕਰਨਾ ਹੈ, ਉਥੇ ਅਸੀਂ ਇਹ ਗੱਲ ਕਦੀਂ ਵੀ ਨਹੀਂ ਭੁੱਲਣੀ ਕਿ ਅਸੀਂ ਆਪਣੀ ਆਤਮਾ ਲਈ ਭਜਨ ਬੰਦਗੀ ਵੀ ਜ਼ਰੂਰ ਕਰਨੀ ਹੈ।

ਇਸ ਸੰਬੰਧ ਵਿਚ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ, ਖੰਨੇ ਵਾਲੇ, ਜਿਨ੍ਹਾਂ ਨੂੰ ਸਾਰਾ ਸਿੱਖ ਜਗਤ 'ਵੀਰ ਜੀ' ਦੇ ਨਾਮ ਨਾਲ ਜਾਣਦਾ ਹੈ ਅਕਸਰ ਇਹ ਕਿਹਾ ਕਰਦੇ ਸਨ ਕਿ ਸਰੀਰਕ ਸੁੱਖਾਂ ਦਾ ਜਿੰਨਾ ਮਰਜ਼ੀ ਇੰਤਜ਼ਾਮ ਕਰ ਲਉ, ਸਰੀਰ ਨੂੰ ਜਿੰਨਾ ਮਰਜ਼ੀ ਸਵਾਰ ਲਉ, ਵੱਧ ਤੋਂ ਵੱਧ ਸਰੀਰ ਦੀ ਯਾਤਰਾ ਤਾਂ ਸ਼ਮਸ਼ਾਨ ਘਾਟ ਤੱਕ ਹੀ ਹੋਣੀ ਹੈ। ਪਰ ਜੇ ਸਰੀਰ ਬਿਨਸਨ ਤੋਂ ਪਹਿਲੇ ਸਾਡਾ ਮਨ ਪਰਮਾਤਮਾ ਦੇ ਘਾਟ ਤੱਕ ਪਹੁੰਚ ਜਾਵੇ ਤਾਂ ਸਾਡੀ ਜੀਵਨ ਯਾਤਰਾ ਸਫਲ ਹੋ ਜਾਵੇਗੀ।

ਇਸ ਲਈ ਸਾਨੂੰ ਵੀ ਅਕਾਲ ਪੁਰਖ ਦੇ ਚਰਨਾਂ ਵਿਚ ਇਹ ਅਰਦਾਸ ਕਰਨੀ ਚਾਹੀਦੀ ਹੈ ਕਿ ਮੇਰੇ ਤੇ ਵੀ ਕਿਰਪਾ ਕਰੋ ਕਿ ਮੇਰੀ '**ਆਖਾ ਜੀਵਾ ਵਿਸਰੈ ਮਰਿ ਜਾਉ**' ਵਾਲੀ ਅਵਸਥਾ ਬਣ ਜਾਏ।

## ਦੂਜੀ ਸਿੱਖਿਆ

**"ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥"**

(ਭਾਵ: ਜਿਸ ਮਨੁੱਖ ਦੇ ਅੰਦਰ ਸਦਾ ਥਿਰ ਪ੍ਰਭੂ ਦੇ ਨਾਮ ਦੀ ਤਾਂਘ ਪੈਦਾ ਹੋ ਜਾਂਦੀ ਹੈ ਤੇ ਫਿਰ ਉਸ ਤਾਂਘ ਦੀ ਬਰਕਤ ਸਦਕਾ ਨਾਮ ਭੋਜਨ ਦੀ ਖ਼ੁਰਾਕ ਲੈਣ ਨਾਲ ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।)

ਜਿਵੇਂ ਜਿਵੇਂ ਜੀਵ ਉਸ ਅਕਾਲ ਪੁਰਖੁ ਨੂੰ ਚੇਤੇ ਕਰਨਾ ਸ਼ੁਰੂ ਕਰਦਾ ਹੈ ਤਿਵੇਂ ਤਿਵੇਂ ਉਸ ਦੇ ਦੁਖ ਰੋਗ ਤੇ ਕਲੇਸ਼ ਖਤਮ ਹੋਣੇ ਸ਼ੁਰੂ ਹੋ ਜਾਂਦੇ ਹਨ ਕਿਉਂਕਿ ਸੱਚੇ ਦਾ ਸੱਚਾ ਨਾਮ ਜੀਵ ਦੇ

ਸਾਰੇ ਦੁੱਖ ਰੋਗਾਂ ਤੇ ਪਾਪਾਂ ਨੂੰ ਇਵੇਂ ਖਤਮ ਕਰ ਦਿੰਦਾ ਹੈ ਜਿਵੇਂ ਲੱਖਾਂ ਮਣ ਬਾਲਣ ਅੱਗ ਦੀ ਇਕ ਚਿੰਗਾਰੀ ਨਾਲ ਸੜ ਕੇ ਸੁਆਹ ਹੋ ਜਾਂਦਾ ਹੈ। ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਦਾ ਕਥਨ ਇੰਝ ਹੈ:-

**"ਈਧਨੁ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ॥**
**ਖਿਨੁ ਪਲੁ ਨਾਮੁ ਰਿਦੈ ਵਸੈ ਭਾਈ ਨਾਨਕ ਮਿਲਣੁ ਸੁਭਾਇ॥" (ਅੰਗ: ੬੩੭)**

ਸਾਡੇ ਜੀਵਨ ਦੇ ਵਿਚ ਵਿਚਰਦਿਆਂ ਹੋਇਆਂ ਸਾਨੂੰ ਹਰ ਵੇਲੇ ਕੋਈ ਨਾ ਕੋਈ ਫਿਕਰ ਲੱਗਾ ਹੀ ਰਹਿੰਦਾ ਹੈ। ਗੁਰਦੇਵ ਪਿਤਾ ਨੇ ਫੁਰਮਾਇਆ ਹੈ ਕਿ **ਹੇ ਬੰਦੇ! ਤੂੰ ਚਿੰਤਾ ਨਹੀਂ ਕਰਨੀ ਚੇਤਾ ਕਰਨਾ ਹੈ।** ਜਿਵੇਂ ਜਿਵੇਂ ਉਸ ਪਰਮਾਤਮਾ ਦਾ ਨਾਮ ਸਾਡੇ ਚਿਤ ਵਿਚ ਵਸੇਗਾ ਤਿਵੇਂ ਤਿਵੇਂ ਸਾਡੀਆਂ ਸਾਰੀਆਂ ਚਿੰਤਾਵਾਂ ਖਤਮ ਹੋ ਜਾਣਗੀਆਂ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ:-

**"ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥**
**ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥**
**ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥੧॥**
**ਸਾਹਿਬੁ ਨਿਤਾਣਿਆ ਕਾ ਤਾਣੁ ॥**
**ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥੧॥ ਰਹਾਉ ॥**
**ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥**
**ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥**
**ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥੨॥**
**ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥**
**ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥**
**ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ ॥੩॥...॥" (ਅੰਗ : ੭੦)**

(ਭਾਵ: ਮਾਲਕ-ਪ੍ਰਭੂ ਕਮਜ਼ੋਰਾਂ ਦਾ ਸਹਾਰਾ ਹੈ, ਉਹ ਨਾ ਜੰਮਦਾ ਹੈ ਨਾ ਮਰਦਾ ਹੈ, ਸਦਾ ਹੀ ਕਾਇਮ ਰਹਿਣ ਵਾਲਾ ਹੈ। ਹੇ ਭਾਈ! ਗੁਰੂ ਦੇ ਸ਼ਬਦ ਵਿਚ ਜੁੜ ਕੇ ਉਸ ਸਦਾ-ਥਿਰ ਰਹਿਣ ਵਾਲੇ ਪ੍ਰਭੂ ਨਾਲ ਡੂੰਘੀ ਸਾਂਝ ਬਣਾ।੧। ਰਹਾਉ।)

ਜਿਸ ਮਨੁੱਖ ਨੂੰ ਕੋਈ ਭਾਰੀ ਬਿਪਤਾ ਆ ਪਏ ਜਿਸ ਤੋਂ ਬਚਣ ਲਈ ਕੋਈ ਮਨੁੱਖ ਉਸ ਨੂੰ ਸਹਾਰਾ ਨਾਹ ਦੇਵੇ, ਵੈਰੀ ਉਸ ਦੇ ਮਾਰੂ ਬਣ ਜਾਣ, ਉਸ ਦੇ ਸਾਕ-ਸੰਬੰਧੀ ਉਸ ਤੋਂ ਪਰ੍ਹੇ ਦੌੜ ਜਾਣ, ਉਸ ਦਾ ਹਰੇਕ ਕਿਸਮ ਦਾ ਆਸਰਾ ਖ਼ਤਮ ਹੋ ਜਾਏ, ਹਰੇਕ ਤਰ੍ਹਾਂ ਦਾ ਸਹਾਰਾ ਮੁੱਕ ਜਾਏ,

ਜੇ ਉਸ ਬਿਪਤਾ-ਮਾਰੇ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਯਾਦ ਆ ਜਾਏ, ਤਾ ਉਸ ਦਾ ਵਾਲ ਭੀ ਵਿੰਗਾ ਨਹੀਂ ਹੁੰਦਾ।੧।

ਜੇ ਕੋਈ ਮਨੁੱਖ ਅਜੇਹਾ ਕਮਜ਼ੋਰ ਹੋ ਜਾਏ ਕਿ ਭੁੱਖ ਨੰਗ ਦਾ ਦੁੱਖ ਉਸ ਨੂੰ ਹਰ ਵੇਲੇ ਖਾਂਦਾ ਰਹੇ, ਜੇ ਉਸ ਦੇ ਪੱਲੇ ਪੈਸਾ ਨਾਹ ਹੋਵੇ, ਕੋਈ ਮਨੁੱਖ ਉਸ ਨੂੰ ਹੌਂਸਲਾ ਨਾ ਦੇਵੇ; ਕੋਈ ਮਨੁੱਖ ਉਸ ਦੀ ਲੋੜ-ਗ਼ਰਜ਼ ਪੂਰੀ ਨਾਹ ਕਰੇ, ਉਸ ਪਾਸੋਂ ਆਪਣਾ ਕੋਈ ਕੰਮ ਸਿਰੇ ਨਾਹ ਚੜ੍ਹ ਸਕੇ ਅਜੇਹੀ ਦੁਰਦਸ਼ਾ ਵਿਚ ਹੁੰਦਿਆਂ ਭੀ ਜੇ ਪਰਮਾਤਮਾ ਉਸ ਦੇ ਚਿੱਤ ਵਿਚ ਆ ਵੱਸੇ, ਤਾਂ ਉਸ ਦਾ ਅਟੱਲ ਰਾਜ ਬਣ ਜਾਂਦਾ ਹੈ ਭਾਵ, ਉਸ ਦੀ ਆਤਮਕ ਅਵਸਥਾ ਅਜੇਹੇ ਬਾਦਸ਼ਾਹਾਂ ਵਾਲੀ ਹੋ ਜਾਂਦੀ ਹੈ ਜਿਨ੍ਹਾਂ ਦਾ ਰਾਜ ਕਦੇ ਨਾਹ ਡੋਲੇ ।੨।

ਜਿਸ ਮਨੁੱਖ ਨੂੰ ਹਰ ਵੇਲੇ ਬੜੀ ਚਿੰਤਾ ਬਣੀ ਰਹੇ, ਜਿਸ ਦੇ ਸਰੀਰ ਨੂੰ ਕੋਈ ਨ ਕੋਈ ਰੋਗ ਗ੍ਰਸੀ ਰੱਖੇ, ਜੇਹੜਾ ਗ੍ਰਿਹਸਤ ਦੇ ਜੰਜਾਲ ਵਿਚ ਪਰਵਾਰ ਦੇ ਜੰਜਾਲ ਵਿਚ ਸਦਾ ਫਸਿਆ ਰਹੇ, ਜਿਸ ਨੂੰ ਕਦੇ ਕੋਈ ਖ਼ੁਸ਼ੀ ਹੈ ਤੇ ਕਦੇ ਕੋਈ ਗ਼ਮ ਘੇਰੀ ਰਖਦਾ ਹੈ, ਜੇਹੜਾ ਮਨੁੱਖ ਸਾਰੀ ਧਰਤੀ ਉੱਤੇ ਇਸ ਤਰ੍ਹਾਂ ਭਟਕਦਾ ਫਿਰਦਾ ਹੈ ਕਿ ਉਸ ਨੂੰ ਘੜੀ ਭਰ ਬਹਿਣਾ ਭੀ ਨਸੀਬ ਨਹੀਂ ਹੁੰਦਾ, ਪਰ ਜੇ ਪਰਮਾਤਮਾ ਉਸ ਦੇ ਚਿੱਤ ਵਿੱਚ ਆ ਵੱਸੇ, ਤਾਂ ਉਸ ਦਾ ਤਨ ਸ਼ਾਂਤ ਹੋ ਜਾਂਦਾ ਹੈ ਉਸ ਦਾ ਮਨ ਸੰਤੋਖ ਨਾਲ ਠੰਢਾ-ਠਾਰ ਹੋ ਜਾਂਦਾ ਹੈ।੩।)

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਮਾੜੇ ਤੋਂ ਮਾੜੇ ਹਾਲਾਤ ਵਿਚ ਭਾਵ ਅਤਿ ਦੁਖ ਸਮੇਂ ਵੀ ਚਿੰਤਾ ਨਹੀਂ ਕਰਨੀ ਬਲਕਿ ਉਸ ਪਰਮਾਤਮਾ ਦੇ ਨਾਮ ਨੂੰ ਚੇਤੇ ਕਰਨਾ ਹੈ ਕਿਉਂਕਿ ਨਾਮ ਚਿਤ ਵਿਚ ਵਸਣ ਨਾਲ ਸਾਰੀਆਂ ਚਿੰਤਾਵਾਂ ਦਾ ਖਾਤਮਾ ਹੋ ਜਾਂਦਾ ਹੈ। ਯਥਾ: **"ਚਿੰਤਤ ਹੀ ਦੀਸੈ ਸਭੁ ਕੋਇ॥ ਚੇਤਹਿ ਏਕੁ ਤਹੀ ਸੁਖੁ ਹੋਇ॥"**

## ਤੀਜੀ ਸਿੱਖਿਆ

**"ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥**
**ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥**
**ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥**
**ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥**
**ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥"**

(ਭਾਵ: ਹੇ ਮੇਰੀ ਮਾਂ! ਮੈਂ ਉਸ ਪਰਮਾਤਮਾ ਨੂੰ ਕਿਉਂ ਵਿਸਾਰਾਂ ਜੋ ਆਪ ਵੀ ਸਤਿ ਹੈ ਤੇ ਜਿਸ ਦਾ ਨਾਮ ਵੀ ਸਤਿ ਹੈ। ਸੱਚੇ ਦੇ ਨਾਮ ਦੀ ਰੱਤਾ ਜਿੰਨੀ ਵੀ ਵਡਿਆਈ ਨਾ ਕੋਈ ਜੀਵ ਅੱਜ ਤੱਕ ਕਰ ਸਕਿਆ ਹੈ ਅਤੇ ਨਾ ਅਗੋਂ ਕਰ ਸਕੇਗਾ। ਪਰਮਾਤਮਾ ਨੂੰ ਇਸ ਗੱਲ ਦਾ ਕੋਈ ਫਰਕ

ਨਹੀਂ ਪੈਂਦਾ ਕਿ ਕੋਈ ਉਸਦੀ ਵਡਿਆਈ ਕਰੇ ਜਾਂ ਨਾ ਕਰੇ। ਪਰ ਜੀਵਾਂ ਨੂੰ ਉਸ ਦੀ ਵਡਿਆਈ ਕਰਨ ਨਾਲ ਬਹੁਤ ਜਿਆਦਾ ਫਰਕ ਪੈਂਦਾ ਹੈ ਤੇ ਫਾਇਦਾ ਮਿਲਦਾ ਹੈ ਅਤੇ ਉਹ ਬਖਸ਼ਸ਼ਾਂ ਦੇ ਪਾਤਰ ਬਣ ਜਾਂਦੇ ਹਨ।)

ਇਹ ਇਕ ਅਟੱਲ ਸੱਚਾਈ ਹੈ ਕਿ ਸੇਵਾ ਕਰਦਿਆਂ ਕਰਦਿਆਂ ਸੇਵਕ ਆਪਣੇ ਮਾਲਕ ਦਾ ਹੀ ਰੂਪ ਹੋ ਨਿਬੜਦਾ ਹੈ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ '**ਜੈਸਾ ਸੇਵੈ ਤੈਸੋ ਹੋਇ**'। ਇਸੇ ਹੀ ਤਰ੍ਹਾਂ ਨਾਲ ਜਿਹੜੇ ਜੀਵ ਉਸ ਦੇ ਗੁਣ ਗਾਉਣਗੇ, ਉਹ ਗੁਣ ਗਾ-ਗਾ ਕੇ ਉਸੇ ਦਾ ਹੀ ਰੂਪ ਹੋ ਜਾਣਗੇ। ਪਰਮਾਤਮਾ ਦੀਆਂ ਵਡਿਆਈਆਂ ਕਰ-ਕਰ ਕੇ, ਗੁਣ ਗਾ-ਗਾ ਕੇ ਸਾਨੂੰ ਜੀਵਾਂ ਨੂੰ ਹੀ ਲਾਭ ਹੋਣਾ ਹੈ ਅਤੇ ਪਰਮਾਤਮਾ ਨੂੰ ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਭਾਵੇਂ ਕੋਈ ਉਸ ਦੇ ਗੁਣ ਗਾਵੇਂ ਤੇ ਭਾਵੇਂ ਨਾ ਗਾਵੇ।

ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ "**ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ**" ਵਾਲੀ ਜੁਗਤਿ ਨੂੰ ਅਪਨਾਉਣਾ ਹੈ ਅਤੇ ਉਸ ਅਕਾਲ ਪੁਰਖੁ ਪਰਮੇਸ਼ਰ ਦੀ ਵਡਿਆਈ ਕਰਨੀ ਹੈ ਜਿਸ ਦੀ ਹਸਤੀ ਕਾਲ ਤੋਂ ਪਰ੍ਹੇ ਹੈ। ਕਿਸੇ ਦੁਨਿਆਵੀ ਬੰਦੇ ਦੀ ਕੀਤੀ ਹੋਈ ਵਡਿਆਈ ਦੀ ਕੀਮਤ ਉਸ ਦੇ ਮਰਨ ਤੋਂ ਬਾਅਦ ਖਤਮ ਹੋ ਜਾਂਦੀ ਹੈ ਜਦਕਿ ਅਕਾਲ ਪੁਰਖੁ ਪਰਮੇਸ਼ਰ ਦੀ ਕੀਤੀ ਵਡਿਆਈ ਹਮੇਸ਼ਾ ਕਾਇਮ ਰਹਿੰਦੀ ਹੈ ਕਿਉਂਕਿ ਪਰਮਾਤਮਾ ਆਪ 'ਅਕਾਲ' ਹੈ। ਉਸ ਨੇ ਕਦੇ ਮਰਨਾ ਵੀ ਨਹੀਂ, ਇਸ ਲਈ ਸਾਨੂੰ ਕਦੇ ਸੋਗ ਵੀ ਨਹੀਂ ਹੋਵੇਗਾ।

## ਚੌਥੀ ਸਿੱਖਿਆ

### "ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥"

ਉਹ ਪਰਮੇਸ਼ਰ ਜਿਡਾ ਵੱਡਾ ਆਪ ਹੈ, ਉਸ ਦੀਆਂ ਦਿੱਤੀਆਂ ਦਾਤਾਂ ਵੀ ਉਤਨੀਆਂ ਹੀ ਵੱਡੀਆਂ ਹਨ। ਉਦਾਹਰਣ ਵਜੋਂ ਪਰਮਾਤਮਾ ਨੇ ਸਾਨੂੰ ਹਵਾ, ਪਾਣੀ, ਅੱਖਾਂ ਦਿਤੀਆਂ ਹਨ, ਕੰਨ ਦਿੱਤੇ ਹਨ, ਹੱਥ, ਪੈਰ ਦਿਤੇ ਹਨ, ਦਿਨ ਤੋਂ ਬਾਅਦ ਰਾਤ ਬਣਾਈ ਹੈ ਆਦਿ ਆਦਿ। ਜਿਨ੍ਹਾਂ ਦਾ ਅਸੀਂ ਕੋਈ ਵੀ ਮੁੱਲ ਅਦਾ ਨਹੀਂ ਕਰ ਸਕਦੇ। ਉਸ ਨੇ ਸਾਨੂੰ ਇਹ ਅਮੁੱਲ ਦਾਤਾਂ ਮੁਫਤ ਵਿਚ ਹੀ ਦਿੱਤੀਆਂ ਹਨ।

ਇਸ ਸੰਬੰਧ ਵਿਚ ਆਪ ਜੀ ਨਾਲ ਇਕ ਘਟਨਾ ਸਾਂਝੀ ਕਰ ਰਿਹਾਂ ਹਾਂ। ਇਕ ਵਾਰ ਇਕ ਅਧਿਆਪਕ ਨੇ ਆਪਣੇ ਵਿਦਿਆਰਥੀਆਂ ਨੂੰ ਕਲਾਸ ਵਿਚ ਕੰਮ ਦਿਤਾ ਕਿ ਤੁਸੀਂ ਦੁਨੀਆਂ ਦੇ 7 ਅਜੂਬਿਆਂ ਤੇ ਇਕ ਲੇਖ ਲਿਖ ਕੇ ਲੈ ਕੇ ਆਉਣਾ ਹੈ। ਵਿਦਿਆਰਥੀਆਂ ਨੇ ਅਲੱਗ ਅਲੱਗ

ਅਜੂਬਿਆਂ ਜਿਵੇਂ ਕਿ Taj Mahal, Great Wall of China etc. ਤੇ ਲੇਖ ਲਿਖ ਕੇ ਲਿਆਂਦੇ। ਪਰ ਇਕ ਵਿਦਿਆਰਥੀ ਨੇ ਲਿਖਿਆ ਕਿ ਦੁਨੀਆਂ ਦੇ ਲੋਕ ਮਨੁੱਖ ਦੇ ਬਣਾਏ 7 ਅਜੂਬਿਆਂ ਦੀ ਗੱਲ ਤਾਂ ਕਰਦੇ ਹਨ ਜਦਕਿ ਉਨ੍ਹਾਂ ਅਜੂਬਿਆਂ ਭਰੀਆਂ ਦਾਤਾਂ ਜਿਨ੍ਹਾਂ ਤੋਂ ਬਿਨਾਂ ਮਨੁੱਖ ਦੀ ਹੋਂਦ ਹੀ ਨਹੀਂ ਬਚਦੀ ਇਨ੍ਹਾਂ ਨੂੰ ਕੋਈ ਚੇਤੇ ਹੀ ਨਹੀਂ ਕਰਦਾ ਜਿਵੇਂ ਕਿ ਹਵਾ, ਪਾਣੀ, ਧਰਤੀ, ਆਕਾਸ਼ ਆਦਿ। ਜੇ ਸਾਨੂੰ 2 ਮਿੰਟ ਵੀ ਹਵਾ ਨਾ ਮਿਲੇ ਤਾਂ ਸਾਡੀ ਮੌਤ ਹੋ ਜਾਂਦੀ ਹੈ ਅਤੇ ਜੇ ਸਾਨੂੰ ਪਿਆਸ ਲੱਗਣ ਤੇ ਪਾਣੀ ਨਾ ਮਿਲੇ ਤਾਂ ਅਸੀਂ ਮੱਛੀ ਵਾਂਗੂੰ ਤੜਫਦੇ ਹਾਂ। ਇਹ ਦਾਤਾਂ ਉਸ ਨੇ ਸਾਨੂੰ ਬਿਨਾਂ ਕਿਸੇ ਕੀਮਤ ਦੇ ਹੀ ਦਿੱਤੀਆਂ ਹੋਈਆਂ ਹਨ। ਉਸ ਦੀਆਂ ਬੇਅੰਤ ਦਾਤਾਂ ਵਿਚੋਂ ਕੁਝ ਕੁ ਦਾਤਾਂ ਇਹ ਵੀ ਹਨ:-1. ਅਸੀਂ ਦੇਖ ਸਕਦੇ ਹਾਂ 2. ਬੋਲ ਸਕਦੇ ਹਾਂ 3. ਸੁਣ ਸਕਦੇ ਹਾਂ 4. ਚੱਲ ਸਕਦੇ ਹਾਂ 5. ਸੁੰਘ ਸਕਦੇ ਹਾਂ 6. ਖਾ ਸਕਦੇ ਹਾਂ 7. ਹੱਥਾਂ ਨਾਲ ਕੰਮ ਕਰ ਸਕਦੇ ਹਾਂ 8. ਸੋਚ ਸਕਦੇ ਹਾਂ ਆਦਿ ਆਦਿ। ਉਨ੍ਹਾਂ ਨੂੰ ਜਾ ਕੇ ਪੁੱਛੋ ਜਿਨ੍ਹਾਂ ਕੋਲ ਅੱਖਾਂ ਨਹੀਂ, ਕੰਨਾਂ ਵਿਚ ਸੁਨਣ ਦੀ ਸ਼ਕਤੀ ਨਹੀਂ, ਜਿਹੜੇ ਬੋਲ ਨਹੀਂ ਸਕਦੇ, ਚਲ ਨਹੀਂ ਸਕਦੇ ਆਦਿ ਆਦਿ। ਅਜਿਹੇ ਲੋਕ ਕਹਿੰਦੇ ਹਨ ਕਿ ਸਾਡੇ ਕੋਲ ਜਿੰਨੇ ਮਰਜ਼ੀ ਪੈਸੇ ਲੈ ਲਏ ਜਾਣ ਪਰ ਸਾਨੂੰ ਇਹ ਦਾਤਾਂ ਮਿਲ ਜਾਣ ਤਾਂ ਵੀ ਉਨ੍ਹਾਂ ਨੂੰ ਨਹੀਂ ਮਿਲਦੀਆਂ।

ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਹਰ ਵੇਲੇ ਉਸ ਦੀਆਂ ਦਾਤਾਂ ਦਾ ਸ਼ੁਕਰਾਨਾ ਕਰਨਾ ਹੈ ਅਤੇ ਜਪੁ ਜੀ ਸਾਹਿਬ ਵਿਚ ਦੱਸੀ ਹੋਈ ਜੁਗਤਿ "**ਗਾਵੈ ਕੋ ਦਾਤਿ ਜਾਣੈ ਨੀਸਾਣੁ॥**" ਨੂੰ ਜੀਵਨ ਵਿਚ ਹਮੇਸ਼ਾ ਯਾਦ ਰੱਖਣਾ ਹੈ।

ਜਿਹੜੇ ਬੰਦੇ ਪਰਮਾਤਮਾ ਨੂੰ ਭੁੱਲ ਜਾਂਦੇ ਹਨ ਅਤੇ ਉਸ ਦੀਆਂ ਦਾਤਾਂ ਦਾ ਸ਼ੁਕਰ ਨਹੀਂ ਕਰਦੇ, ਉਹ ਨੀਚ ਜਾਤ ਵਾਲੇ ਹਨ। ਇਸੇ ਲਈ ਹੀ ਤਾਂ ਅਗਲੀਆਂ ਪੰਕਤੀਆਂ ਵਿਚ ਗੁਰੂ ਜੀ ਨੇ ਫੁਰਮਾਇਆ ਹੈ:-

"**ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥**"

# ਰਾਗੁ ਗੂਜਰੀ ਮਹਲਾ ੪ ॥

**ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥**
**ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥**
**ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥**
**ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥**
**ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥**
**ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥**
**ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥**
**ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥**
**ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥**
**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ**
**ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥**

**ਪਦ ਅਰਥ: ਹਰਿ ਕੇ ਜਨ**–ਹੇ ਹਰੀ ਦੇ ਸੇਵਕ! ਸਤਿਗੁਰ! **ਸਤਪੁਰਖਾ**–ਹੇ ਮਹਾ ਪੁਰਖ ਗੁਰੂ! **ਬਿਨਉ**–ਬੇਨਤੀ। **ਕਰਉ**–ਕਰਉਂ, ਮੈਂ ਕਰਦਾ ਹਾਂ। **ਗੁਰ ਪਾਸਿ**–ਹੇ ਗੁਰੂ! ਤੇਰੇ ਪਾਸ। **ਸਤਿਗੁਰ ਸਰਣਾਈ**–ਹੇ ਗੁਰੂ! ਤੇਰੀ ਸਰਨ। **ਕੀਰੇ ਕਿਰਮ**–ਨਿਮਾਣੇ, ਦੀਨ ਜੀਵ। **ਪਰਗਾਸਿ**–ਪਰਗਟ ਕਰ, ਚਾਨਣ ਕਰ।੧।

**ਮੋ ਕਉ** – ਮੇਰੇ ਅੰਦਰ। **ਮੀਤ** –ਹੇ ਮਿੱਤਰ! **ਗੁਰਮਤਿ**– ਗੁਰੂ ਦੀ ਮਤਿ ਦੀ ਰਾਹੀਂ ਮਿਲਿਆ ਹੋਇਆ । **ਪ੍ਰਾਨ ਸਖਾਈ**– ਜਿੰਦ ਦਾ ਸਾਥੀ। **ਕੀਰਤਿ**–ਸੋਭਾ, ਸਿਫ਼ਤਿ-ਸਾਲਾਹ। **ਰਹਰਾਸਿ**– ਰਾਹ ਦੀ ਰਾਸਿ, ਜ਼ਿੰਦਗੀ ਦੇ ਸਫ਼ਰ ਵਾਸਤੇ ਖ਼ਰਚੀ।੧। ਰਹਾਉ। **ਤ੍ਰਿਪਤਾਸਹਿ** – ਰੱਜ ਜਾਂਦੇ ਹਨ। **ਮਿਲਿ** – ਮਿਲ ਕੇ।੨। **ਧ੍ਰਿਗੁ ਜੀਵੇ** –ਲਾਹਨਤ ਹੈ ਉਹਨਾਂ ਦੇ ਜੀਊਣ ਨੂੰ।੩। **ਧੁਰਿ** –ਧੁਰ ਤੋਂ, ਪਰਮਾਤਮਾ ਵਲੋਂ। **ਮਸਤਕਿ** –ਮੱਥੇ ਉੱਤੇ। **ਲਿਖਾਸਿ** –ਲੇਖ (ਲਫ਼ਜ਼ 'ਜੀਵਾਸਿ' ਅਤੇ 'ਲਿਖਾਸਿ' ਲਫ਼ਜ਼ 'ਜੀਵੇ' ਅਤੇ 'ਲੇਖ' ਤੋਂ ਬਦਲੇ ਹੋਏ ਹਨ ਤੁਕਾਂਤ ਪੂਰਾ ਕਰਨ ਲਈ)। **ਜਿਤੁ**–ਜਿਸ ਵਿਚ, ਜਿਸ ਦੀ ਰਾਹੀਂ। **ਮਿਲਿ ਜਨ**–ਜਨਾਂ ਨੂੰ ਮਿਲ ਕੇ, ਪ੍ਰਭੂ ਦੇ ਸੇਵਕਾਂ ਨੂੰ ਮਿਲ ਕੇ।੪।

**ਸ਼ਬਦ-ਉਚਾਰਨ**:-

ਬਿੰਦੀ ਸਹਿਤ ਪੜ੍ਹਨ ਵਾਲੇ ਸ਼ਬਦ: ਕਰਉਂ, ਤ੍ਰਿਪਤਾਸਹਿਂ, ਸ਼ਰਧਾ।

**ਅਰਥ:** ਹੇ ਮਹਾਪੁਰਖ ਗੁਰੂ! ਹੇ ਪ੍ਰਭੂ ਦੇ ਭਗਤ ਸਤਿਗੁਰੂ! ਮੈਂ, ਹੇ ਗੁਰੂ! ਤੇਰੇ ਅੱਗੇ ਬੇਨਤੀ ਕਰਦਾ ਹਾਂ- ਕਿਰਪਾ ਕਰ ਕੇ ਮੇਰੇ ਅੰਦਰ ਪ੍ਰਭੂ ਦਾ ਨਾਮ-ਚਾਨਣ ਪੈਦਾ ਕਰ। ਹੇ ਸਤਿਗੁਰੂ! ਮੈਂ ਨਿਮਾਣਾ ਤੇਰੀ ਸਰਨ ਆਇਆ ਹਾਂ।੧।

ਹੇ ਮੇਰੇ ਮਿੱਤਰ ਗੁਰੂ! ਮੈਨੂੰ ਪ੍ਰਭੂ ਦਾ ਨਾਮ-ਚਾਨਣ ਬਖ਼ਸ਼। ਗੁਰੂ ਦੀ ਦੱਸੀ ਮਤਿ ਦੀ ਰਾਹੀਂ ਮਿਲਿਆ ਹੋਇਆ ਹਰਿ-ਨਾਮ ਮੇਰੀ ਜਿੰਦ ਦਾ ਸਾਥੀ ਬਣਿਆ ਰਹੇ, ਪ੍ਰਭੂ ਦੀ ਸਿਫ਼ਤਿ-ਸਾਲਾਹ ਮੇਰੀ ਜ਼ਿੰਦਗੀ ਦੇ ਸਫ਼ਰ ਲਈ ਰਾਸਿ-ਪੂੰਜੀ ਬਣੀ ਰਹੇ।੧। ਰਹਾਉ।

ਪ੍ਰਭੂ ਦੇ ਉਹਨਾਂ ਸੇਵਕਾਂ ਦੇ ਬੜੇ ਉੱਚੇ ਭਾਗ ਹਨ ਜਿਨ੍ਹਾਂ ਦੇ ਅੰਦਰ ਪ੍ਰਭੂ ਦੇ ਨਾਮ ਵਾਸਤੇ ਸ਼ਰਧਾ ਹੈ, ਖਿੱਚ ਹੈ। ਜਦੋਂ ਉਹਨਾਂ ਨੂੰ ਪਰਮਾਤਮਾ ਦਾ ਨਾਮ ਪ੍ਰਾਪਤ ਹੁੰਦਾ ਹੈ ਉਹ ਮਾਇਆ ਦੀ ਤ੍ਰਿਸ਼ਨਾ ਵਲੋਂ ਰੱਜ ਜਾਂਦੇ ਹਨ, ਸਾਧ ਸੰਗਤਿ ਵਿਚ ਮਿਲ ਕੇ ਉਹਨਾਂ ਦੇ ਅੰਦਰ ਭਲੇ ਗੁਣ ਪੈਦਾ ਹੁੰਦੇ ਹਨ।੨।

ਪਰ ਜਿਨ੍ਹਾਂ ਮਨੁੱਖਾਂ ਨੂੰ ਪਰਮਾਤਮਾ ਦੇ ਨਾਮ ਦਾ ਸੁਆਦ ਨਹੀਂ ਆਇਆ, ਜਿਨ੍ਹਾਂ ਨੂੰ ਪ੍ਰਭੂ ਦਾ ਨਾਮ ਨਹੀਂ ਮਿਲਿਆ, ਉਹ ਬਦ-ਕਿਸਮਤ ਹਨ, ਉਹ ਜਮਾਂ ਦੇ ਵੱਸ ਪਏ ਹੋਏ ਸਮਝੋ ਉਹਨਾਂ ਦੇ ਸਿਰ ਉਤੇ ਆਤਮਕ ਮੌਤ ਸਦਾ ਸਵਾਰ ਰਹਿੰਦੀ ਹੈ । ਜੋ ਮਨੁੱਖ ਗੁਰੂ ਦੀ ਸਰਨ ਨਹੀਂ ਆਉਂਦੇ, ਜੋ ਸਾਧ ਸੰਗਤਿ ਵਿਚ ਨਹੀਂ ਬੈਠਦੇ, ਲਾਹਨਤ ਹੈ ਉਹਨਾਂ ਦੇ ਜੀਊਣ ਨੂੰ, ਉਹਨਾਂ ਦਾ ਜੀਊਣਾ ਫਿਟਕਾਰ-ਜੋਗ ਹੈ।੩।

ਜਿਨ੍ਹਾਂ ਪ੍ਰਭੂ ਦੇ ਸੇਵਕਾਂ ਨੂੰ ਗੁਰੂ ਦੀ ਸੰਗਤਿ ਵਿਚ ਬੈਠਣਾ ਨਸੀਬ ਹੋਇਆ ਹੈ, ਸਮਝੋ ਉਹਨਾਂ ਦੇ ਮੱਥੇ ਉਤੇ ਧੁਰੋਂ ਹੀ ਚੰਗਾ ਲੇਖ ਲਿਖਿਆ ਹੋਇਆ ਹੈ। ਹੇ ਨਾਨਕ! ਧੰਨ ਹੈ ਸਤਸੰਗਤਿ! ਧੰਨ ਹੈ ਸਤਸੰਗਤਿ! ਜਿਸ ਵਿਚ ਬੈਠਿਆਂ ਪ੍ਰਭੂ ਦੇ ਨਾਮ ਦਾ ਆਨੰਦ ਮਿਲਦਾ ਹੈ, ਜਿਥੇ ਗੁਰਮੁਖਾਂ ਨੂੰ ਮਿਲਿਆਂ ਹਿਰਦੇ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ।੪। ੪।

# ਸਿੱਖਿਆਵਾਂ

## ਪਹਿਲੀ ਸਿੱਖਿਆ

**"ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥**
**ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥**
**ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥**
**ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥"**

ਉਪਰ ਲਿਖੀਆਂ ਪੰਕਤੀਆਂ ਵਿਚ ਸਾਨੂੰ ਗੁਰਦੇਵ ਪਿਤਾ ਅਰਦਾਸ ਕਰਨ ਦੀ ਜਾਚ ਸਿਖਾਉਂਦੇ ਹਨ ਕਿ ਅਸੀਂ ਸੱਚੇ ਪਾਤਸ਼ਾਹ ਅੱਗੇ ਇੰਝ ਬੇਨਤੀ ਕਰਨੀ ਹੈ ਕਿ ਮੈਂ ਗੰਦਾ, ਨਾਲੀ ਦੇ ਕੀੜੇ ਸਮਾਨ ਜੀਵਨ ਵਾਲਾ ਬੰਦਾ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ ਅਤੇ ਆਪ ਜੀ ਅੱਗੇ ਬਿਨੈ ਕਰਦਾ ਹਾਂ ਕਿ ਮੇਰੇ ਔਗੁਣਾਂ ਨੂੰ ਨਾ ਚਿਤਾਰਦਿਆਂ ਹੋਇਆਂ, ਦਇਆ ਦੇ ਘਰ ਵਿਚ ਆ ਕੇ, ਮੇਰੇ ਅੰਦਰ ਨਾਮ ਦਾ ਪ੍ਰਕਾਸ਼ ਕਰ ਦਿਉ। ਦੁਬਾਰਾ ਫਿਰ ਬੇਨਤੀ ਕਰਨੀ ਹੈ ਕਿ ਹੇ ਗੁਰਦੇਵ! ਤੁਸੀਂ ਮੇਰੇ ਮਿੱਤਰ ਹੋ, ਤੁਸੀਂ ਮੇਰੇ ਤੇ ਤਰਸ ਕਰਕੇ ਮੇਰੇ ਉਤੇ ਕਿਰਪਾ ਕਰ ਦਿਉ ਕਿ ਗੁਰੂ ਦੀ ਮੱਤ ਵਾਲਾ ਸੱਚਾ ਨਾਮ ਮੇਰੇ ਪ੍ਰਾਣਾਂ ਦਾ ਸਾਥੀ ਬਣ ਜਾਏ ਅਤੇ ਪਰਮੇਸ਼ਰ ਦੀ ਸਿਫਤ ਸਾਲਾਹ ਮੇਰੀ ਰਾਹ ਦੀ ਰਾਸ (ਰਹਰਾਸਿ) ਬਣ ਜਾਵੇ।

ਹੁਣ ਸਵਾਲ ਇਹ ਪੈਦਾ ਹੋਏਗਾ ਕਿ 'ਕਿਸ ਰਾਹ ਦੀ ਰਾਸਿ' ਬਣ ਜਾਵੇ? ਤਾਂ ਜਵਾਬ ਹੈ ਕਿ 'ਉਸ ਰਾਹ ਦੀ ਰਾਸਿ' ਬਣ ਜਾਵੇ ਜਿਥੇ ਮੇਰੀ ਆਤਮਾ ਨੇ ਜਾਣਾ ਹੈ ਅਤੇ ਇਸ ਸੰਸਾਰ ਵਿਚ ਵਿਚਰਦਿਆਂ ਜਿੰਨੀ ਦੇਰ ਤੱਕ ਅਸੀਂ ਸਰੀਰ ਦੇ ਵਿਚ ਰਹਿਣਾ ਹੈ, ਉਨੀ ਦੇਰ ਤਕ ਇਹ ਰੱਬੀ ਨਾਮ ਸਾਡੇ ਜੀਵਨ ਲਈ ਵੀ ਰਾਸ ਪੂੰਜੀ ਬਣਿਆ ਰਹੇ।

ਸਵਾਲ ਕਰਨ ਵਾਲੇ ਸਵਾਲ ਕਰਨਗੇ ਕਿ ਸਰੀਰ ਦੇ ਲਈ ਤਾਂ ਮਾਇਆ ਚਾਹੀਦੀ ਹੈ ਤੇ ਤੁਸੀਂ ਇਥੇ ਕਹਿ ਰਹੇ ਹੋ ਕਿ ਨਾਮ ਦੀ ਰਾਸ? ਤਾਂ ਜਵਾਬ ਹੈ ਕਿ ਸਰੀਰ ਦੇ ਵਿਚ ਹੁੰਦੇ ਹੋਏ ਕੋਈ ਵੀ ਕੰਮ ਕਰਦੇ ਹੋਏ ਕਿਧਰੇ ਵੀ ਜਾਂਦੇ ਹੋਏ, ਉਠਦਿਆਂ ਬੈਠਦਿਆਂ ਅਸੀਂ ਜੇ ਨਾਮ ਰੂਪੀ ਰਾਸ ਨੂੰ ਮਨ ਵਿਚ ਵਸਾਇਆ ਹੋਵੇਗਾ ਤਾਂ ਸਾਡੇ ਕਦਮ ਕਦੇ ਵੀ ਗਲਤ ਪਾਸੇ ਨਹੀਂ ਜਾਣਗੇ। ਸਾਡੀ ਜ਼ੁਬਾਨ ਕਦੇ ਗਲਤ ਨਹੀਂ ਬੋਲੇਗੀ, ਸਾਡੇ ਹੱਥ ਕਦੇ ਗਲਤ ਕੰਮ ਨਹੀਂ ਕਰਨਗੇ, ਸਾਡੀਆਂ ਅੱਖਾਂ ਕਦੇ ਗਲਤ ਨਹੀਂ ਤਕਣਗੀਆਂ, ਸਾਡੇ ਕੰਨ ਕਦੀ ਗਲਤ ਨਹੀਂ ਸੁਣਨਗੇ ਅਰਥਾਤ ਸਾਡੇ ਸਾਰੇ ਗਿਆਨ ਇੰਦਰੇ ਤੇ ਕਰਮ ਇੰਦਰੇ ਪਰਮਾਤਮਾ ਦੇ ਰੱਬੀ ਭੈ ਵਿਚ ਰਹਿ ਕੇ ਕੇਵਲ ਤੇ ਕੇਵਲ ਸੱਚ ਦੀ ਕਮਾਈ ਕਰਨਗੇ। ਐਸਾ ਗੁਰੂ ਕਾ ਸਿੱਖ ਜੋ ਜਿਉਂਦੇ ਜੀਅ ਨਾਮ ਨੂੰ ਆਪਣੀ ਰਾਸ ਬਣਾ ਲੈਂਦਾ

ਹੈ ਤਾਂ ਇਹ ਨਾਮ ਦੀ ਰਾਸ ਸਰੀਰ ਛੱਡਣ ਤੋਂ ਬਾਅਦ ਉਸ ਦੀ ਆਤਮਾ ਦੀ ਉਸ ਰਾਹ ਤੇ ਵੀ ਸਹਾਇਕ ਹੁੰਦੀ ਹੈ ਜਿਥੇ ਕੁਝ ਹੋਰ ਸਹਾਈ ਨਹੀਂ ਹੁੰਦਾ। ਜਿਵੇਂ ਕਿ ਗੁਰਬਾਣੀ ਫੁਰਮਾਨ ਹੈ:

**"ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥**
**ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥**
**ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥**
**ਅਨਿਕ ਪੁਨਹਚਰਨ ਕਰਤ ਨਹੀ ਤਰੈ ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥**
**ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ ਨਾਨਕ ਪਾਵਹੁ ਸੂਖ ਘਨੇਰੇ ॥੧॥" (ਅੰਗ:੨੬੪)**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ** ਤੇ ਅਰਦਾਸ ਕਰਨੀ ਹੈ ਕਿ ਹੇ ਮੇਰੇ ਗੁਰਦੇਵ! ਤੁਸੀਂ ਮੇਰੇ ਤੇ ਤਰਸ ਕਰਕੇ, ਮੇਰੇ ਉਤੇ ਕਿਰਪਾ ਕਰ ਦਿਉ ਕਿ ਗੁਰੂ ਦੀ ਮੱਤ ਵਾਲਾ ਸੱਚਾ ਨਾਮ ਮੇਰੇ ਪ੍ਰਾਣਾਂ ਦਾ ਸਾਥੀ ਬਣ ਜਾਏ ਅਤੇ ਪਰਮੇਸ਼ਰ ਦੀ ਸਿਫਤ ਸਾਲਾਹ ਮੇਰੀ ਰਾਹ ਦੀ ਰਾਸ (ਰਹਰਾਸਿ) ਬਣ ਜਾਵੇ।

## ਦੂਜੀ ਸਿੱਖਿਆ

**"ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥**
**ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥"**

(ਭਾਵ: ਪ੍ਰਭੂ ਦੇ ਉਨ੍ਹਾਂ ਸੇਵਕਾਂ ਦੇ ਬੜੇ ਉਚੇ ਭਾਗ ਹਨ ਜਿਨ੍ਹਾਂ ਦੇ ਅੰਦਰ ਪ੍ਰਭੂ ਦੇ ਨਾਮ ਵਾਸਤੇ ਸ਼ਰਧਾ ਹੈ, ਖਿੱਚ ਹੈ ਅਤੇ ਜਿਨ੍ਹਾਂ ਨੂੰ ਵਾਹਿਗੁਰੂ ਦੇ ਨਾਮ ਦੀ ਤ੍ਰੇਹ ਹੈ। ਜਦੋਂ ਉਨ੍ਹਾਂ ਨੂੰ ਪਰਮਾਤਮਾ ਦਾ ਨਾਮ ਪ੍ਰਾਪਤ ਹੁੰਦਾ ਹੈ ਤਾਂ ਉਹ ਮਾਇਆ ਦੀ ਤ੍ਰਿਸ਼ਨਾ ਵਲੋਂ ਰੱਜ ਜਾਂਦੇ ਹਨ, ਸਾਧ ਸੰਗਤ ਵਿਚ ਮਿਲ ਕੇ ਉਨ੍ਹਾਂ ਦੇ ਅੰਦਰ ਭਲੇ ਗੁਣ ਪੈਦਾ ਹੁੰਦੇ ਹਨ।)

ਆਮ ਦੇਖਣ ਵਿਚ ਆਇਆ ਹੈ ਕਿ ਦੁਨੀਆ ਦੇ ਲੋਕਾਂ ਨੂੰ ਮਾਇਕ ਪਦਾਰਥਾਂ ਦੀ ਬਹੁਤ ਜਿਆਦਾ ਪਿਆਸ ਰਹਿੰਦੀ ਹੈ – ਜਿਵੇਂ ਕਿ ਕਿਸੇ ਕੋਲ ਸਾਇਕਲ ਹੋਵੇ ਉਹ ਸਕੂਟਰ ਦੀ ਚਾਹਤ ਰੱਖਦਾ ਹੈ, ਸਕੂਟਰ ਵਾਲਾ ਕਾਰ ਦੀ ਚਾਹਤ ਰੱਖਦਾ ਹੈ, ਕਾਰ ਵਾਲਾ ਹੋਰ ਵੱਡੀ ਤੇ ਮਹਿੰਗੀ ਕਾਰ ਦੀ ਇੱਛਾ ਰੱਖਦਾ ਹੈ ਆਦਿ ਆਦਿ। ਪਰ ਕੀ ਕਦੇ ਕਿਸੇ ਨੇ ਸੋਚਿਆ ਹੈ ਕਿ ਇਹ ਜੋ ਦੁਨਿਆਵੀ ਪਦਾਰਥ ਅਸੀਂ ਮੰਗ ਰਹੇ ਹਾਂ ਕੀ ਉਹ ਸਾਡੇ ਮਨ ਨੂੰ ਤ੍ਰਿਪਤ ਕਰ ਸਕਣਗੇ ਤਾਂ ਜਵਾਬ ਹੈ ਕਿ ਨਹੀਂ ਕਿਉਂਕਿ ਇਕ ਇੱਛਾ ਪੂਰੀ ਹੋਣ ਤੋਂ ਬਾਅਦ ਨਾਲ ਹੀ ਹੋਰ ਇੱਛਾਵਾਂ ਪੈਦਾ ਹੋ ਜਾਂਦੀਆਂ ਹਨ। ਤਾਂ ਫਿਰ ਸਵਾਲ ਪੈਦਾ ਹੋਏਗਾ ਕਿ ਉਹ ਕਿਹੜਾ ਪਦਾਰਥ ਹੈ ਜਿਸ ਨੂੰ ਪ੍ਰਾਪਤ ਕਰ ਕੇ ਸਾਡਾ ਮਨ ਤ੍ਰਿਪਤ ਹੋ ਜਾਵੇ ਤਾਂ ਜਵਾਬ ਹੈ ਕਿ – ਉਹ ਪਦਾਰਥ ਹੈ

"ਨਿਰਮੋਲਕ ਨਾਮ ਰਤਨ" ਜਿਹੜਾ ਕਿ ਬੜੇ ਹੀ ਚੰਗੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ ਅਤੇ ਜਿਸ ਦੇ ਮਿਲਣ ਨਾਲ ਸਾਡੀਆਂ ਤ੍ਰਿਸ਼ਨਾਵਾਂ ਮਿਟ ਜਾਂਦੀਆਂ ਹਨ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ: "**ਤ੍ਰਿਸਨਾ ਬੁਝੈ ਹਰਿ ਕੈ ਨਾਮਿ॥**" ਉਹ ਜੀਵ ਧੰਨਤਾ ਦੇ ਯੋਗ ਹਨ ਜਿਨ੍ਹਾਂ ਨੂੰ ਹਰੀ ਦੇ ਨਾਮ ਦੀ ਪਿਆਸ ਲੱਗ ਜਾਂਦੀ ਹੈ। ਉਪਰਲੀਆਂ ਪੰਕਤੀਆਂ "**ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥**" ਵਿਚ ਵੀ ਗੁਰਦੇਵ ਪਿਤਾ ਸਾਨੂੰ ਇਹੀ ਸਮਝਾ ਰਹੇ ਹਨ ਕਿ ਉਨ੍ਹਾਂ ਪ੍ਰਭੂ ਦੇ ਸੇਵਕਾਂ ਦੇ ਬਹੁਤ ਵੱਡੇ ਭਾਗ ਹਨ ਜਿਨ੍ਹਾਂ ਦੇ ਮਨ ਵਿਚ ਹਰੀ ਦੇ ਨਾਮ ਦੇ ਪ੍ਰਤੀ ਸ਼ਰਧਾ ਜਾਗ ਜਾਂਦੀ ਹੈ ਅਤੇ ਹਰੀ ਦੇ ਨਾਮ ਦੀ ਪਿਆਸ ਲੱਗ ਜਾਂਦੀ ਹੈ।

ਸਵਾਲ ਕਰਨ ਵਾਲੇ ਇਹ ਸਵਾਲ ਕਰਨਗੇ ਕਿ ਕੀ ਸਾਨੂੰ ਫਿਰ ਪਰਮਾਤਮਾ ਕੋਲੋਂ ਦੁਨਿਆਵੀ ਪਦਾਰਥ ਨਹੀਂ ਮੰਗਣੇ ਚਾਹੀਦੇ ਤਾਂ ਜਵਾਬ ਹੈ ਕਿ ਜਿੱਥੇ ਦੁਨਿਆਵੀ ਪਦਾਰਥ ਲੋੜ ਅਨੁਸਾਰ (ਲਾਲਚ ਅਤੇ ਤ੍ਰਿਸ਼ਨਾ ਰਹਿਤ) ਮੰਗਣੇ ਹਨ, ਉੱਥੇ ਨਾਲ ਹੀ "ਨਿਰਮੋਲਕ ਨਾਮ ਪਦਾਰਥ" ਦੀ ਪ੍ਰਾਪਤੀ ਲਈ ਵੀ ਯਾਚਨਾ ਕਰਨੀ ਹੈ ਜਿਵੇਂ ਕਿ ਦੁਰਗਾ ਪੰਡਤ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਅੱਗੇ ਕੀਤੀ ਸੀ (ਇਸ ਸੰਬੰਧ ਵਿਚ ਦੁਰਗਾ ਪੰਡਤ ਦੀ ਸਾਖੀ ਨੂੰ ਦੇਖੋ ਪੰਨਾ ਨੰ 120 ਤੇ)

ਹੁਣ ਸਵਾਲ ਇਹ ਪੈਦਾ ਹੋਏਗਾ ਕਿ ਇਹ ਨਾਮ ਪਦਾਰਥ (ਜਿਸ ਨੂੰ ਪਾ ਕੇ ਸਾਡਾ ਮਨ ਤ੍ਰਿਸ਼ਨਾ ਮੁਕਤ ਹੋ ਕੇ ਤ੍ਰਿਪਤ ਰਹਿੰਦਾ ਹੈ) ਦੀ ਦਾਤ ਸਾਨੂੰ ਕਿਥੋਂ ਮਿਲੇਗੀ? ਤਾਂ ਜਵਾਬ ਹੈ ਕਿ 'ਨਾਮ ਪਦਾਰਥ' ਸਦਾ ਹੀ ਗੁਰਦੇਵ ਜੀ ਦੀ ਹੱਟੀ ਤੋਂ ਪ੍ਰਾਪਤ ਹੁੰਦਾ ਹੈ ਤੇ ਸਾਧ ਸੰਗਤ ਵਿਚ ਬੈਠ ਕੇ ਇਸ ਦਾ ਵਣਜ (ਵਾਪਾਰ) ਕੀਤਾ ਜਾਂਦਾ ਹੈ। ਸਾਧ ਸੰਗਤ ਵਿਚ ਜਾ ਕੇ ਹੀ ਗੁਣਾਂ ਦਾ ਪ੍ਰਗਾਸ ਹੁੰਦਾ ਹੈ ਜਿਸ ਸਦਕਾ ਸਿੱਖ ਦਾ ਭਵਜਲ ਤੋਂ ਪਾਰ ਉਤਾਰਾ ਹੋ ਜਾਂਦਾ ਹੈ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

**"ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥"**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਸਿੱਖ ਨੇ ਹਰ ਰੋਜ਼ ਘੱਟੋ ਘੱਟ ਦੋ ਸਮੇਂ ਸਾਧ ਸੰਗਤ ਵਿਚ ਹਾਜ਼ਰੀ ਜ਼ਰੂਰ ਭਰਨੀ ਹੈ ਅਤੇ ਕੀਰਤਨ ਜਾਂ ਕਥਾ ਸੁਣਨੀ ਹੈ। ਸਾਧ ਸੰਗਤ ਵਿਚ ਦਿਤੇ ਹੋਏ ਉਪਦੇਸ਼ਾਂ ਨੂੰ ਜੀਵਨ ਵਿਚ ਧਾਰਨ ਕਰਕੇ ਆਪਣਾ ਜੀਵਨ ਸਫਲ ਬਣਾਉਣਾ ਹੈ। ਜਿਨ੍ਹਾਂ ਜਿਨ੍ਹਾਂ ਨੇ ਵੀ ਸਾਧ ਸੰਗਤ ਦਾ ਲੜ ਫੜਿਆ ਹੈ ਉਨ੍ਹਾਂ ਅੰਦਰ ਭਲੇ ਗੁਣ ਪੈਦਾ ਹੋ ਜਾਂਦੇ ਹਨ ਜਿਹੜੇ ਕਿ ਰੱਬੀ ਮਿਲਾਪ ਵਿਚ ਸਹਾਇਕ ਹੁੰਦੇ ਹਨ।

# ਤੀਜੀ ਸਿੱਖਿਆ

**"ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥**
**ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥"**

(ਭਾਵ: ਜਿਨ੍ਹਾਂ ਮਨੁੱਖਾਂ ਨੂੰ ਪਰਮਾਤਮਾ ਦੇ ਨਾਮ ਦਾ ਰਸ ਨਹੀਂ ਆਇਆ, ਉਹ ਬਦ-ਕਿਸਮਤ ਹਨ ਅਤੇ ਅਜਿਹੇ ਮਨੁੱਖ ਜਮਾਂ ਦੇ ਵੱਸ ਪੈਣ ਹੀ ਪੈਣਗੇ। ਜਿਹੜੇ ਸਤਿਗੁਰੂ ਜੀ ਦੀ ਸ਼ਰਨ ਵਿਚ ਨਹੀਂ ਜਾਂਦੇ ਉਨ੍ਹਾਂ ਦਾ ਜੀਵਨ ਧ੍ਰਿਕਾਰ ਯੋਗ ਹੈ ਅਤੇ ਅਜਿਹੇ ਜੀਵਨ ਵਾਲਿਆਂ ਨੂੰ ਵੀ ਧ੍ਰਿਕਾਰ ਹੈ।)

ਇਸ ਸਬਦ ਤੋਂ ਪਿਛਲੇ ਸ਼ਬਦ ਵਿਚ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ "**ਖਸਮੁ ਵਿਸਾਰਹਿ ਤੇ ਕਮਜਾਤਿ ॥**" ਅਰਥਾਤ ਜਿਹੜੇ ਬੰਦੇ ਪ੍ਰਭੂ ਨੂੰ ਭੁਲਾ ਦਿੰਦੇ ਹਨ ਉਹ ਨੀਵੇਂ ਜਨਮ ਵਾਲੇ ਬਣ ਜਾਂਦੇ ਹਨ ਅਤੇ ਨਾਮ ਤੋਂ ਖੁੰਝੇ ਹੋਏ ਜੀਵ ਹੀ ਅਸਲ ਵਿਚ ਨੀਚ ਹਨ। ਉਪਰਲੀਆਂ ਪੰਕਤੀਆਂ "**ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥ ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥**" ਵਿਚ ਵੀ ਧੰਨ ਸ੍ਰੀ ਗੁਰੂ ਰਾਮਦਾਸ ਜੀ ਵੀ ਇਹੀ ਗੱਲ ਨੂੰ ਫਿਰ ਦ੍ਰਿੜ ਕਰਵਾਉਂਦੇ ਹਨ ਅਤੇ ਫੁਰਮਾਉਂਦੇ ਹਨ ਕਿ ਜਿਹੜੇ ਨਾਮ ਨਹੀਂ ਜਪਦੇ ਉਹ ਭਾਗਹੀਣੇ ਮਨੁੱਖ ਹਨ ਅਤੇ ਅਜਿਹੇ ਮਨੁੱਖ ਜਮਾਂ ਦੇ ਵੱਸ ਪਏ ਸਮਝੋ ਕਿਉਂਕਿ ਉਨ੍ਹਾਂ ਦੇ ਸਿਰ ਤੇ ਆਤਮਕ ਮੌਤ ਸਦਾ ਸਵਾਰ ਰਹਿੰਦੀ ਹੈ ਅਤੇ ਜਿਹੜੇ ਮਨੁੱਖ ਸਾਧ ਸੰਗਤ ਵਿਚ ਨਹੀਂ ਆਉਂਦੇ ਉਨ੍ਹਾਂ ਦਾ ਜੀਵਨ ਫਿਟਕਾਰ ਯੋਗ ਹੈ।

ਇਸ ਸੰਬੰਧ ਵਿਚ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਵੀ ਫੁਰਮਾਨ ਹੈ ਕਿ ਜਿਸ ਮਨੁੱਖ ਦੇ ਮਨ ਵਿਚ ਪਰਮਾਤਮਾ ਦੀ ਭਗਤੀ ਨਹੀਂ ਹੈ, ਉਸ ਦਾ ਸਰੀਰ ਉਹੋ ਜਿਹਾ ਹੀ ਸਮਝ ਜਿਹੋ ਜਿਹਾ (ਕਿਸੇ) ਸੂਰ ਦਾ ਸਰੀਰ ਹੈ (ਜਾਂ ਕਿਸੇ) ਕੁੱਤੇ ਦਾ ਸਰੀਰ ਹੈ । ਯਥਾ :-

**"ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥**
**ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥੪੪॥" (ਅੰਗ:੧੪੨੮)**

ਕਈ ਬੰਦੇ ਇਹ ਸਵਾਲ ਕਰਨਗੇ ਕਿ ਗੁਰੂ ਸਾਹਿਬ ਨੇ ਨਾਮ ਤੋਂ ਖਾਲੀ ਜੀਵਾਂ ਬਾਰੇ ਇੰਨੀ ਤਾੜਨਾ ਭਰੇ ਸ਼ਬਦ ਕਿਉਂ ਵਰਤੇ ਹਨ ਤਾਂ ਜਵਾਬ ਹੈ ਕਿ ਚੌਰਾਸੀ ਲੱਖ ਜੂਨਾਂ ਤੋਂ ਬਾਅਦ ਇਹ ਮਨੁੱਖਾ ਜਨਮ ਮਿਲਿਆ ਹੀ ਕੇਵਲ ਨਾਮ ਜਪਣ ਵਾਸਤੇ ਹੈ ਅਤੇ ਇਹ ਇਕ ਐਸਾ ਸੁਨਿਹਰੀ ਮੌਕਾ ਹੈ ਜਿਸ ਵਿਚ ਨਾਮ ਜਪ ਕੇ ਅਸੀਂ ਪਰਮਾਤਮਾ ਵਿਚ ਅਭੇਦ ਹੋ ਸਕਦੇ ਹਾਂ। ਇਸੇ ਲਈ ਹੀ ਤਾਂ ਗੁਰਬਾਣੀ ਵਿਚ ਲਿਖਿਆ ਹੈ ਕਿ ਇਸ ਗੱਲ ਨੂੰ ਯਾਦ ਰਖੋ ਕਿ ਪਰਮਾਤਮਾ ਦੀ ਭਜਨ ਬੰਦਗੀ ਹੀ ਸਾਡੇ ਜੀਵਨ ਮਨੋਰਥ ਦੀ ਪੂਰਤੀ ਹੈ।

ਇਸ ਸੰਬੰਧ ਵਿਚ ਗੁਰਬਾਣੀ ਫੁਰਮਾਨ ਹੈ:

**"ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥**
**ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥੧॥**
**ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥੧॥ ਰਹਾਉ ॥**
**ਜਬ ਲਗੁ ਜਰਾ ਰੋਗੁ ਨਹੀ ਆਇਆ ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥**
**ਜਬ ਲਗੁ ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥**
**ਅਬ ਨ ਭਜਸਿ ਭਜਸਿ ਕਬ ਭਾਈ ॥ ਆਵੈ ਅੰਤੁ ਨ ਭਜਿਆ ਜਾਈ ॥**
**ਜੋ ਕਿਛੁ ਕਰਹਿ ਸੋਈ ਅਬ ਸਾਰੁ ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥੩॥**
**ਸੋ ਸੇਵਕੁ ਜੋ ਲਾਇਆ ਸੇਵ ॥ ਤਿਨ ਹੀ ਪਾਏ ਨਿਰੰਜਨ ਦੇਵ ॥**
**ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥ ਬਹੁਰਿ ਨ ਆਵੈ ਜੋਨੀ ਬਾਟ ॥੪॥**
**ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥ ਘਟ ਭੀਤਰਿ ਤੂ ਦੇਖੁ ਬਿਚਾਰਿ ॥**
**ਕਹਤ ਕਬੀਰੁ ਜੀਤਿ ਕੈ ਹਾਰਿ ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ॥**
**(ਅੰਗ:੧੧੫੯)**

(ਭਾਵ: ਹੇ ਭਾਈ! ਗੋਬਿੰਦ ਨੂੰ ਸਿਮਰੋ, ਇਹ ਗੱਲ ਭੁਲਾ ਨਾਹ ਦੇਣੀ। ਇਹ ਸਿਮਰਨ ਹੀ ਮਨੁੱਖਾ-ਜਨਮ ਦੀ ਖੱਟੀ ਕਮਾਈ ਹੈ।੧। ਰਹਾਉ। ਹੇ ਭਾਈ! ਜੇ ਤੂੰ ਗੁਰੂ ਦੀ ਸੇਵਾ ਦੀ ਰਾਹੀਂ ਬੰਦਗੀ ਦੀ ਕਮਾਈ ਕਰੇਂ, ਤਾਂ ਹੀ ਇਹ ਮਨੁੱਖਾ-ਸਰੀਰ ਮਿਲਿਆ ਸਮਝ। ਇਸ ਸਰੀਰ ਦੀ ਖ਼ਾਤਰ ਦੇਵਤੇ ਭੀ ਤਾਂਘਦੇ ਹਨ। ਤੈਨੂੰ ਇਹ ਸਰੀਰ (ਮਿਲਿਆ ਹੈ, ਇਸ ਰਾਹੀਂ) ਨਾਮ ਸਿਮਰ, ਹਰੀ ਦਾ ਭਜਨ ਕਰ।੧। ਜਦੋਂ ਤਕ ਬੁਢੇਪਾ-ਰੂਪ ਰੋਗ ਨਹੀਂ ਆ ਗਿਆ, ਜਦ ਤਕ ਤੇਰੇ ਸਰੀਰ ਨੂੰ ਮੌਤ ਨੇ ਨਹੀਂ ਆ ਪਕੜਿਆ, ਜਦ ਤਕ ਤੇਰੀ ਜ਼ਬਾਨ ਥਿੜਕਣ ਨਹੀਂ ਲੱਗ ਪੈਂਦੀ, (ਉਸ ਤੋਂ ਪਹਿਲਾਂ ਪਹਿਲਾਂ ਹੀ) ਹੇ ਮੇਰੇ ਮਨ! ਪਰਮਾਤਮਾ ਦਾ ਭਜਨ ਕਰ ਲੈ।੨। ਹੇ ਭਾਈ! ਜੇ ਤੂੰ ਹੁਣ ਭਜਨ ਨਹੀਂ ਕਰਦਾ, ਤਾਂ ਫਿਰ ਕਦੋਂ ਕਰੇਂਗਾ? ਜਦੋਂ ਮੌਤ (ਸਿਰ ਤੇ) ਆ ਅੱਪੜੀ ਉਸ ਵੇਲੇ ਤਾਂ ਭਜਨ ਨਹੀਂ ਹੋ ਸਕੇਗਾ। ਜੋ ਕੁਝ (ਭਜਨ ਸਿਮਰਨ) ਤੂੰ ਕਰਨਾ ਚਾਹੁੰਦਾ ਹੈਂ, ਹੁਣੇ ਹੀ ਕਰ ਲੈ, (ਜੇ ਸਮਾਂ ਲੰਘ ਗਿਆ) ਤਾਂ ਮੁੜ ਅਫ਼ਸੋਸ ਹੀ ਕਰੇਂਗਾ, ਤੇ ਇਸ ਪਛਤਾਵੇ ਵਿਚੋਂ ਖ਼ਲਾਸੀ ਨਹੀਂ ਹੋਵੇਗੀ।੩। (ਪਰ ਜੀਵ ਦੇ ਕੀਹ ਵੱਸ?) ਜਿਸ ਮਨੁੱਖ ਨੂੰ ਪ੍ਰਭੂ ਆਪ ਹੀ ਬੰਦਗੀ ਵਿਚ ਜੋੜਦਾ ਹੈ, ਉਹੀ ਉਸ ਦਾ ਸੇਵਕ ਬਣਦਾ ਹੈ, ਉਸੇ ਨੂੰ ਪ੍ਰਭੂ ਮਿਲਦਾ ਹੈ, ਸਤਿਗੁਰੂ ਨੂੰ ਮਿਲ ਕੇ ਉਸੇ ਦੇ ਮਨ ਦੇ ਕਵਾੜ ਖੁਲ੍ਹਦੇ ਹਨ, ਤੇ ਉਹ ਮੁੜ ਜਨਮ (ਮਰਨ) ਦੇ ਗੇੜ ਵਿਚ ਨਹੀਂ ਆਉਂਦਾ।੪। ਕਬੀਰ ਆਖਦਾ ਹੈ - ਹੇ ਭਾਈ! ਮੈਂ ਤੈਨੂੰ ਕਈ ਤਰੀਕਿਆਂ ਨਾਲ ਕੂਕ ਕੂਕ ਕੇ ਦੱਸ ਰਿਹਾ ਹਾਂ, (ਤੇਰੀ ਮਰਜ਼ੀ ਹੈ ਇਹ ਮਨੁੱਖਾ-ਜਨਮ ਦੀ ਬਾਜ਼ੀ) ਜਿੱਤ ਕੇ ਜਾਹ ਚਾਹੇ ਹਾਰ ਕੇ ਜਾਹ। ਤੂੰ ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖ ਲੈ, (ਪ੍ਰਭੂ ਨੂੰ ਮਿਲਣ ਦਾ) ਇਹ ਮਨੁੱਖਾ-ਜਨਮ ਹੀ ਮੌਕਾ ਹੈ, ਇਹੀ ਵਾਰੀ ਹੈ (ਇੱਥੋਂ ਖੁੰਝ ਕੇ ਸਮਾ ਨਹੀਂ ਮਿਲਣਾ) ।)

**ਇਸ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ** ਸਾਡੇ ਲਈ ਨਾਮ ਜਪਣਾ ਅਤਿ ਜ਼ਰੂਰੀ ਹੈ। ਜਿਹੜੇ ਜੀਵ ਨਾਮ ਨਹੀਂ ਜਪਦੇ ਉਨ੍ਹਾਂ ਬਾਰੇ ਗੁਰੂ ਸਾਹਿਬ ਜੀ ਦਾ ਗੁਰਬਾਣੀ ਵਿਚ ਇਕ ਹੋਰ ਫੁਰਮਾਨ ਇਉਂ ਹੈ:

**"ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥**
**ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ॥**
**ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ॥" (ਅੰਗ:੭੯੬)**

ਬਾਬਾ ਫਰੀਦ ਜੀ ਨੇ ਵੀ ਇਸ ਸੰਬੰਧ ਵਿਚ ਇਹੀ ਫੁਰਮਾਇਆ ਹੈ ਕਿ ਜਿਨ੍ਹਾਂ ਬੰਦਿਆਂ ਨੂੰ ਨਾਮ ਵਿਸਰ ਜਾਂਦਾ ਹੈ ਉਹ ਤਾਂ ਧਰਤੀ ਉਤੇ ਨਿਰਾ ਭਾਰ ਹੀ ਹਨ **"ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥"**

ਇਸ ਸੰਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਹੀ ਫੁਰਮਾਨ ਹਨ ਪਰ ਇਸ ਪੰਕਤੀ ਦੁਆਰਾ ਦਾਸ ਵਿਸ਼ੇ ਨੂੰ ਸੰਕੋਚ ਰਿਹਾ ਹੈ।

**"ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥" (ਅੰਗ: ੭੨੮)**

## ਚੌਥੀ ਸਿੱਖਿਆ

**ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥**
**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥**

(ਭਾਵ: ਉਹ ਜੀਵ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਸਾਧ ਸੰਗਤ ਵਿਚ ਬੈਠਣਾ ਨਸੀਬ ਹੁੰਦਾ ਹੈ ਅਤੇ ਉਨ੍ਹਾਂ ਦੇ ਮੱਥੇ ਉਤੇ ਸਮਝੋ ਧੁਰੋਂ ਹੀ ਚੰਗੇ ਲੇਖ ਲਿਖੇ ਹੋਏ ਹਨ। ਕਿਉਂਕਿ ਸਾਧ ਸੰਗਤ ਹੀ ਇਕ ਐਸਾ ਅਸਥਾਨ ਹੈ ਜਿਸ ਵਿਚ ਬੈਠ ਕੇ ਹਰੀ ਦੇ ਰਸ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਜਿਥੇ ਹਿਰਦੇ ਵਿਚ ਨਾਮ ਦਾ ਪ੍ਰਗਾਸ ਹੋ ਜਾਂਦਾ ਹੈ।)

ਗੁਰਮਤਿ ਦੀ ਕਰਮ ਫਿਲਾਸਫੀ ਦਸਦੀ ਹੈ ਕਿ ਸਾਧ ਸੰਗਤ ਕਰਨ ਨਾਲ ਕਰਮ ਬਦਲ ਜਾਂਦੇ ਹਨ ਪਰ ਮਨਮੁਖ ਵਿਅਕਤੀ ਕਈ ਵਾਰ ਇਹ ਦਲੀਲ ਦਿੰਦੇ ਹਨ ਕਿ ਸਾਡੇ ਤਾਂ ਧੁਰ

ਦਰਗਾਹ ਤੋਂ ਭਾਗ ਹੀ ਨਹੀਂ ਲਿਖੇ ਹੋਏ, ਪਿਛਲੇ ਜਨਮਾਂ ਵਿਚ ਅਸੀਂ ਚੰਗੇ ਕੰਮ ਹੀ ਨਹੀਂ ਕੀਤੇ ਹੋਏ, ਤਾਂ ਫਿਰ ਅਸੀਂ ਕਿਵੇਂ ਸਾਧ ਸੰਗਤ ਵਿਚ ਜਾ ਸਕਦੇ ਹਾਂ ਅਤੇ ਕਿਵੇਂ ਨਾਮ ਜਪ ਸਕਦੇ ਹਾਂ? ਤਾਂ ਇਸ ਦਾ ਜਵਾਬ ਹੈ ਕਿ ਜਿਹੜਾ ਮੈਨੂੰ ਹੁਣ ਤੋਂ ਇਕ ਮਿੰਟ ਪਹਿਲਾਂ ਸਵਾਸ ਆਇਆ ਹੈ ਉਹ ਹੀ ਹੁਣ ਮੇਰਾ ਭੂਤਕਾਲ ਹੈ। ਇਸ ਲਈ ਜੇ ਮੈਂ ਹੁਣ ਵੀ ਨਾਮ ਦੀ ਜਾਚਨਾ ਲਈ ਪੁਕਾਰ ਕਰਨਾ ਸ਼ੁਰੂ ਕਰ ਦੇਵਾਂ ਤਾਂ ਪਰਮਾਤਮਾ ਦਾ ਮੁੱਢ ਕਦੀਮੀ ਸੁਭਾਉ ਹੈ ਕਿ:

**"ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥**
**ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥"** (ਅੰਗ: ੬੮੧)

ਮੇਰੀ ਪੁਕਾਰ ਨੂੰ ਸੁਣ ਕੇ ਕੀ ਉਹ ਮੈਨੂੰ ਸਾਧ ਸੰਗਤ ਅਤੇ ਨਾਮ ਦੀ ਦਾਤ ਨਹੀਂ ਬਖਸ਼ਣਗੇ? ਤਾਂ ਜਵਾਬ ਹੈ ਕਿ ਜ਼ਰੂਰ ਬਖਸ਼ਣਗੇ ਪਰ ਜੇ ਮੇਰੇ ਮਨ ਦੇ ਵਿਚ ਨਾਮ ਦੀ ਪ੍ਰਾਪਤੀ ਲਈ ਸੱਚੀ-ਸੁੱਚੀ ਪਿਆਸ ਅਤੇ ਆਸ ਹੋਵੇਗੀ ਕਿਉਂਕਿ ਸਾਧ ਸੰਗਤ ਦਾ ਸੰਜੋਗ ਤੇ ਮਿਲਾਪ ਕੇਵਲ ਤੇ ਕੇਵਲ ਗੁਰੂ ਕ੍ਰਿਪਾ ਦੁਆਰਾ ਹੀ ਪ੍ਰਾਪਤ ਹੁੰਦਾ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ ਲੱਗਿਆਂ ਸੱਚੇ ਮਨ ਨਾਲ ਬੰਦਗੀ ਦੀ ਦਾਤਿ ਦੀ ਮੰਗ ਕਰਨੀ ਹੈ ਜਿਵੇਂ ਕਿ ਬਾਬਾ ਫਰੀਦ ਜੀ ਨੇ ਕੀਤੀ ਹੈ:

**"ਤੇਰੀ ਪਨਹ ਖੁਦਾਇ ਤੂ ਬਖਸੰਦਗੀ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ॥"** (ਅੰਗ: ੪੮੮)

# ਰਾਗੁ ਗੂਜਰੀ ਮਹਲਾ ੫ ॥

**ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥**
**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥**
**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥**
**ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥**
**ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥**
**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥**
**ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥**
**ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥**
**ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥**
**ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪॥੫॥**

**ਪਦ ਅਰਥ: ਕਾਹੇ**–ਕਿਉਂ? **ਚਿਤਵਹਿ**–ਤੂੰ ਸੋਚਦਾ ਹੈਂ। **ਚਿਤਵਹਿ ਉਦਮੁ** –ਤੂੰ ਉੱਦਮ ਚਿਤਵਦਾ ਹੈਂ {ਨੋਟ: 'ਉੱਦਮ ਚਿਤਵਨ' ਅਤੇ 'ਉੱਦਮ ਕਰਨ' ਵਿਚ ਫ਼ਰਕ ਚੇਤੇ ਰੱਖਣ-ਜੋਗ ਹੈ। ਰੋਜ਼ੀ ਕਮਾਣ ਲਈ ਉੱਦਮ ਕਰਨਾ ਹਰੇਕ ਮਨੁੱਖ ਦਾ ਫ਼ਰਜ਼ ਹੈ। ਗੁਰੂ ਸਾਹਿਬ ਨੇ ਚਿੰਤਾ-ਤੌਖ਼ਲਾ ਕਰੇ ਜਾਣ ਵਾਲੇ ਗ਼ਲਤ ਰਸਤੇ ਵਲੋਂ ਸਾਨੂੰ ਵਰਜਿਆ ਹੈ}। **ਜਾ ਆਹਰਿ**–ਜਿਸ ਆਹਰ ਵਿਚ। **ਪਰਿਆ**–ਪਿਆ ਹੋਇਆ ਹੈ। **ਸੈਲ**–ਚਟਾਨ। **ਤਾ ਕਾ**–ਉਹਨਾਂ ਦਾ। **ਆਗੈ**–ਪਹਿਲਾਂ ਹੀ।੧।

**ਮਾਧਉ ਜੀ**–ਹੇ ਪ੍ਰਭੂ ਜੀ! ਹੇ ਮਾਇਆ ਦੇ ਪਤੀ ਜੀ! {ਮਾਧਉ-ਮਾ-ਧਵ। ਮਾ-ਮਾਇਆ। ਧਵ-ਪਤੀ}। **ਪਰਸਾਦਿ**–ਕਿਰਪਾ ਨਾਲਿ। **ਪਰਮ ਪਦੁ**–ਸਭ ਤੋਂ ਉੱਚਾ ਆਤਮਕ ਦਰਜਾ। **ਕਾਸਟ**–ਕਾਠ, ਲੱਕੜੀ।੧। ਰਹਾਉ।

**ਜਨਨਿ**–ਮਾਂ। **ਸੁਤ**–ਪੁੱਤਰ। **ਬਨਿਤਾ**–ਵਹੁਟੀ। **ਧਰਿਆ**–ਆਸਰਾ। **ਕਿਸ ਕੀ**–ਕਿਸੇ ਦਾ। **ਸਿਰਿ**–ਸਿਰ ਉੱਤੇ। **ਸਿਰਿ ਸਿਰਿ**–ਹਰੇਕ ਸਿਰ ਉਤੇ, ਹਰੇਕ ਜੀਵ ਲਈ। **ਸੰਬਾਹੇ**–ਅਪੜਾਂਦਾ ਹੈ। **ਮਨ**–ਹੇ ਮਨ!੨।

**ਊਡੇ**–ਊਡਿ। **ਊਡੇ ਊਡਿ**–ਊਡਿ ਊਡਿ, ਉੱਡ ਕੇ। **ਸੈ**–ਸੈਂਕੜੇ {ਲਫ਼ਜ਼ 'ਸਉ' ਤੋਂ ਬਹੁ-ਵਚਨ}। **ਤਿਸੁ ਪਾਛੈ**–ਉਸ ਕੂੰਜ ਦੇ ਪਿਛੇ। **ਬਚਰੇ**–ਨਿੱਕੇ ਨਿੱਕੇ ਬੱਚੇ। **ਛਰਿਆ**–ਛੱਡੇ ਹੋਏ ਹੁੰਦੇ ਹਨ। **ਚੁਗਾਵੈ**–ਚੋਗਾ ਦੇਂਦਾ ਹੈ। **ਮਨਿ ਮਹਿ**–ਉਹ ਕੂੰਜ ਆਪਣੇ ਮਨ ਵਿਚ। **ਸਿਮਰਨੁ**–ਉਹਨਾਂ ਬੱਚਿਆਂ ਦਾ ਧਿਆਨ। **ਖਲਾਵੈ**–ਖੁਆਲਦਾ ਹੈ। **ਕਵਣੁ ਖਲਾਵੈ**–ਕੌਣ ਖੁਆਲਦਾ ਹੈ? ਕੋਈ ਭੀ ਕੁਝ ਖੁਆਲਦਾ ਨਹੀਂ।੩।

**ਸਭਿ ਨਿਧਾਨ** – ਸਾਰੇ ਖ਼ਜ਼ਾਨੇ । **ਅਸਟ** – ਅੱਠ । **ਦਸ ਅਸਟ** – ਅਠਾਰਾਂ ।

**ਸਿਧਾਨ**-ਸਿੱਧੀਆਂ। **ਨਿਧਾਨ**-ਨੌ ਖ਼ਜ਼ਾਨੇ {ਸਾਰੇ ਜਗਤ ਦੇ ਨੌ ਖ਼ਜ਼ਾਨੇ ਮਿਥੇ ਗਏ ਹਨ। **ਕਰ ਤਲ**-ਹੱਥਾਂ ਦੀਆਂ ਤਲੀਆਂ ਉਤੇ। **ਪਾਰਾਵਰਿਆ**-ਪਾਰਲਾ ਉਰਲਾ ਬੰਨਾ।੪।

**ਸ਼ਬਦ-ਉਚਾਰਨ**:-
ੳ) ਬਿੰਦੀ ਸਹਿਤ ਉਚਾਰਨ ਵਾਲੇ ਸ਼ਬਦ: ਚਿਤਵਹਿੰ, ਜਾਂ, ਤਾਂਕਾ, ਕੋਸਾਂ।
ਅ) 'ਖਲਾਵੈ' ਦਾ ਉਚਾਰਨ ਖਿਲਾਵੈ ਕਰਨਾ ਅਸ਼ੁੱਧ ਹੈ।

**ਅਰਥ**: ਹੇ ਮਨ! ਤੇਰੀ ਖ਼ਾਤਰ ਜਿਸ ਆਹਰ ਵਿਚ ਪਰਮਾਤਮਾ ਆਪ ਲੱਗਾ ਹੋਇਆ ਹੈ, ਉਸ ਵਾਸਤੇ ਤੂੰ ਕਿਉਂ ਸਦਾ ਸੋਚਾਂ-ਫ਼ਿਕਰ ਕਰਦਾ ਰਹਿੰਦਾ ਹੈਂ? ਜੇਹੜੇ ਜੀਵ ਪ੍ਰਭੂ ਨੇ ਚਟਾਨਾਂ ਤੇ ਪੱਥਰਾਂ ਵਿਚ ਪੈਦਾ ਕੀਤੇ ਹਨ, ਉਹਨਾਂ ਦਾ ਭੀ ਰਿਜ਼ਕ ਉਸ ਨੇ ਉਹਨਾਂ ਦੇ ਪੈਦਾ ਕਰਨ ਤੋਂ ਪਹਿਲਾਂ ਹੀ ਬਣਾ ਰਖਿਆ ਹੈ।੧।

ਹੇ ਮੇਰੇ ਪ੍ਰਭੂ ਜੀ! ਜੇਹੜੇ ਮਨੁੱਖ ਸਾਧ ਸੰਗਤਿ ਵਿਚ ਮਿਲ ਬੈਠਦੇ ਹਨ, ਉਹ ਵਿਅਰਥ ਤੌਖ਼ਲੇ-ਫ਼ਿਕਰਾਂ ਤੋਂ ਬਚ ਜਾਂਦੇ ਹਨ। ਗੁਰੂ ਦੀ ਕਿਰਪਾ ਨਾਲ ਜਿਸ ਮਨੁੱਖ ਨੂੰ ਇਹ ਅਡੋਲਤਾ ਵਾਲੀ ਉੱਚੀ ਆਤਮਕ ਅਵਸਥਾ ਮਿਲ ਜਾਂਦੀ ਹੈ, ਉਹ ਮਾਨੋ ਸੁੱਕਾ ਕਾਠ ਹਰਾ ਹੋ ਜਾਂਦਾ ਹੈ।੧। ਰਹਾਉ।

ਹੇ ਮਨ! ਮਾਂ, ਪਿਉ, ਪੁੱਤਰ, ਲੋਕ, ਵਹੁਟੀ-ਕੋਈ ਭੀ ਕਿਸੇ ਦਾ ਆਸਰਾ ਨਹੀਂ ਹੈ। ਹੇ ਮਨ! ਤੂੰ ਕਿਉਂ ਡਰਦਾ ਹੈਂ? ਪਾਲਣਹਾਰ ਪ੍ਰਭੂ ਹਰੇਕ ਜੀਵ ਨੂੰ ਆਪ ਹੀ ਰਿਜ਼ਕ ਅਪੜਾਂਦਾ ਹੈ।੨।

ਹੇ ਮਨ! ਵੇਖ! ਕੂੰਜ ਉੱਡ ਉੱਡ ਕੇ ਸੈਂਕੜੇ ਕੋਹਾਂ ਤੇ ਆ ਜਾਂਦੀ ਹੈ, ਪਿੱਛੇ ਉਸ ਦੇ ਬੱਚੇ ਇਕੱਲੇ ਛੱਡੇ ਹੋਏ ਹੁੰਦੇ ਹਨ। ਉਹਨਾਂ ਨੂੰ ਕੋਈ ਕੁਝ ਖੁਆਲਣ ਵਾਲਾ ਨਹੀ, ਕੋਈ ਉਹਨਾਂ ਨੂੰ ਚੋਗਾ ਨਹੀਂ ਚੁਗਾਂਦਾ। ਉਹ ਕੂੰਜ ਆਪਣੇ ਬੱਚਿਆਂ ਦਾ ਧਿਆਨ ਆਪਣੇ ਮਨ ਵਿਚ ਧਰਦੀ ਰਹਿੰਦੀ ਹੈ ਤੇ, ਇਸੇ ਨੂੰ ਪ੍ਰਭੂ ਉਹਨਾਂ ਦੇ ਪਾਲਣ ਦਾ ਵਸੀਲਾ ਬਣਾਂਦਾ ਹੈ ।੩।

ਹੇ ਪਾਲਣਹਾਰ ਪ੍ਰਭੂ! ਜਗਤ ਦੇ ਸਾਰੇ ਖ਼ਜ਼ਾਨੇ ਤੇ ਅਠਾਰਾਂ ਸਿੱਧੀਆਂ ਮਾਨੋ ਤੇਰੇ ਹੱਥਾਂ ਦੀਆਂ ਤਲੀਆਂ ਉੱਤੇ ਰੱਖੇ ਪਏ ਹਨ। ਹੇ ਦਾਸ ਨਾਨਕ! ਐਸੇ ਪ੍ਰਭੂ ਤੋਂ ਸਦਾ ਸਦਕੇ ਹੋ, ਸਦਾ ਕੁਰਬਾਨ ਹੋ, ਤੇ ਆਖ - ਹੇ ਪ੍ਰਭੂ! ਤੇਰੀ ਮਹਿਮਾ ਬੇਅੰਤ ਹੈ ਅਤੇ ਉਸ ਮਹਿਮਾ ਦੇ ਉਰਲੇ ਪਾਰਲੇ ਬੰਨੇ ਦਾ ਅੰਤ ਨਹੀਂ ਪਾਇਆ ਜਾ ਸਕਦਾ।੪।੫।

# ਸਿੱਖਿਆਵਾਂ

## ਪਹਿਲੀ ਸਿੱਖਿਆ

**"ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥**
**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥"**

(**ਭਾਵ**: ਹੇ ਮਨ! ਤੇਰੀ ਆਹਰ ਦੇ ਪ੍ਰਬੰਧ ਵਿਚ ਪਰਮਾਤਮਾ ਆਪ ਲੱਗਾ ਹੋਇਆ ਹੈ, ਉਸ ਵਾਸਤੇ ਤੂੰ ਕਿਉਂ ਚਿੰਤਾ-ਫ਼ਿਕਰ ਕਰਦਾ ਰਹਿੰਦਾ ਹੈਂ? ਪ੍ਰਭੂ ਨੇ ਚਟਾਨਾਂ ਤੇ ਪੱਥਰਾਂ ਵਿਚ ਜੀਵ ਪੈਦਾ ਕੀਤੇ ਹਨ, ਉਹਨਾਂ ਦਾ ਭੀ ਰਿਜ਼ਕ ਉਸ ਨੇ ਉਹਨਾਂ ਦੇ ਪੈਦਾ ਕਰਨ ਤੋਂ ਪਹਿਲਾਂ ਹੀ ਬਣਾ ਰਖਿਆ ਹੈ।੧।)

ਇੱਥੇ ਇਕ ਗੱਲ ਨੋਟ ਕਰਨ ਵਾਲੀ ਹੈ ਕਿ 'ਉਦਮ ਚਿਤਵਨ' ਅਤੇ 'ਉਦਮ ਕਰਨ' ਵਿਚ ਫਰਕ ਹੈ। ਰੋਜ਼ੀ ਕਮਾਣ ਲਈ ਉਦਮ ਕਰਨਾ ਹਰੇਕ ਮਨੁੱਖ ਦਾ ਫਰਜ ਹੈ ਅਤੇ ਅਸੀਂ ਸੱਚੀ ਸੁੱਚੀ ਕਿਰਤ ਜ਼ਰੂਰ ਕਰਨੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਿੰਨ ਸੁਨਹਿਰੀ ਸਿਧਾਂਤਾਂ ਵਿਚੋਂ ਪਹਿਲਾ ਸਿਧਾਂਤ ਹੈ ਹੀ ਇਹੀ "**ਕਿਰਤ ਕਰੋ**"। ਪਰ ਅਕਸਰ ਦੇਖਣ ਵਿਚ ਆਉਂਦਾ ਹੈ ਕਿ ਲੋਕੀਂ ਆਪਣੀ ਕਿਰਤ ਪ੍ਰਤੀ ਮਨ ਵਿਚ ਤੌਖਲੇ (ਫਿਕਰ) ਰੱਖਦੇ ਹਨ ਕਿ ਸਾਡੀ ਕੀਤੀ ਕਿਰਤ ਵਿਚ ਬਰਕਤ ਪਵੇਗੀ ਕਿ ਨਹੀਂ, ਕਿ ਸਾਡਾ ਕੰਮ ਚਲੇਗਾ ਕਿ ਨਹੀਂ ਆਦਿ।

ਉਪਰ ਲਿਖੀਆਂ ਪੰਕਤੀਆਂ "**ਕਾਹੇ ਰੇ ਮਨ ਚਿਤਵਹਿ ਉਦਮੁ** ......" ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਇਹੀ ਸਮਝਾ ਰਹੇ ਹਨ ਕਿ ਹੇ ਬੰਦਿਆਂ! ਤੂੰ ਕਿਉਂ ਚਿੰਤਾ, ਫਿਕਰਾਂ ਕਰਦਾ ਹੈਂ ? ਜਿਹੜੇ ਪਰਮਾਤਮਾ ਨੇ ਜੀਵਾਂ ਨੂੰ ਪੈਦਾ ਕੀਤਾ ਹੈ ਉਸ ਨੇ ਸਾਰੇ ਜੀਵਾਂ ਦੇ ਰਿਜ਼ਕ ਦਾ ਇੰਤਜ਼ਾਮ ਪਹਿਲਾਂ ਹੀ ਕਰ ਰੱਖਿਆ ਹੈ। ਇਸ ਸੰਬੰਧ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਸਲੋਕ ਵੀ ਸਾਨੂੰ ਇਹੀ ਗੱਲ ਸਮਝਾਉਂਦਾ ਹੈ:

**"ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥**
**ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥**
**ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ॥**
**ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥**

**ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥**
**ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥**
**ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ॥" (ਅੰਗ: ੯੫੫)**

(ਭਾਵ:ਹੇ ਨਾਨਕ! (ਆਪਣੀ ਰੋਜ਼ੀ ਲਈ) ਫ਼ਿਕਰ ਚਿੰਤਾ ਨਾ ਕਰੋ, ਇਹ ਫ਼ਿਕਰ ਉਸ ਪ੍ਰਭੂ ਨੂੰ ਆਪ ਹੀ ਹੈ। ਉਸ ਨੇ ਪਾਣੀ ਵਿਚ ਜੀਵ ਪੈਦਾ ਕੀਤੇ ਹਨ ਉਹਨਾਂ ਨੂੰ ਭੀ ਰਿਜ਼ਕ ਦੇਂਦਾ ਹੈ; ਪਾਣੀ ਵਿਚ ਨਾ ਕੋਈ ਦੁਕਾਨ ਚੱਲਦੀ ਹੈ ਨਾ ਓਥੇ ਕੋਈ ਵਾਹੀ ਕਰਦਾ ਹੈ, ਨਾ ਓਥੇ ਕੋਈ ਸਉਦਾ-ਸੂਤ ਹੋ ਰਿਹਾ ਹੈ ਨਾ ਕੋਈ ਲੈਣ-ਦੇਣ ਦਾ ਵਪਾਰ ਹੈ; ਪਰ ਓਥੇ ਇਹ ਖ਼ੁਰਾਕ ਬਣਾ ਦਿੱਤੀ ਹੈ ਕਿ ਜੀਵਾਂ ਦਾ ਖਾਣਾ ਜੀਵ ਹੀ ਹਨ। ਸੋ, ਜਿਨ੍ਹਾਂ ਨੂੰ ਸਮੁੰਦਰਾਂ ਵਿਚ ਉਸ ਨੇ ਪੈਦਾ ਕੀਤਾ ਹੈ ਉਹਨਾਂ ਦੀ ਭੀ ਸੰਭਾਲ ਕਰਦਾ ਹੈ। ਹੇ ਨਾਨਕ! (ਰੋਜ਼ੀ ਲਈ) ਚਿੰਤਾ ਨਾ ਕਰੋ, ਉਸ ਪ੍ਰਭੂ ਨੂੰ ਆਪ ਹੀ ਫ਼ਿਕਰ ਹੈ।)

**ਇਸ ਤੋਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਕਿਰਤ ਪੂਰੇ ਉਦਮ ਅਤੇ ਉਪਰਾਲੇ ਦੁਆਰਾ ਕਰਨੀ ਹੈ, ਨਿਕੰਮੇ ਨਹੀਂ ਰਹਿਣਾ ਅਤੇ ਕਿਰਤ ਕਰਨ ਲਗਿਆਂ ਆਪਣੀ ਜੀਅ ਜਾਨ ਲਗਾ ਕੇ ਕਰਨੀ ਹੈ ਪਰ ਕਿਰਤ ਕਰਨ ਤੋਂ ਬਾਅਦ ਇਸ ਦੇ ਫਲ ਨੂੰ ਕਰਨਹਾਰ ਪਰਮੇਸ਼ਰ ਤੇ ਹੀ ਛੱਡਣਾ ਲੋੜੀਦਾ ਹੈ ਕਿਉਂਕਿ ਸਾਡਾ ਕੋਈ ਜ਼ੋਰ ਨਹੀਂ ਕਿ ਅਸੀਂ ਕੁਝ ਕਰ ਸਕੀਏ। ਯਥਾ:

**"ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥**
**ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥" (ਅੰਗ: ੭੩੬)**

## ਦੂਜੀ ਸਿੱਖਿਆ

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥**
**ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥**

(ਭਾਵ: ਉਪਰ ਦਿੱਤੀਆਂ ਪੰਕਤੀਆਂ ਵਿਚ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਿਲਕੁਲ ਸਪਸ਼ਟ ਤੌਰ ਤੇ ਸਮਝਾਇਆ ਹੈ ਕਿ ਜਿਹੜੇ ਮਨੁੱਖ ਸਾਧ ਸੰਗਤ ਦੇ ਲੜ ਲੱਗ ਜਾਂਦੇ ਹਨ ਉਹ ਤੌਖਲਿਆਂ ਫਿਕਰਾਂ ਤੋਂ ਬਚ ਜਾਂਦੇ ਹਨ ਅਤੇ ਭਵ ਸਾਗਰ ਤੋਂ ਪਾਰ ਹੋ ਜਾਂਦੇ ਹਨ। ਗੁਰੂ ਦੀ ਕਿਰਪਾ ਨਾਲ ਅਜਿਹੇ ਮਨੁੱਖਾਂ ਨੂੰ ਉੱਚੀ ਆਤਮਕ ਅਵਸਥਾ ਮਿਲ ਜਾਂਦੀ ਹੈ, ਉਨ੍ਹਾਂ ਦੇ ਸੁੱਕੇ ਮਨ ਇਵੇਂ ਹੀ ਹਰੇ-ਭਰੇ ਹੋ ਜਾਂਦੇ ਹਨ ਜਿਵੇਂ ਕਿ ਸੁੱਕੀਆਂ ਲੱਕੜਾਂ ਹਰੀਆਂ-ਭਰੀਆਂ ਹੋ ਜਾਂਦੀਆਂ ਹਨ।)

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਸਿੱਖ ਨੇ ਸਾਧ ਸੰਗਤ ਦਾ ਲੜ ਕਦੇ ਨਹੀਂ ਛੱਡਣਾ ਅਤੇ ਸਾਧ ਸੰਗਤ ਵਿਚ ਜ਼ਰੂਰ ਜਾਣਾ ਹੈ।

ਸਵਾਲ ਕਰਨ ਵਾਲੇ ਸਵਾਲ ਕਰਨਗੇ ਕਿ ਅੱਜਕਲ੍ਹ ਟੀ.ਵੀ, ਮੋਬਾਇਲ ਅਤੇ ਫੇਸਬੁਕ ਰਾਹੀਂ ਇਹ ਪ੍ਰੋਗਰਾਮ ਘਰ ਬੈਠਿਆਂ ਹੀ ਸੁਣੇ ਜਾ ਸਕਦੇ ਹਨ ਤਾਂ ਫਿਰ ਸਾਧ ਸੰਗਤ ਵਿਚ ਜਾਣਾ ਕਿਉਂ ਜ਼ਰੂਰੀ ਹੈ? ਤਾਂ ਇਸ ਦਾ ਜਵਾਬ ਹੈ ਕਿ ਯੂਨੀਵਰਸਿਟੀ ਤੋਂ ਡਿਗਰੀ ਲੈਣ ਦੇ ਦੋ ਤਰੀਕੇ ਹਨ-- ਇਕ ਤਰੀਕਾ ਹੈ ਕਿ ਪੜ੍ਹਾਈ Correspondence Course ਰਾਹੀਂ ਕੀਤੀ ਜਾਵੇ -- ਅਤੇ ਦੂਜਾ ਤਰੀਕਾ ਹੈ ਕਿ Regular College ਵਿਚ ਜਾ ਕੇ ਪੜ੍ਹਾਈ ਕੀਤੀ ਜਾਵੇ। ਜਿਹੜੇ ਬੱਚੇ Correspondence Course ਰਾਹੀਂ ਪੜ੍ਹਾਈ ਕਰਦੇ ਹਨ ਉਨ੍ਹਾਂ ਦਾ ਗਿਆਨ ਦਾ ਪੱਧਰ ਕਾਲਜ ਵਿਚ ਵਿੱਦਿਆ ਪ੍ਰਾਪਤ ਕਰਨ ਵਾਲੇ ਬੱਚਿਆਂ ਨਾਲੋਂ ਨਿਸ਼ਚਿਤ ਹੀ ਘੱਟ ਹੁੰਦਾ ਹੈ ਕਿਉਂਕਿ Correspondence Course ਵਾਲੇ ਬੱਚੇ ਨੂੰ ਆਪਣੇ ਤੋਂ Seniors ਨਾਲ ਗੱਲਬਾਤ ਕਰਨ ਦਾ ਮੌਕਾ ਹੀ ਨਹੀਂ ਮਿਲਦਾ ਅਤੇ ਨਾ ਹੀ Proper Study ਕਰਨ ਵਾਲਾ ਘਰ ਵਿਚ ਮਾਹੌਲ ਹੀ ਪ੍ਰਾਪਤ ਹੁੰਦਾ ਹੈ।

ਇਸੇ ਹੀ ਤਰੀਕੇ ਨਾਲ ਜਦੋਂ ਅਸੀਂ ਟੀ.ਵੀ, ਮੋਬਾਇਲ, ਫੇਸਬੁਕ ਰਾਹੀਂ ਕੋਈ ਵੀ ਪ੍ਰੋਗਰਾਮ ਦੇਖਦੇ ਸੁਣਦੇ ਹਾਂ ਤਾਂ ਸਾਧ ਸੰਗਤ ਵਿਚ ਮਿਲਣ ਵਾਲੀਆਂ ਉਹ ਰੂਹਾਨੀ ਤੇ ਅਗੰਮੀ Vibrations ਘਰ ਵਿਚ ਬੈਠ ਕੇ ਪ੍ਰਾਪਤ ਨਹੀਂ ਹੋ ਸਕਦੀਆਂ। ਸਾਧ ਸੰਗਤ ਵਿਚ ਉੱਚ ਕੋਟੀ ਦੀ ਕਮਾਈ ਵਾਲੇ ਗੁਰਸਿੱਖ ਵੀ ਬੈਠੇ ਹੁੰਦੇ ਹਨ ਜਿਨ੍ਹਾਂ ਦੀਆਂ Positive Vibrations ਦਾ ਸਦਕਾ ਸਾਡੇ ਵਰਗੇ ਮਨਮਤੀਆਂ ਵਿਚ ਵੀ ਤਬਦੀਲੀ ਆ ਜਾਂਦੀ ਹੈ ਅਤੇ ਉੱਚੀ ਅਵਸਥਾ ਵਾਲੇ ਸਤਸੰਗੀਆਂ ਦੇ ਦਰਸ਼ਨ ਕਰਕੇ ਸਾਡੇ ਵਰਗੇ ਕਠੋਰ ਮਨ ਵਿਚ ਵੀ ਚਾਉ ਪੈਦਾ ਹੋ ਜਾਂਦਾ ਹੈ ਕਿ ਅਸੀਂ ਉਸ ਗੁਣਾਂ ਦੇ ਖਜ਼ਾਨੇ ਪ੍ਰਭੂ ਨੂੰ ਕਿਵੇ ਮਿਲ ਸਕਦੇ ਹਾਂ ਯਥਾ "**ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ॥**" ਤੇ ਅਸੀਂ ਵੀ ਉਨ੍ਹਾਂ ਸਤਸੰਗੀਆਂ ਨੂੰ ਦੇਖ ਕੇ ਪਰਮਾਤਮਾ ਦੀ ਪ੍ਰਾਪਤੀ ਲਈ ਯਤਨਸ਼ੀਲ ਹੋ ਜਾਂਦੇ ਹਾਂ।

## ਤੀਜੀ ਸਿੱਖਿਆ

**ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥**
**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥**
**ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥**
**ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥**

(ਉਪਰ ਲਿਖੀਆਂ ਪੰਕਤੀਆਂ ਵਿਚ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਦ੍ਰਿੜ ਕਰਵਾਉਣ ਲਈ ਫਿਰ ਫੁਰਮਾਇਆ ਹੈ ਕਿ ਹੇ ਜੀਵ! ਤੂੰ ਕਿਸੇ ਹੋਰ ਦਾ ਆਸਰਾ ਜਿਵੇਂ ਕਿ ਮਾਂ-ਪਿਓ, ਪੁੱਤਰ-ਵਹੁਟੀ, ਭਰਾ-ਭੈਣ ਦਾ ਸਹਾਰਾ ਕਿਉਂ ਤੱਕਦਾ ਹੈਂ? ਉਹ ਪਾਲਣਹਾਰ ਪ੍ਰਭੂ ਹਰੇਕ ਜੀਵ ਨੂੰ ਆਪ ਹੀ ਰਿਜ਼ਕ ਪਹੁੰਚਾ ਰਿਹਾ ਹੈ ਤਾਂ ਫਿਰ ਕਿਉਂ ਤੌਖਲਾ ਕਰਦਾ ਹੈ?)

ਉਪਰਲੀਆਂ ਪੰਕਤੀਆਂ ਵਿਚ ਇਥੋਂ ਤੱਕ ਲਿਖਿਆ ਹੈ ਕਿ ਕੂੰਜ ਉਡ-ਉਡ ਕੇ ਸੈਂਕੜੇ ਕੋਹਾਂ ਤੇ ਆ ਜਾਂਦੀ ਹੈ ਤੇ ਪਿਛੋਂ ਉਸ ਦੇ ਬੱਚੇ ਇਕੱਲੇ ਹੁੰਦੇ ਹਨ। ਉਨ੍ਹਾਂ ਨੂੰ ਕੋਈ ਕੁਝ ਖਿਲਾਉਣ ਵਾਲਾ ਨਹੀਂ ਹੁੰਦਾ ਅਤੇ ਨਾ ਹੀ ਕੋਈ ਚੋਗਾ ਚੁਗਾਉਣ ਵਾਲਾ ਹੁੰਦਾ ਹੈ ਤਾਂ ਵੀ ਉਹ ਕੂੰਜ ਆਪਣੇ ਬੱਚਿਆਂ ਦਾ ਧਿਆਨ ਆਪਣੇ ਮਨ ਵਿਚ ਧਰਦੀ ਰਹਿੰਦੀ ਹੈ ਅਤੇ ਇਸੇ ਨੂੰ ਪ੍ਰਭੂ ਪਾਲਣ ਦਾ ਵਸੀਲਾ ਬਣਾਉਂਦਾ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਆਪਣੇ ਮਨ ਵਿਚ ਕੇਵਲ ਤੇ ਕੇਵਲ ਪਰਮਾਤਮਾ ਦਾ ਹੀ ਆਸਰਾ ਤੱਕਣਾ ਹੈ ਕਿਉਂਕਿ ਉਹ ਪਰਮਾਤਮਾ ਹੀ ਸਾਡਾ ਅਸਲ ਵਿਚ ਰਿਜ਼ਕ ਦਾਤਾ ਹੈ ਨਾ ਕਿ ਸਾਡੇ ਮਾਤਾ ਪਿਤਾ, ਭੈਣ ਭਰਾ, ਲੋਕ, ਵਹੁਟੀ ਆਦਿ। ਇਸ ਲਈ ਅਸੀਂ ਉਸੇ ਦੀ ਹੀ ਟੇਕ ਅਤੇ ਆਸਰਾ ਲੈਣਾ ਹੈ। ਇਸ ਸੰਬੰਧ ਵਿਚ ਗੁਰਬਾਣੀ ਫੁਰਮਾਨ ਹੈ:

**"ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ॥**
**ਅਵਰ ਸਿਆਣਪਾ ਬਿਰਥੀਆ ਪਿਆਰੇ ਰਾਖਨ ਕਉ ਤੁਮ ਏਕ॥੧॥"**
**(ਅੰਗ:੮੦੨)**

(ਭਾਵ: ਹੇ ਪਿਆਰੇ ਪ੍ਰਭੂ! ਮੇਰੇ ਮਨ ਵਿਚ ਇਕ ਤੇਰਾ ਹੀ ਆਸਰਾ ਹੈ, ਤੇਰਾ ਹੀ ਆਸਰਾ ਹੈ। ਹੇ ਪਿਆਰੇ ਪ੍ਰਭੂ! ਸਿਰਫ਼ ਤੂੰ ਹੀ ਅਸਾਂ ਜੀਵਾਂ ਦੀ ਰੱਖਿਆ ਕਰਨ ਜੋਗਾ ਹੈਂ। ਤੈਨੂੰ ਭੁਲਾ ਕੇ ਰੱਖਿਆ ਵਾਸਤੇ ਹੋਰ ਹੋਰ ਚਤੁਰਾਈਆਂ ਸੋਚਣੀਆਂ ਕਿਸੇ ਵੀ ਕੰਮ ਨਹੀਂ।)

## ਚੌਥੀ ਸਿੱਖਿਆ

**ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥**
**ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥**

(ਭਾਵ : ਉਸ ਪਾਲਣਹਾਰ ਪ੍ਰਭੂ ਦੇ ਹੱਥਾਂ ਦੀਆਂ ਤਲੀਆਂ ਉਤੇ ਜਗਤ ਦੇ ਸਾਰੇ ਖਜਾਨੇ ਤੇ ਅਠਾਰਾਂ ਸਿੱਧੀਆਂ ਧਰੀਆਂ ਹੋਈਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮੈਂ

ਪਰਲੇ ਬੰਨੇ ਦਾ ਅੰਤ ਨਹੀਂ ਪਾ ਸਕਦੇ।)

ਇਥੇ ਉਪਰ ਲਿਖੀਆਂ ਪੰਕਤੀਆਂ ਪੜ੍ਹਨ ਤੋਂ ਬਾਅਦ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ ਖੰਨੇ ਵਾਲਿਆਂ ਦੇ ਬਚਨ ਯਾਦ ਆ ਗਏ ਜਿਹੜੇ ਅਕਸਰ ਕਿਹਾ ਕਰਦੇ ਸਨ ਕਿ ਕਿਸੇ ਬੰਦੇ ਦੇ ਘਰ ਬਹੁਤ ਕੁਝ ਤਾਂ ਹੋ ਸਕਦਾ ਹੈ ਪਰ ਸਭ ਕੁਝ ਨਹੀਂ ਹੋ ਸਕਦਾ। ਸਭ ਕੁਝ ਕੇਵਲ ਤਾਂ ਕੇਵਲ ਇਕ ਅਕਾਲ ਪੁਰਖ ਦੇ ਹੀ ਘਰ ਵਿਚ ਹੈ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ:

**"ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥"**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਆਪਣੇ ਜੀਵਨ ਦੇ ਵਿਚ ਕਿਸੇ ਵੀ ਚੀਜ਼ ਨੂੰ ਪ੍ਰਾਪਤ ਕਰਨ ਲਈ ਕਦੀ ਵੀ ਕਿਸੇ ਹੋਰ ਦਾ ਆਸਰਾ ਨਹੀਂ ਤੱਕਣਾ ਅਤੇ ਕੇਵਲ ਇਕ ਅਕਾਲ ਪੁਰਖ ਦਾ ਹੀ ਆਸਰਾ ਤਕਣਾ ਹੈ ਜਿਸ ਦੇ ਘਰ ਵਿੱਚ ਦੁਨੀਆਂ ਦੇ ਸਾਰੇ ਖਜ਼ਾਨੇ ਹਨ ।

ਇਸੇ ਲਈ ਹੀ ਤਾਂ ਗੁਰੁ ਜੀ ਫੁਰਮਾਉਂਦੇ ਹਨ ਕਿ ਤੇਰਾ ਦਾਸ ਨਾਨਕ! ਉਸ ਅਕਾਲ ਪੁਰਖ ਤੋਂ ਸਦਾ ਸਦਕੇ ਜਾਂਦਾ ਹਾਂ ਜਿਸ ਦੀ ਮਹਿਮਾ ਦਾ, ਉਰਲੇ ਪਰਲੇ ਬੰਨੇ ਦਾ ਅੰਤ ਨਹੀਂ ਪਾਇਆ ਜਾ ਸਕਦਾ :-

**"ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ॥"**

# ਰਾਗੁ ਆਸਾ ਮਹਲਾ ੪ ਸੋ ਪੁਰਖੁ

ੴ ਸਤਿਗੁਰ ਪ੍ਰਸਾਦਿ ॥

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥
ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥
ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥
ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥
ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧॥
ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥
ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥
ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥
ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥
ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥
ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥
ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥
ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥
ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥
ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥੩॥
ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥
ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥
ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥
ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ
ਕਰਿ ਕਿਰਿਆ ਖਟੁ ਕਰਮ ਕਰੰਤਾ ॥
ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥
ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥
ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥
ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥
ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥

**ਪਦ ਅਰਥ:** **ਸੋ**–ਉਹ। **ਪੁਰਖੁ**–ਜੋ ਹਰੇਕ ਸਰੀਰ ਵਿਚ ਵਿਆਪਕ ਹੈ। **ਅੰਜਨੁ**–ਕਾਲਖ,

ਮਾਇਆ ਦਾ ਪ੍ਰਭਾਵ। **ਨਿਰੰਜਨੁ**-ਨਿਰ-ਅੰਜਨੁ। ਜਿਸ ਉੱਤੇ ਮਾਇਆ ਦਾ ਪ੍ਰਭਾਵ ਨਹੀਂ ਪੈ ਸਕਦਾ। **ਅਗਮ**-ਅਪਹੁੰਚ {ਗਮ-ਪਹੁੰਚ}।

**ਅਪਾਰਾ** - ਅ-ਪਾਰ, ਜਿਸ ਦਾ ਪਾਰਲਾ ਬੰਨਾ ਨਾਹ ਲੱਭ ਸਕੇ, ਬੇਅੰਤ। **ਸਭਿ**-ਸਾਰੇ ਜੀਵ- {ਲਫ਼ਜ਼ 'ਜੀਉ' ਤੋਂ ਬਹੁ-ਵਚਨ}। **ਦਾਤਾਰਾ**-ਰਾਜ਼ਕ। **ਠਾਕੁਰੁ**-ਮਾਲਕ।੧।

**ਘਟ**-ਸਰੀਰ। **ਅੰਤਰਿ**-ਅੰਦਰ, ਵਿਚ। **ਘਟ ਘਟ ਅੰਤਰਿ**-ਹਰੇਕ ਸਰੀਰ ਵਿਚ। **ਸਰਬ**-ਸਾਰੇ। **ਅੰਤਰੁ**-ਵਿੱਥ। **ਨਿਰੰਤਰਿ**-ਵਿੱਥ ਤੋਂ ਬਿਨਾ, ਇਕ-ਰਸ। **ਸਰਬ ਨਿਰੰਤਰਿ**-ਸਾਰਿਆਂ ਵਿਚ ਇਕ-ਰਸ। **ਏਕੋ**-ਇਕ ਆਪ ਹੀ। **ਦਾਤੇ**-ਦਾਨੀ। **ਭੇਖਾਰੀ**-ਮੰਗਤੇ। **ਸਭਿ**-ਸਾਰੇ। **ਵਿਡਾਣ**-ਅਚਰਜ। **ਚੋਜ**-ਕੌਤਕ, ਤਮਾਸ਼ੇ। **ਭੁਗਤਾ**-ਭੋਗਣ ਵਾਲਾ, ਵਰਤਣ ਵਾਲਾ। **ਹਉ**-ਹਉਂ, ਮੈਂ। **ਆਖਿ**-ਆਖ ਕੇ। **ਵਖਾਣਾ**-ਮੈਂ ਬਿਆਨ ਕਰਾਂ। **ਸੇਵਹਿ**-ਸਿਮਰਦੇ ਹਨ ।।੨।

**ਹਰਿ ਜੀ**-ਹੇ ਪ੍ਰਭੂ ਜੀ! **ਧਿਆਵਹਿ**-ਸਿਮਰਦੇ ਹਨ। **ਸੇ ਜਨ**-ਉਹ ਬੰਦੇ। **ਜੁਗਿ ਮਹਿ**-ਜ਼ਿੰਦਗੀ ਵਿਚ। ਸੁਖਵਾਸੀ-ਸੁਖ ਨਾਲ ਵੱਸਣ ਵਾਲੇ। ਮੁਕਤੁ-ਮਾਇਆ ਦੇ ਬੰਧਨਾਂ ਤੋਂ ਆਜ਼ਾਦ। **ਫਾਸੀ**-ਫਾਹੀ। **ਭਉ ਸਭੁ**-ਸਾਰਾ ਡਰ। **ਗਵਾਸੀ**-ਦੂਰ ਕਰ ਦੇਂਦਾ ਹੈ। **ਰੂਪਿ**-ਰੂਪ ਵਿਚ। **ਸਮਾਸੀ**-ਮਿਲ ਜਾਂਦੇ ਹਨ। **ਧੰਨ**-ਭਾਗਾਂ ਵਾਲੇ। **ਬਲਿ ਜਾਸੀ**-ਸਦਕੇ ਜਾਂਦਾ ਹੈ।੩।

**ਭਗਤਿ ਭੰਡਾਰ**-ਭਗਤੀ ਦੇ ਖ਼ਜ਼ਾਨੇ। **ਭਗਤ**-ਭਗਤੀ ਕਰਨ ਵਾਲੇ {ਨੋਟ: ਲਫ਼ਜ਼ 'ਭਗਤਿ' ਦਾ ਅਰਥ ਹੈ ਭਗਤੀ ਅਤੇ ਲਫ਼ਜ਼ 'ਭਗਤ' ਦਾ ਅਰਥ ਹੈ ਭਗਤੀ ਕਰਨ ਵਾਲੇ ਅਰਥਾਤ ਬਹੁਤੇ ਭਗਤ (ਬਹੁ ਵਚਨ)। ਜੇ ਕਰ ਅੱਖਰ 'ਭਗਤੁ' ਹੁੰਦਾ ਤਾਂ ਇਸ ਦਾ ਮਤਲਬ ਹੈ ਇਕ ਭਗਤ ਅਰਥਾਤ (ਇਕ ਵਚਨ)}। **ਅਨਿਕ**-ਅਨੇਕਾਂ। **ਤਪੁ**-ਧੂਣੀਆਂ ਆਦਿਕ ਦੀ ਸਰੀਰਕ ਔਖ। **ਸਿਮ੍ਰਿਤਿ**-ਉਹ ਧਾਰਮਿਕ ਪੁਸਤਕ ਜੋ ਹਿੰਦੂ ਵਿਦਵਾਨ ਰਿਸ਼ੀਆਂ ਨੇ ਵੇਦਾਂ ਨੂੰ ਚੇਤੇ ਕਰ ਕੇ ਆਪਣੇ ਸਮਾਜ ਦੀ ਅਗਵਾਈ ਲਈ ਲਿਖੇ, ਇਹਨਾਂ ਦੀ ਗਿਣਤੀ ੨੭ ਦੇ ਕਰੀਬ ਹੈ। **ਸਾਸਤ**-ਹਿੰਦੂ ਧਰਮ ਦੇ ਫਲਸਫ਼ੇ ਦੇ ਪੁਸਤਕ ਜੋ ਗਿਣਤੀ ਵਿਚ ਛੇ ਹਨ - ਸਾਂਖ, ਯੋਗ, ਨਿਆਇ, ਵੈਸ਼ੇਸ਼ਿਕ, ਮੀਮਾਂਸਾ, ਵੇਦਾਂਤ। **ਕਿਰਿਆ**-ਧਾਰਮਿਕ ਸੰਸਕਾਰ। **ਖਟੁ**-ਛੇ। **ਖਟੁ ਕਰਮ**-ਮਨੂ-ਸਿਮ੍ਰਿਤੀ ਅਨੁਸਾਰ ਇਹ ਛੇ ਕਰਮ ਇਉਂ ਹਨ - ਵਿਦਿਆ ਪੜ੍ਹਨੀ ਤੇ ਪੜ੍ਹਾਣੀ; ਜੱਗ ਕਰਨਾ ਤੇ ਜੱਗ ਕਰਾਣਾ; ਦਾਨ ਦੇਣਾ ਤੇ ਦਾਨ ਲੈਣਾ। **ਕਰੰਤਾ**-ਕਰਦੇ ਹਨ। **ਭਾਵਹਿ**-ਚੰਗੇ ਲੱਗਦੇ ਹਨ।੪।

**ਆਦਿ**-ਮੁੱਢ। **ਅਪਰੰਪਰੁ**-ਅ-ਪਰੰ-ਪਰ, ਜਿਸ ਦਾ ਪਰਲੇ ਤੋਂ ਪਰਲਾ ਬੰਨਾ ਨਾਹ ਲੱਭ ਸਕੇ, ਬੇਅੰਤ। **ਤੁਧੁ ਜੇਵਡੁ**-ਤੇਰੇ ਜੇਡਾ, ਤੇਰੇ ਬਰਾਬਰ ਦਾ। **ਅਵਰੁ**-ਹੋਰ। **ਜੁਗੁ ਜੁਗੁ**-ਹਰੇਕ ਜੁਗੁ ਵਿਚ। **ਏਕੋ**-ਇਕ ਆਪ ਹੀ। **ਨਿਹਚਲੁ**-ਨਾਹ ਹਿੱਲਣ ਵਾਲਾ, ਅਟੱਲ। **ਵਰਤੈ**-ਹੁੰਦਾ ਹੈ। **ਸੁ**-ਉਹ। **ਸਭ**-ਸਾਰੀ। **ਉਪਾਈ**-ਪੈਦਾ ਕੀਤੀ। **ਸਿਰਜਿ**-ਪੈਦਾ ਕਰ ਕੇ।

**ਆਪੇ**-ਆਪ ਹੀ। **ਗੋਈ**-ਨਾਸ ਕੀਤੀ। **ਜਾਣੋਈ**-ਜਾਣਨ ਵਾਲਾ। **ਸਭਸੈ ਕਾ**-ਹਰੇਕ ਦੇ ਦਿਲ ਦਾ। **ਸੋਈ**-ਸੰਭਾਲ ਕਰਨ ਵਾਲਾ।੫।

**ਸ਼ਬਦ-ਉਚਾਰਨ**:- ਅਗਮਾਂ, ਧਿਆਵਹਿਂ, ਜੀਆਂ, ਸੇਵਹਿਂ, ਕਰਹਿਂ, ਤਾਪਹਿਂ, ਜਪਹਿਂ ਬਿੰਦੀ ਸਹਿਤ ਉਚਾਰਨੇ ਹਨ।

**ਅਰਥ**: ਉਹ ਪਰਮਾਤਮਾ ਸਾਰੇ ਜੀਵਾਂ ਵਿਚ ਵਿਆਪਕ ਹੈ ਫਿਰ ਭੀ ਮਾਇਆ ਦੇ ਪ੍ਰਭਾਵ ਤੋਂ ਉਤਾਂਹ ਹੈ, ਅਪਹੁੰਚ ਹੈ ਅਤੇ ਬੇਅੰਤ ਹੈ। ਹੇ ਸਦਾ ਕਾਇਮ ਰਹਿਣ ਵਾਲੇ ਅਤੇ ਸਭ ਜੀਵਾਂ ਨੂੰ ਪੈਦਾ ਕਰਨ ਵਾਲੇ ਹਰੀ! ਸਾਰੇ ਜੀਵ ਤੈਨੂੰ ਸਦਾ ਸਿਮਰਦੇ ਹਨ, ਤੇਰਾ ਧਿਆਨ ਧਰਦੇ ਹਨ। ਹੇ ਪ੍ਰਭੂ! ਸਾਰੇ ਜੀਵ ਤੇਰੇ ਹੀ ਪੈਦਾ ਕੀਤੇ ਹੋਏ ਹਨ, ਤੂੰ ਹੀ ਸਭ ਜੀਵਾਂ ਦਾ ਰਾਜ਼ਕ ਹੈਂ।

ਹੇ ਸੰਤ ਜਨੋ! ਉਸ ਪਰਮਾਤਮਾ ਦਾ ਧਿਆਨ ਧਰਿਆ ਕਰੋ, ਉਹ ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਹੈ। ਉਹ ਸਭ ਜੀਵਾਂ ਵਿਚ ਵਿਆਪਕ ਹੋਣ ਕਰਕੇ ਆਪ ਹੀ ਮਾਲਕ ਹੈ ਅਤੇ ਆਪ ਹੀ ਸੇਵਕ ਹੈ। ਹੇ ਨਾਨਕ! ਉਸ ਤੋਂ ਬਿਨਾ ਜੀਵ ਵਿਚਾਰੇ ਕੀਹ ਹਨ? ਉਸ ਹਰੀ ਤੋਂ ਵੱਖਰੀ ਜੀਵਾਂ ਦੀ ਕੋਈ ਹਸਤੀ ਨਹੀਂ ।੧।

ਹੇ ਹਰੀ! ਤੂੰ ਹਰੇਕ ਸਰੀਰ ਵਿਚ ਵਿਆਪਕ ਹੈਂ; ਤੂੰ ਸਾਰੇ ਜੀਵਾਂ ਵਿਚ ਇਕ-ਰਸ ਮੌਜੂਦ ਹੈਂ, ਤੂੰ ਇਕ ਆਪ ਹੀ ਸਭ ਵਿਚ ਸਮਾਇਆ ਹੋਇਆ ਹੈਂ। ਫਿਰ ਭੀ ਕਈ ਜੀਵ ਦਾਨੀ ਹਨ, ਕਈ ਜੀਵ ਮੰਗਤੇ ਹਨ - ਇਹ ਸਾਰੇ ਤੇਰੇ ਹੀ ਅਚਰਜ ਤਮਾਸ਼ੇ ਹਨ ਕਿਉਂਕਿ ਅਸਲ ਵਿਚ ਤੂੰ ਆਪ ਹੀ ਦਾਤਾਂ ਦੇਣ ਵਾਲਾ ਹੈਂ, ਤੇ, ਆਪ ਹੀ ਉਹਨਾਂ ਦਾਤਾਂ ਨੂੰ ਵਰਤਣ ਵਾਲਾ ਹੈਂ। ਸਾਰੀ ਸ੍ਰਿਸ਼ਟੀ ਵਿਚ ਮੈਂ ਤੈਥੋਂ ਬਿਨਾ ਕਿਸੇ ਹੋਰ ਨੂੰ ਨਹੀਂ ਪਛਾਣਦਾ, ਤੈਥੋਂ ਬਿਨਾ ਕੋਈ ਹੋਰ ਨਹੀਂ ਦਿੱਸਦਾ।

ਮੈਂ ਤੇਰੇ ਕੇਹੜੇ ਕੇਹੜੇ ਗੁਣ ਗਾ ਕੇ ਦੱਸਾਂ? ਤੂੰ ਬੇਅੰਤ ਪਾਰਬ੍ਰਹਮ ਹੈਂ, ਹੇ ਪ੍ਰਭੂ! ਜੇਹੜੇ ਮਨੁੱਖ ਤੈਨੂੰ ਯਾਦ ਕਰਦੇ ਹਨ, ਤੈਨੂੰ ਸਿਮਰਦੇ ਹਨ, ਤੇਰਾ ਦਾਸ ਨਾਨਕ ਉਹਨਾਂ ਤੋਂ ਸਦਕੇ ਜਾਂਦਾ ਹੈ।੨।

ਹੇ ਪ੍ਰਭੂ ਜੀ! ਜੇਹੜੇ ਮਨੁੱਖ ਤੈਨੂੰ ਸਿਮਰਦੇ ਹਨ ਤੇਰਾ ਧਿਆਨ ਧਰਦੇ ਹਨ, ਉਹ ਬੰਦੇ ਆਪਣੀ ਜ਼ਿੰਦਗੀ ਵਿਚ ਸੁਖੀ ਵੱਸਦੇ ਹਨ। ਜਿਨ੍ਹਾਂ ਮਨੁੱਖਾਂ ਨੇ ਹਰਿ-ਨਾਮ ਸਿਮਰਿਆ ਹੈ, ਉਹ ਸਦਾ ਲਈ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਗਏ ਹਨ, ਉਹਨਾਂ ਦੀ ਜਮਾਂ ਵਾਲੀ ਫਾਹੀ ਟੁੱਟ ਗਈ ਹੈ, ਆਤਮਕ ਮੌਤ ਉਹਨਾਂ ਦੇ ਨੇੜੇ ਨਹੀਂ ਢੁਕਦੀ । ਜਿਨ੍ਹਾਂ ਬੰਦਿਆਂ ਨੇ ਸਦਾ ਨਿਰਭਉ ਪ੍ਰਭੂ ਦਾ ਨਾਮ ਸਿਮਰਿਆ ਹੈ; ਪ੍ਰਭੂ ਉਹਨਾਂ ਦਾ ਸਾਰਾ ਡਰ ਦੂਰ ਕਰ ਦੇਂਦਾ ਹੈ।

ਜਿਨ੍ਹਾਂ ਮਨੁੱਖਾਂ ਨੇ ਪਿਆਰੇ ਪ੍ਰਭੂ ਨੂੰ ਸਦਾ ਸਿਮਰਿਆ ਹੈ, ਉਹ ਪ੍ਰਭੂ ਵਿੱਚ ਹੀ ਲੀਨ

ਹੋ ਗਏ। ਭਾਗਾਂ ਵਾਲੇ ਹਨ ਉਹ ਮਨੁੱਖ, ਧੰਨ ਹਨ ਉਹ ਮਨੁੱਖ, ਜਿਨ੍ਹਾਂ ਪ੍ਰਭੂ ਦਾ ਨਾਮ ਸਿਮਰਿਆ ਹੈ। ਦਾਸ ਨਾਨਕ ਉਹਨਾਂ ਤੋਂ ਸਦਕੇ ਜਾਂਦਾ ਹੈ।੩।

ਹੇ ਪ੍ਰਭੂ! ਤੇਰੀ ਭਗਤੀ ਦੇ ਬੇਅੰਤ ਖ਼ਜ਼ਾਨੇ ਭਰੇ ਪਏ ਹਨ। ਹੇ ਹਰੀ! ਅਨੇਕਾਂ ਤੇ ਬੇਅੰਤ ਤੇਰੇ ਭਗਤ ਤੇਰੀ ਸਿਫ਼ਤਿ-ਸਾਲਾਹ ਕਰ ਰਹੇ ਹਨ। ਹੇ ਪ੍ਰਭੂ! ਅਨੇਕਾਂ ਜੀਵ ਤੇਰੀ ਪੂਜਾ ਕਰਦੇ ਹਨ। ਬੇਅੰਤ ਜੀਵ ਤੈਨੂੰ ਮਿਲਣ ਲਈ ਤਪ ਸਾਧਦੇ ਹਨ। ਤੇਰੇ ਅਨੇਕਾਂ ਸੇਵਕ ਕਈ ਸਿਮ੍ਰਿਤੀਆਂ ਅਤੇ ਸ਼ਾਸਤ੍ਰ ਪੜ੍ਹਦੇ ਹਨ ਅਤੇ ਉਹਨਾਂ ਦੇ ਦੱਸੇ ਹੋਏ ਛੇ ਧਾਰਮਿਕ ਕੰਮ ਤੇ ਹੋਰ ਕਰਮ ਕਰਦੇ ਹਨ। ਹੇ ਦਾਸ ਨਾਨਕ! ਉਹੀ ਭਗਤ ਭਲੇ ਹਨ ਉਹਨਾਂ ਦੀ ਹੀ ਘਾਲ ਕਬੂਲ ਹੋਈ ਜਾਣੋ ਜੋ ਪਿਆਰੇ ਹਰਿ-ਭਗਵੰਤ ਨੂੰ ਪਿਆਰੇ ਲੱਗਦੇ ਹਨ।੪।

ਹੇ ਪ੍ਰਭੂ! ਤੂੰ ਸਾਰੇ ਜਗਤ ਦਾ ਮੂਲ ਹੈਂ, ਸਭ ਵਿਚ ਵਿਆਪਕ ਹੈਂ, ਬੇਅੰਤ ਹੈਂ, ਸਭ ਨੂੰ ਪੈਦਾ ਕਰਨ ਵਾਲਾ ਹੈਂ, ਅਤੇ ਤੇਰੇ ਬਰਾਬਰ ਦਾ ਹੋਰ ਕੋਈ ਨਹੀਂ ਹੈ। ਤੂੰ ਹਰੇਕ ਜੁਗ ਵਿਚ ਇਕ ਆਪ ਹੀ ਹੈਂ, ਤੂੰ ਸਦਾ ਹੀ ਆਪ ਹੀ ਆਪ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਸਭ ਦਾ ਪੈਦਾ ਕਰਨ ਵਾਲਾ ਹੈਂ, ਸਭ ਦੀ ਸਾਰ ਲੈਣ ਵਾਲਾ ਹੈਂ।

ਹੇ ਪ੍ਰਭੂ! ਜਗਤ ਵਿਚ ਉਹੀ ਹੁੰਦਾ ਹੈ ਜੋ ਤੈਨੂੰ ਆਪ ਨੂੰ ਚੰਗਾ ਲੱਗਦਾ ਹੈ, ਉਹੀ ਹੁੰਦਾ ਹੈ ਜੋ ਤੂੰ ਆਪ ਹੀ ਕਰਦਾ ਹੈਂ। ਹੇ ਪ੍ਰਭੂ! ਸਾਰੀ ਸ੍ਰਿਸ਼ਟੀ ਤੂੰ ਆਪ ਹੀ ਪੈਦਾ ਕੀਤੀ ਹੈ। ਤੂੰ ਆਪ ਹੀ ਇਸ ਨੂੰ ਪੈਦਾ ਕਰਕੇ ਆਪ ਹੀ ਇਸ ਨੂੰ ਨਾਸ ਕਰਦਾ ਹੈਂ। ਦਾਸ ਨਾਨਕ ਉਸ ਕਰਤਾਰ ਦੇ ਗੁਣ ਗਾਂਦਾ ਹੈ ਜੋ ਹਰੇਕ ਜੀਵ ਦੇ ਦਿਲ ਦੀ ਜਾਣਨ ਵਾਲਾ ਹੈ।੫।੧।

# ਸਿੱਖਿਆਵਾਂ

## ਪਹਿਲੀ ਸਿੱਖਿਆ

**ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥**
**ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥**

(ਭਾਵ: ਪਰਮਾਤਮਾ ਸਾਰੇ ਜੀਵਾਂ ਵਿਚ ਵੱਸਦਾ ਹੋਇਆ ਵੀ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਹੈ, ਅਪਹੁੰਚ ਹੈ ਅਤੇ ਬੇਅੰਤ ਹੈ। ਹੇ ਹਮੇਸ਼ਾ ਰਹਿਣ ਵਾਲੇ ਅਤੇ ਸਾਰੇ ਹੀ ਜੀਵਾਂ ਨੂੰ ਪੈਦਾ ਕਰਨ ਵਾਲੇ ਪ੍ਰਭੂ! ਸਾਰੇ ਜੀਵ ਤੈਨੂੰ ਸਦਾ ਸਿਮਰ ਰਹੇ ਹਨ, ਤੇਰਾ ਧਿਆਨ ਧਰ ਰਹੇ ਹਨ।)

ਉਹ ਪਰਮਾਤਮਾ ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਹੈ। ਪਰ ਅਸੀਂ ਦੁਨਿਆਵੀ ਜੀਵ ਮਾਇਆ ਦੇ ਪ੍ਰਭਾਵ ਹੇਠਾਂ ਹੀ ਰਹਿੰਦੇ ਹਾਂ। ਅਗਰ ਅਸੀਂ ਚਾਹੁੰਦੇ ਹਾਂ ਕਿ ਸਾਡਾ ਪਰਮਾਤਮਾ ਨਾਲ ਮਿਲਾਪ ਹੋ ਜਾਵੇ ਤਾਂ ਸਾਨੂੰ ਵੀ ਮਾਇਆ ਤੋਂ ਨਿਰਲੇਪ ਹੋਣਾ ਪਵੇਗਾ। ਇਸ ਸੰਬੰਧ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਇਉਂ ਹੈ:

**"ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ॥**
**ਜਨ ਨਾਨਕ ਕਰੇ ਕਰਾਇਆ ਸਭੁ ਕੋ ਜਿਉ ਭਾਵੈ ਤਿਵ ਹਰਿ ਗੁਣਤਾਸੁ॥"** (ਅੰਗ:੯੪੯)

ਹੁਣ ਸਵਾਲ ਇਹ ਪੈਦਾ ਹੋਵੇਗਾ ਕਿ ਅਸੀਂ ਸੰਸਾਰ ਵਿਚ ਵਿਚਰਦੇ ਹੋਏ, ਮਾਇਆ ਦਾ ਵਿਹਾਰ ਕਰਦਿਆਂ ਹੋਇਆਂ, ਨਿਰਲੇਪ ਕਿਵੇਂ ਬਣੀਏ? ਤਾਂ ਇਸਦੇ ਜਵਾਬ ਵਿਚ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਦੀ ਇਕ ਸਾਖੀ ਆਪ ਜੀ ਨਾਲ ਸਾਂਝੀ ਕਰ ਰਿਹਾਂ ਹਾਂ।

ਇਕ ਵਾਰ ਧੰਨ ਸ੍ਰੀ ਗੁਰੂ ਅਮਰਦਾਸ ਜੀ ਕੋਲ ਇਕ ਪੰਡਤ ਜੀ ਆਏ ਅਤੇ ਕਹਿਣ ਲੱਗੇ ਕਿ ਤੁਸੀਂ ਆਪਣੇ ਸਿੱਖਾਂ ਨੂੰ ਇਹ ਉਪਦੇਸ਼ ਦਿੰਦੇ ਹੋ ਕਿ ਸਵੇਰੇ ਸੂਰਜ ਚੜ੍ਹਨ ਤੋਂ ਪਹਿਲੇ ਅੰਮ੍ਰਿਤ ਵੇਲੇ ਇਕ ਘੜੀ ਪਰਮਾਤਮਾ ਦਾ ਨਾਮ ਜਪਿਆ ਕਰੋ ਅਤੇ ਇਸ ਤਰੀਕੇ ਨਾਲ ਤੁਸੀਂ ਮਾਇਆ ਵਿਚ ਰਹਿ ਕੇ ਵੀ ਮਾਇਆ ਤੋਂ ਨਿਰਲੇਪ ਰਹਿ ਸਕਦੇ ਹੋ। ਪੰਡਤ ਨੇ ਗੁਰੂ ਜੀ ਤੋਂ ਪ੍ਰਸ਼ਨ ਪੁੱਛਿਆ ਕਿ ਇਹ ਕਿਵੇਂ ਸੰਭਵ ਹੈ ਕਿ ਕੋਈ ਜੀਵ ਸੱਤ ਪਹਿਰ ਤਾਂ ਮਾਇਆ ਵਿਚ ਰਹਿੰਦਾ ਹੋਵੇ ਪਰ ਇਕ ਪਹਿਰ ਦੇ ਸਿਮਰਨ ਕਰਨ ਕਰਕੇ ਉਹ ਮਾਇਆ ਤੋਂ ਨਿਰਲੇਪ ਕਿਵੇਂ ਹੋ ਸਕਦਾ ਹੈ?

ਤਾਂ ਇਸ ਦੇ ਜਵਾਬ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਪੰਡਤ ਜੀ ਨੂੰ ਸਮਝਾਉਂਦਿਆਂ

ਹੋਇਆਂ ਕਿਹਾ ਕਿ ਤੁਸੀਂ ਮੈਨੂੰ ਇਕ ਗੱਲ ਦਸੋ ਕਿ ਜਦੋਂ ਬੇੜੀ ਪਾਣੀ ਵਿਚ ਚਲਦੀ ਹੈ ਤਾਂ ਉਹ ਪਾਣੀ ਵਿਚ ਕਿੰਨੀ ਕੁ ਡੁੱਬੀ ਹੁੰਦੀ ਹੈ? ਤਾਂ ਪੰਡਤ ਜੀ ਨੇ ਜਵਾਬ ਦਿੱਤਾ ਕਿ ਬੇੜੀ ਦਾ ਜਿਆਦਾ ਹਿੱਸਾ ਪਾਣੀ ਵਿਚ ਰਹਿੰਦਾ ਹੈ ਅਤੇ ਥੋੜ੍ਹਾ ਜਿਹਾ ਹਿੱਸਾ ਪਾਣੀ ਤੋਂ ਬਾਹਰ ਰਹਿੰਦਾ ਹੈ।

ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਪੰਡਤ ਜੀ ਨੂੰ ਇਕ ਹੋਰ ਸਵਾਲ ਪੁੱਛਿਆ ਕਿ ਜੇਕਰ ਬੇੜੀ ਦਾ ਸਾਰੇ ਦਾ ਸਾਰਾ ਹਿੱਸਾ ਪਾਣੀ ਵਿਚ ਚਲਾ ਜਾਵੇ ਤਾਂ ਕੀ ਹੋਏਗਾ? ਤਾਂ ਪੰਡਤ ਜੀ ਕਹਿਣ ਲੱਗੇ ਕਿ ਬੇੜੀ ਡੁੱਬ ਜਾਏਗੀ ਅਤੇ ਸਾਰੇ ਦੇ ਸਾਰੇ ਯਾਤਰੀ ਵੀ ਡੁੱਬ ਜਾਣਗੇ। ਫਿਰ ਸਤਿਗੁਰੂ ਜੀ ਨੇ ਪੰਡਤ ਜੀ ਨੂੰ ਸਮਝਾਉਂਦਿਆਂ ਹੋਇਆਂ ਦੱਸਿਆ ਕਿ ਕੋਈ ਵੀ ਜੀਵ ਭਾਵੇਂ ਮਾਇਆ ਵਿਚ ਰਹਿੰਦਾ ਹੈ ਪਰ ਜੇਕਰ ਉਹ ਅੰਮ੍ਰਿਤ ਵੇਲੇ ਦੇ ਇਕ ਪਹਿਰ ਵੀ ਪਰਮਾਤਮਾ ਨਾਲ ਜੁੜ ਜਾਏ ਤਾਂ ਉਸ ਨੂੰ ਪਰਮਾਤਮਾ ਦੇ ਨਾਮ ਨਾਲ ਜੁੜਨ ਦਾ ਸਦਕਾ ਜੀਵਨ ਵਿਚ ਮਾਇਆ ਤੋਂ ਨਿਰਲੇਪ ਹੋਣ ਦੀ ਜੁਗਤਿ ਪ੍ਰਾਪਤ ਹੋ ਜਾਏਗੀ ਅਤੇ ਉਸ ਦਾ ਮਾਇਆ ਵਿਚ ਰਹਿੰਦਿਆਂ ਹੋਇਆਂ ਉਵੇਂ ਹੀ ਪਾਰ ਉਤਾਰਾ ਹੋ ਜਾਵੇਗਾ ਜਿਵੇਂ ਕਿ ਬੇੜੀ ਦੇ ਯਾਤਰੀਆਂ ਦਾ ਨਦੀ ਵਿਚੋਂ ਪਾਰ ਉਤਾਰਾ ਹੋ ਜਾਂਦਾ ਹੈ।

**ਇਸ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ** ਅਸੀਂ ਵੀ ਅੰਮ੍ਰਿਤ ਵੇਲੇ ਦੇ ਇਕ ਪਹਿਰ ਲਈ ਪਰਮਾਤਮਾ ਦੀ ਬੰਦਗੀ ਕਰਨੀ ਹੈ ਜਿਸ ਸਦਕਾ ਸਾਨੂੰ ਵੀ ਮਾਇਆ ਵਿਚ ਰਹਿੰਦਿਆਂ ਹੋਇਆਂ ਮਾਇਆ ਤੋਂ ਨਿਰਲੇਪ ਰਹਿਣ ਦੀ ਜੁਗਤ ਪ੍ਰਾਪਤ ਹੋ ਜਾਏਗੀ ਅਤੇ ਗੁਰਪ੍ਰਸਾਦਿ ਦਾ ਸਦਕਾ ਸਾਡੀ ਵੀ ਸਮਾਈ ਪਰਮਾਤਮਾ ਵਿਚ ਹੋ ਜਾਏਗੀ।

## ਦੂਜੀ ਸਿੱਖਿਆ

**ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥**
**ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥**
**ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧॥**

(ਭਾਵ: ਹੇ ਪ੍ਰਭੂ! ਸਾਰੇ ਜੀਵ ਤੇਰੇ ਹੀ ਪੈਦਾ ਕੀਤੇ ਹੋਏ ਹਨ, ਤੂੰ ਹੀ ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ ਦਾਤਾਰ ਹੈਂ। ਹੇ ਸੰਤ ਜਨੋ! ਉਸ ਪਰਮਾਤਮਾ ਦਾ ਧਿਆਨ ਧਰਿਆ ਕਰੋ, ਜੋ ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਹੈ। ਉਹ ਸਭ ਜੀਵਾਂ ਵਿਚ ਵਿਆਪਕ ਹੋਣ ਕਰਕੇ ਆਪ ਹੀ ਮਾਲਕ ਹੈ ਅਤੇ ਆਪ ਹੀ ਸੇਵਕ ਹੈ। ਹੇ ਨਾਨਕ! ਉਸ ਤੋਂ ਵੱਖਰੀ ਜੀਵਾਂ ਦੀ ਕੋਈ ਹਸਤੀ ਨਹੀ ।੧।)

**"ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ॥"** ਵਾਲੀ ਪੰਕਤੀ ਦਾ ਭਾਵ ਹੈ ਕਿ ਸਾਰੇ ਜੀਵਾਂ ਨੂੰ ਪੈਦਾ ਕਰਨ ਵਾਲਾ ਤੇ ਰਿਜ਼ਕ ਦੇਣ ਵਾਲਾ ਪਰਮਾਤਮਾ ਆਪ ਹੀ ਹੈ। ਜਿਵੇਂ ਕਿ ਗੁਰਬਾਣੀ ਫੁਰਮਾਨ ਹੈ–

**"ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ॥"**(ਅੰਗ:੧੪੦੩)

ਪਰ ਅਕਸਰ ਅਸੀਂ ਇਹ ਗੱਲ ਭੁੱਲ ਜਾਂਦੇ ਹਾਂ ਕਿ ਪਰਮਾਤਮਾ ਹੀ ਸਾਰੇ ਜੀਵਾਂ ਦਾ ਦਾਤਾ ਹੈ ਅਤੇ ਉਹ ਪਰਮਾਤਮਾ ਹੀ ਸਾਰੇ ਜੀਵਾਂ ਦੀ ਪ੍ਰਤਿਪਾਲਣਾ ਕਰਨ ਵਾਲਾ ਹੈ।

ਕਈ ਵਾਰੀ ਅਸੀਂ ਸੰਸਾਰਕ ਜੀਵ ਆਪਣੇ ਬੱਚਿਆਂ ਅਤੇ ਆਪਣੇ ਪਰਿਵਾਰ ਦੀ ਬਹੁਤ ਜਿਆਦਾ ਚਿੰਤਾ ਕਰਦੇ ਹਾਂ ਕਿ ਅਗਰ ਮੈਨੂੰ ਕੁਝ ਹੋ ਗਿਆ ਤਾਂ ਮੇਰੇ ਪਿਛੋਂ ਮੇਰੇ ਬੱਚਿਆਂ ਦੀ ਪਾਲਣਾ ਪੋਸ਼ਣਾ ਕੌਣ ਕਰੇਗਾ। ਜਿਵੇਂ ਕਿ ਆਪਾਂ ਇਸ ਤੋਂ ਪਿਛਲੇ ਸ਼ਬਦ ਵਿਚ ਵੀ ਵਿਚਾਰ ਕਰ ਚੁੱਕੇ ਹਾਂ ਕਿ ਉਹ ਪਰਮਾਤਮਾ ਤਾਂ ਪੱਥਰ ਵਿਚ ਪੈਦਾ ਕੀਤੇ ਜੀਵਾਂ ਨੂੰ ਵੀ ਰਿਜ਼ਕ ਅਪੜਾਂਦਾ ਹੈ ਤਾਂ ਫਿਰ ਕੀ ਉਹ ਸਾਡੇ ਪਰਿਵਾਰ ਨੂੰ ਰਿਜ਼ਕ ਨਹੀਂ ਦੇਵੇਗਾ? ਇਸ ਲਈ ਸਾਨੂੰ ਕਦੇ ਵੀ ਚਿੰਤਾ ਨਹੀਂ ਕਰਨੀ ਚਾਹੀਦੀ। ਪਰ ਜੀਵ ਦਾ ਸੁਭਾਅ ਹੈ ਕਿ ਇਸ ਨੂੰ ਜਿੰਨਾ ਮਰਜ਼ੀ ਸਮਝਾ ਲਵੋ ਤਾਂ ਵੀ ਇਹ ਬਿਨਾਂ ਕਿਸੇ ਗੱਲ ਦੇ ਚਿੰਤਾ ਕਰਦਾ ਰਹਿੰਦਾ ਹੈ।

ਐਸੇ ਚਿੰਤਾ ਕਰਨ ਵਾਲੇ ਜੀਵ ਨੂੰ ਸਤਿਗੁਰੂ ਜੀ ਸਿੱਖਿਆ ਦਿੰਦੇ ਹਨ ਕਿ ਤੂੰ ਚਿੰਤਾ ਕਰਨ ਦੀ ਬਜਾਇ ਉਸ ਦਾ ਸਿਮਰਨ ਕਰਿਆ ਕਰ ਜਿਸ ਸਦਕਾ ਤੇਰੇ ਦੁੱਖਾਂ ਦਾ ਖਾਤਮਾ ਹੋ ਜਾਵੇਗਾ ਅਤੇ ਆਪਣੀ ਸਿਮਰਤੀ ਵਿਚ ਇਹ ਗੱਲ ਦ੍ਰਿੜ ਕਰ ਲੈ ਕਿ ਉਹ ਪਰਮਾਤਮਾ ਇੰਨੀ ਵੱਡੀ ਹਸਤੀ ਹੈ ਕਿ ਉਸ ਨੇ ਚੌਰਾਸੀ ਲੱਖ ਜੂਨਾਂ ਬਣਾ ਕੇ ਉਨ੍ਹਾਂ ਦੀ ਰੋਜ਼ੀ ਰੋਟੀ ਦਾ ਵੀ ਪ੍ਰਬੰਧ ਕੀਤਾ ਹੋਇਆ ਹੈ ਅਤੇ ਉਹ ਪਰਮਾਤਮਾ ਹੀ ਸਾਰੇ ਜੀਵਾਂ ਦੀ ਪ੍ਰਤਿਪਾਲਣਾ ਕਰਨ ਵਾਲਾ ਹੈ।

ਇਸ ਸੰਬੰਧ ਵਿਚ ਗੁਰਬਾਣੀ ਫੁਰਮਾਨ ਇਉਂ ਹੈ:

**"ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥
ਦੈਨਹਾਰੁ ਸਦ ਜੀਵਨਹਾਰਾ॥
ਮਨ ਮੂਰਖ ਕਿਉ ਤਾਹਿ ਬਿਸਾਰਾ॥"** (ਅੰਗ:੨੫੭)

## ਤੀਜੀ ਸਿੱਖਿਆ

**ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥
ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥
ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥
ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥
ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥**

(ਭਾਵ: ਹੇ ਪਰਮਾਤਮਾ! ਤੂੰ ਆਪ ਹੀ ਸਭ ਵਿਚ ਸਮਾਇਆ ਹੋਇਆ ਹੈਂ। ਕਈ ਜੀਵ ਦਾਨੀ ਹਨ, ਕਈ ਜੀਵ ਮੰਗਤੇ ਹਨ – ਇਹ ਸਾਰੇ ਤੇਰੇ ਹੀ ਚੋਜ ਹਨ ਕਿਉਂਕਿ ਅਸਲ ਵਿਚ ਤੂੰ

ਆਪ ਹੀ ਦਾਤਾਂ ਦੇਣ ਵਾਲਾ ਹੈਂ ਅਤੇ ਆਪ ਹੀ ਉਹਨਾਂ ਦਾਤਾਂ ਨੂੰ ਵਰਤਣ ਵਾਲਾ ਹੈਂ। ਸਾਰੀ ਸ੍ਰਿਸ਼ਟੀ ਵਿਚ ਮੈਂ ਤੈਥੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਪਛਾਣਦਾ। ਮੈਂ ਤੇਰੇ ਕਿਹੜੇ-ਕਿਹੜੇ ਗੁਣ ਗਾ ਕੇ ਦੱਸਾਂ? ਤੂੰ ਬੇਅੰਤ ਪ੍ਰਭੂ ਹੈਂ। ਹੇ ਪ੍ਰਭੂ! ਜੋ ਮਨੁੱਖ ਤੈਨੂੰ ਯਾਦ ਕਰਦੇ ਹਨ ਤੇਰਾ ਦਾਸ ਨਾਨਕ ਉਹਨਾਂ ਤੋਂ ਸਦਕੇ ਜਾਂਦਾ ਹੈ।੨।)

**ਪਹਿਲੀ ਸਿੱਖਿਆ: "ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥ ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥ ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥"** ਦਾ ਭਾਵ ਹੈ ਕਿ ਉਸ ਪਰਮਾਤਮਾ ਦੀ ਜੋਤਿ ਹੀ ਸਾਰੇ ਸਰੀਰਾਂ ਵਿਚ ਵਿਆਪਕ ਹੈ । ਕਿਸੇ ਪਾਸੇ ਉਹ ਦਾਤੇ ਦੇ ਰੂਪ ਵਿਚ ਹੈ ਅਤੇ ਕਿਸੇ ਪਾਸੇ ਉਹ ਭਿਖਾਰੀ ਹੈ, ਕਿਧਰੇ ਉਹ ਭੋਗਣਵਾਲਾ ਹੈ, ਕਿਧਰੇ ਉਹ ਦਾਤਾਂ ਵੰਡਣ ਵਾਲਾ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਉਸ ਪਰਮਾਤਮਾ ਦੀ ਜੋਤਿ ਨੂੰ ਹੀ ਸਾਰਿਆਂ ਵਿਚ ਦੇਖਣ ਦਾ ਯਤਨ ਕਰਨਾ ਹੈ ਅਤੇ ਕਿਸੇ ਨਾਲ ਛਲ, ਕਪਟ, ਧੋਖਾ, ਝੂਠ ਨਹੀਂ ਬੋਲਣਾ ਅਤੇ ਨਾ ਹੀ ਕਿਸੇ ਦਾ ਦਿਲ ਦੁਖਾਉਣਾ ਹੈ ਕਿਉਂਕਿ ਸਾਰਿਆਂ ਵਿਚ ਤਾਂ ਉਸ ਦੀ ਆਪਣੀ ਜੋਤਿ ਹੀ ਟਿਕੀ ਹੋਈ ਹੈ। ਗੁਰਬਾਣੀ ਪ੍ਰਮਾਣ ਹੈ:-

**"ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" (ਅੰਗ:੧੩)**

**ਦੂਜੀ ਸਿੱਖਿਆ: "ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥"** ਦਾ ਭਾਵ ਹੈ ਕਿ ਗੁਰੂ ਸਾਹਿਬ ਦਾ ਭਗਤੀ ਕਰਨ ਵਾਲੇ ਬੰਦਿਆਂ ਨਾਲ ਇੰਨਾ ਜਿਆਦਾ ਪਿਆਰ ਹੈ ਕਿ ਉਹ ਕਹਿੰਦੇ ਹਨ ਕਿ ਹੇ ਪ੍ਰਭੂ! ਜਿਹੜੇ ਮਨੁੱਖ ਤੈਨੂੰ ਯਾਦ ਕਰਦੇ ਹਨ, ਤੈਨੂੰ ਸਿਮਰਦੇ ਹਨ, ਉਨ੍ਹਾਂ ਤੋਂ ਤੇਰਾ ਦਾਸ ਨਾਨਕ ਸਦਕੇ ਜਾਂਦਾ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਜੇਕਰ ਅਸੀਂ ਪਰਮਾਤਮਾ ਦੇ ਪਿਆਰ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਜੀਵਨ ਵਿਚ ਭਗਤੀ ਦੇ ਗੁਣ ਨੂੰ ਗ੍ਰਹਿਣ ਕਰੀਏ ਕਿਉਂਕਿ ਪਰਮਾਤਮਾ ਨੂੰ ਨਾਮ ਜਪਣ ਵਾਲੇ ਬੰਦਿਆਂ ਨਾਲ ਬਹੁਤ ਪਿਆਰ ਹੁੰਦਾ ਹੈ। ਯਥਾ **"ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥"**

## ਚੌਥੀ ਸਿੱਖਿਆ

**ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥**
**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥**
**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥**
**ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥**
**ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥੩॥**

ਇਸ ਪਦੇ ਵਿਚ ਨਾਮ ਦੀ ਮਹਿਮਾ ਦੱਸੀ ਗਈ ਹੈ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਨਾਮ ਜਪਣ ਨਾਲ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ, ਮਾਇਆ ਦੇ ਬੰਧਨਾਂ ਤੋਂ ਮੁਕਤੀ ਹੋ ਜਾਂਦੀ ਹੈ, ਜਮਾਂ ਦੀ ਫਾਹੀ ਟੁੱਟ ਜਾਂਦੀ ਹੈ ਅਤੇ ਜੀਵਾਂ ਦੇ ਸਾਰੇ ਤਰ੍ਹਾਂ ਦੇ ਡਰ ਵੀ ਖਤਮ ਹੋ ਜਾਂਦੇ ਹਨ। ਇਥੇ ਹੀ ਬੱਸ ਨਹੀਂ ਨਾਮ ਜਪਣ ਦਾ ਸਦਕਾ, ਗੁਰ ਪ੍ਰਸਾਦਿ ਦਾ ਸਦਕਾ, ਜੀਵ ਪ੍ਰਭੂ ਵਿਚ ਹੀ ਸਮਾ ਜਾਂਦੇ ਹਨ। ਨਾਮ ਜਪਣ ਵਾਲੇ ਜੀਵਾਂ ਨੂੰ ਗੁਰੂ ਜੀ ਬਹੁਤ ਹੀ ਪਿਆਰ ਕਰਦੇ ਹਨ ਅਤੇ ਕਹਿੰਦੇ ਹਨ ਕਿ ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ।

**ਇਸ ਤੋਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਨਾਮ ਸਿਮਰਨ ਨੂੰ ਜੀਵਨ ਦਾ ਆਧਾਰ ਬਣਾਉਣਾ ਹੈ ਅਤੇ ਕਿਸੇ ਵੀ ਪ੍ਰਕਾਰ ਦੇ ਡਰ ਨੂੰ ਮਨ ਤੇ ਭਾਰੂੰ ਨਹੀਂ ਹੋਣ ਦੇਣਾ। ਯਾਦ ਰੱਖਣਾ ਹੈ ਕਿ "**ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ॥**" ਅਤੇ "**ਨਿਰਭਉ ਜਪੈ ਸਗਲ ਭਉ ਮਿਟੈ॥**"

## ਪੰਜਵੀਂ ਸਿੱਖਿਆ

**ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥**
**ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥**
**ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥**
**ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ**
**ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥**
**ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥**

(ਭਾਵ: ਹੇ ਪ੍ਰਭੂ! ਤੇਰੀ ਭਗਤੀ ਦੇ ਬੇਅੰਤ ਖ਼ਜਾਨੇ ਭਰੇ ਪਏ ਹਨ। ਹੇ ਪ੍ਰਭੂ! ਬੇਅੰਤ ਭਗਤ ਤੇਰੀ ਸਿਫ਼ਤਿ-ਸਾਲਾਹ ਕਰ ਰਹੇ ਹਨ। ਅਨੇਕਾਂ ਜੀਵ ਤੇਰੀ ਪੂਜਾ ਕਰਦੇ ਹਨ। ਬੇਅੰਤ

ਜੀਵ ਤੈਨੂੰ ਮਿਲਣ ਲਈ ਤਪ ਸਾਧਦੇ ਹਨ। ਤੇਰੇ ਅਨੇਕਾਂ ਸੇਵਕ ਕਈ ਸਿਮ੍ਰਿਤੀਆਂ ਅਤੇ ਸ਼ਾਸਤ੍ਰ ਪੜ੍ਹਦੇ ਹਨ ਅਤੇ ਹਿੰਦੂ ਮੱਤ ਦੇ ਅਨੁਸਾਰ ਉਹਨਾਂ ਸ਼ਾਸਤਰਾਂ ਦੁਆਰਾ ਦੱਸੇ ਹੋਏ ਛੇ ਧਾਰਮਿਕ ਕੰਮ ਤੇ ਹੋਰ ਕਰਮ ਕਰਦੇ ਹਨ। ਪਰ ਹੇ ਦਾਸ ਨਾਨਕ! ਉਹੀ ਭਗਤ ਭਲੇ ਹਨ, ਉਹਨਾਂ ਦੀ ਹੀ ਘਾਲ ਕਬੂਲ ਹੋਈ ਜਾਣੋ ਜਿਹੜੇ ਪ੍ਰਭੂ ਨੂੰ ਪਿਆਰੇ ਲੱਗਦੇ ਹਨ।੪।)

ਜਿਵੇਂ ਕਿ ਆਪਾਂ ਉਪਰ ਪੜ੍ਹਿਆ ਹੈ ਕਿ ਉਸ ਪਰਮਾਤਮਾ ਦੀ ਭਗਤੀ ਕਰਨ ਵਾਲੇ ਬੇਅੰਤ ਜੀਵ, ਵੱਖਰੇ ਵੱਖਰੇ ਤਰੀਕਿਆਂ ਨਾਲ ਭਗਤੀ ਕਰ ਰਹੇ ਹਨ। ਪਰ ਉਹ ਹੀ ਭਗਤ ਭਲੇ ਹਨ ਜਿਨ੍ਹਾਂ ਦੀ ਘਾਲ ਕਮਾਈ ਕਬੂਲ ਹੋ ਜਾਂਦੀ ਹੈ ਅਤੇ ਜੋ ਹਰੀ ਭਗਵੰਤ ਨੂੰ ਭਾਅ ਜਾਂਦੇ ਹਨ। **ਤਾਂ ਫਿਰ ਸੁਆਲ ਇਹ ਪੈਦਾ ਹੋਏਗਾ ਕਿ ਅਸੀਂ ਕਿਹੋ ਜਿਹੀ ਭਗਤੀ ਕਰੀਏ ਕਿ ਅਸੀਂ ਉਸ ਨੂੰ ਭਾਅ ਜਾਈਏ? ਤਾਂ ਇਸ ਦਾ ਜਵਾਬ ਹੈ ਕਿ ਜਿਥੇ ਅਸੀਂ ਨਾਮ ਜਪਣਾ ਹੈ, ਉਥੇ ਸਾਡੀ ਕਥਨੀ ਅਤੇ ਕਰਨੀ ਵੀ ਇਕੋ ਜਿਹੀ ਹੋਣੀ ਚਾਹੀਦੀ ਹੈ ਨਹੀਂ ਤਾਂ ਅਸੀਂ ਕੱਚੇ ਬੰਦੇ ਸਦਾਵਾਂਗੇ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ: "ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥" (ਅੰਗ:੪੮੮)**

ਅਜੋਕੇ ਯੁੱਗ ਵਿਚ ਸਾਡੀ ਤ੍ਰਾਸਦੀ ਇਹ ਹੈ ਕਿ ਧਰਮੀ ਮਨੁੱਖਾਂ ਦਾ ਧਰਮ ਅਸਥਾਨਾਂ ਵਿਚ ਜੋ ਨਿਮਰਤਾ ਵਾਲਾ ਜਾਂ ਸੇਵਾ ਵਾਲਾ ਵਤੀਰਾ ਹੁੰਦਾ ਹੈ, ਉਹ ਵਤੀਰਾ ਧਰਮ ਅਸਥਾਨਾਂ ਤੋਂ ਬਾਹਰ ਆ ਕੇ ਦੇਖਣ ਨੂੰ ਨਹੀਂ ਮਿਲਦਾ। ਇਸ ਕਰਕੇ ਲੋਕਾਂ ਦਾ ਧਰਮ ਉਤੋਂ ਵਿਸ਼ਵਾਸ ਉਠ ਜਾਂਦਾ ਹੈ ਅਤੇ ਅਜਿਹੇ ਬੰਦੇ ਪਰਮਾਤਮਾ ਦੀ ਦਰਗਾਹ ਤੇ ਪ੍ਰਵਾਨ ਵੀ ਨਹੀਂ ਹੋ ਸਕਦੇ।

ਇਸ ਸੰਬੰਧ ਵਿਚ ਆਪ ਜੀ ਨਾਲ ਇਕ ਘਟਨਾ ਸਾਂਝੀ ਕਰ ਰਿਹਾ ਹਾਂ। ਇਕ ਵਾਰ ਇਕ ਰਿਕਸ਼ਾ ਚਲਾਉਣ ਵਾਲਾ ਬੰਦਾ ਗੁਰਦੁਆਰੇ ਜਾਂਦਾ ਹੈ। ਜਦੋਂ ਉਹ ਅੰਦਰ ਜਾਣ ਲਈ ਆਪਣੇ ਜੋੜੇ ਜਮ੍ਹਾ ਕਰਵਾਉਂਦਾ ਹੈ ਤਾਂ ਉਸ ਦੇ ਜੋੜੇ ਬਹੁਤ ਹੀ ਗੰਦੇ ਹੋਏ ਹੁੰਦੇ ਹਨ। ਜੋੜਾ ਘਰ ਵਿਚ ਸੇਵਾ ਕਰ ਰਹੇ ਸੇਵਾਦਾਰ ਬਹੁਤ ਹੀ ਪਿਆਰ ਨਾਲ ਉਸ ਦੇ ਜੋੜੇ ਲੈਂਦੇ ਹਨ ਤੇ ਬਹੁਤ ਹੀ ਸੇਵਾ ਭਾਵ ਨਾਲ ਜੋੜਿਆਂ ਨੂੰ ਸਾਫ਼ ਕਰਦੇ ਹਨ। ਉਸ ਨੂੰ ਬਹੁਤ ਹੀ ਭੁੱਖ ਲੱਗੀ ਹੋਈ ਹੁੰਦੀ ਹੈ ਅਤੇ ਭੁੱਖ ਮਿਟਾਉਣ ਲਈ ਲੰਗਰ ਵਿਚੋਂ ਪ੍ਰਸ਼ਾਦਾ ਛੱਕਦਾ ਹੈ ਅਤੇ ਪਰਮਾਤਮਾ ਦਾ ਸ਼ੁਕਰ ਕਰਦਾ ਹੈ ਕਿ ਤੁਸੀਂ ਅਜਿਹਾ ਧਰਮ ਵੀ ਬਣਾਇਆ ਹੈ ਜਿਸ ਧਰਮ ਦੇ ਪੈਰੋਕਾਰ ਭੁੱਖਿਆਂ ਦੀ ਬਿਨਾਂ ਜਾਤ ਪਾਤ ਦੇ ਫਰਕ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਸੇਵਾ ਕਰਦੇ ਹਨ।

ਜਦੋਂ ਉਹ ਲੰਗਰ ਛੱਕ ਕੇ ਵਾਪਿਸ ਆਉਂਦਾ ਹੈ ਤਾਂ ਉਹ ਇਹ ਦੇਖ ਕੇ ਹੈਰਾਨ ਹੋ ਜਾਂਦਾ ਹੈ ਕਿ ਉਸ ਦੇ ਜੋੜੇ ਬਹੁਤ ਹੀ ਸੁਚੱਜੇ ਢੰਗ ਨਾਲ ਸਾਫ ਕੀਤੇ ਗਏ ਹਨ। ਉਹ ਬਹੁਤ ਹੀ ਖੁਸ਼ ਹੁੰਦਾ ਹੈ ਕਿ ਇਹ ਲੋਕ ਕਿੰਨੇ ਜ਼ਿਆਦਾ ਸੇਵਾ ਭਾਵ ਵਾਲੇ ਹਨ ਤੇ ਬਿਨਾਂ ਕਿਸੇ ਭੇਦ ਭਾਵ ਦੇ ਸਭਨਾਂ ਨਾਲ ਇਕੋ ਜਿਹਾ ਕਿੰਨਾ ਸੋਹਣਾ ਵਿਹਾਰ ਕਰਦੇ ਹਨ। ਕਿੰਨਾ ਹੀ ਚੰਗਾ ਹੋਵੇ ਕਿ ਮੇਰਾ ਵੀ ਇਹੀ ਧਰਮ ਹੋਵੇ।

ਇਹ ਸਭ ਕੁਝ ਸੋਚਦਿਆਂ ਹੀ ਉਹ ਆਪਣਾ ਰਿਕਸ਼ਾ ਲੈ ਕੇ ਵਾਪਸ ਜਾਂਦਾ ਹੈ। ਵਾਪਿਸ ਜਾਂਦਿਆਂ ਹੋਇਆਂ ਉਸ ਦਾ ਰਿਕਸ਼ਾ ਕਿਸੇ ਕਾਰ ਵਾਲੇ ਦੀ ਗਲਤੀ ਨਾਲ ਉਸ ਦੀ ਕਾਰ ਨਾਲ ਟਕਰਾ ਜਾਂਦਾ ਹੈ। ਕਾਰ ਵਿਚੋਂ ਬੰਦਾ ਬਾਹਰ ਆ ਕੇ ਰਿਕਸ਼ੇ ਵਾਲੇ ਨੂੰ ਬਹੁਤ ਮਾੜੇ ਅਤੇ ਕੌੜੇ ਬੋਲ ਬੋਲਣਾ ਸ਼ੁਰੂ ਕਰ ਦਿੰਦਾ ਹੈ ਜਦਕਿ ਗਲਤੀ ਉਸ ਕਾਰ ਵਾਲੇ ਦੀ ਆਪਣੀ ਹੁੰਦੀ ਹੈ। ਰਿਕਸ਼ੇ ਵਾਲਾ ਜਦ ਧਿਆਨ ਨਾਲ ਦੇਖਦਾ ਹੈ ਕਿ ਇਹ ਤਾਂ ਉਹੀ ਇਨਸਾਨ ਹੈ ਜੋ ਗੁਰਦੁਆਰੇ ਵਿਚ ਬਹੁਤ ਹੀ ਨਿਮਰਤਾ ਵਾਲਾ ਤੇ ਸੇਵਾ ਵਾਲਾ ਵਿਹਾਰ ਕਰ ਰਿਹਾ ਸੀ ਤੇ ਹੁਣ ਇਕ ਛੋਟੀ ਜਿਹੀ ਗੱਲ ਪਿਛੇ ਮੈਨੂੰ ਇੰਨੇ ਮਾੜੇ ਬੋਲ ਬੋਲ ਰਿਹਾ ਹੈ ਤਾਂ ਉਹ ਸੋਚਣ ਲੱਗ ਜਾਂਦਾ ਹੈ ਕਿ ਕੀ ਇਹੀ ਕਿਰਦਾਰ ਹੁੰਦਾ ਹੈ ਧਰਮੀ ਲੋਕਾਂ ਦਾ? ਕੀ ਇਹ ਧਰਮ ਅਸਥਾਨਾਂ ਵਿਚ ਹੋਰ ਹੁੰਦੇ ਹਨ ਤੇ ਬਾਹਰ ਆ ਕੇ ਕੁਝ ਹੋਰ ਬਣ ਜਾਂਦੇ ਹਨ ਤੇ ਉਸ ਦਾ ਦਿਲ ਟੁੱਟ ਜਾਂਦਾ ਹੈ। ਇਸ ਸੰਬੰਧ ਵਿਚ ਵੀਰ ਸ੍ਰ. ਅਵਤਾਰ ਸਿੰਘ ਜੀ ਦੁਆਰਾ ਲਿਖੀ ਹੋਈ ਕਵਿਤਾ ਯਾਦ ਆ ਗਈ:-

"ਅਸੀਂ ਕੁਝ ਹੋਰ ਹਾਂ, ਅਸੀਂ ਕੁਝ ਹੋਰ ਹਾਂ।
ਹੋਰਾਂ ਅੱਗੇ ਹੋਰ, ਤੇ ਹੋਰਾਂ ਅੱਗੇ ਹੋਰ ਹਾਂ।
ਮਨੋਂ ਅਸੀਂ ਕੁਝ, ਤੇ ਮੂੰਹੋਂ ਕੁਝ ਹੋਰ ਹਾਂ।
ਘਰ ਵਿਚ ਅਸੀਂ ਕੁਝ, ਤੇ ਬਾਹਰ ਕੁਝ ਹੋਰ ਹਾਂ।
ਗੁਰੂ ਦੁਆਰੇ ਕੁਝ, ਤੇ ਹੱਟੀ ਤੇ ਕੁਝ ਹੋਰ ਹਾਂ।
ਅਸੀਂ ਕੁਝ ਹੋਰ ਹਾਂ, ਅਸੀਂ ਕੁਝ ਹੋਰ ਹਾਂ।.......

ਬਾਹਰੋਂ ਅਸੀਂ ਸਾਧ, ਤੇ ਦਿਲੋਂ ਨਿਰੇ ਚੋਰ ਹਾਂ।
ਸੰਗਤ ਵਿਚ ਅਸੀਂ ਕੁਝ, ਤੇ ਪਾਰਟੀ ਵਿਚ ਕੁਝ ਹੋਰ ਹਾਂ।
ਦੇਖਣ ਨੂੰ ਅਸੀਂ ਚਿੱਟੇ, ਅੰਦਰੋਂ ਕਾਲੇ ਘੋਰ ਹਾਂ।
ਅਸੀਂ ਕੁਝ ਹੋਰ ਹਾਂ, ਅਸੀਂ ਕੁਝ ਹੋਰ ਹਾਂ।.......

ਮੂੰਹੋਂ ਅਸੀਂ ਮਿੱਠੇ, ਪਰ ਦਿਲੋਂ ਵਿਸ ਨਿਕੋਰ ਹਾਂ।
ਗੱਲਾਂ ਵਿਚ ਅਸੀਂ ਚੰਗੇ, ਆਚਾਰ ਵਿਚ ਕੁਝ ਹੋਰ ਹਾਂ।
ਗੁਰੂ ਜੀ ਸਾਨੂੰ ਕਹਿੰਦੇ ਕੁਝ, ਅਸੀਂ ਕਰਦੇ ਕੁਝ ਹੋਰ ਹਾਂ।
ਅਸੀਂ ਕੁਝ ਹੋਰ ਹਾਂ, ਅਸੀਂ ਕੁਝ ਹੋਰ ਹਾਂ।......

ਅੰਦਰੋਂ ਬਾਹਰੋਂ ਇਕ ਹੋ ਜਾ, ਸਤਿਗੁਰੂ ਜੀ ਦੀ ਸ਼ਰਨ ਵਿਚ ਆ ਕੇ।
ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ, ਪੰਜਾਂ ਦੀ ਰਹਿਤ ਸਜਾ ਕੇ।
ਜੀਵਨ ਆਪਣਾ ਸਫਲ ਬਣਾ ਲੈ, ਅਵਤਾਰ, ਗੁਰੂ ਦਾ ਉਪਦੇਸ਼ ਕਮਾ ਕੇ।"

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਜੇ ਅਸੀਂ ਪਰਮਾਤਮਾ ਦੀ ਦਰਗਾਹ ਤੇ ਪ੍ਰਵਾਨ ਹੋਣ ਦੀ ਲੋਚਾ ਰੱਖਦੇ ਹਾਂ ਤਾਂ ਸਾਡੀ ਕਥਨੀ ਤੇ ਕਰਨੀ ਇਕ ਹੀ ਹੋਣੀ ਚਾਹੀਦੀ ਹੈ। ਸਿਰਫ ਦਿਖਾਵੇ ਦੇ ਧਰਮੀ ਕਿਰਦਾਰ ਵਾਲੇ ਨਾ ਬਣੀਏ ਸਗੋਂ ਅੰਦਰੋਂ ਅਤੇ ਬਾਹਰੋਂ ਵੀ ਧਰਮੀ ਬਣਨਾ ਹੈ। (ਇਸ ਸੰਬੰਧ ਵਿਚ ਦੇਖੋ ਭਾਈ ਸੱਜਣ ਵਾਲੀ ਸਾਖੀ ਪੰਨਾ ਨੰ 122 ਤੇ)

## ਛੇਵੀਂ ਸਿੱਖਿਆ

**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥**
**ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥**
**ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥**
**ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥**
**ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥**

(ਭਾਵ: ਹੇ ਪ੍ਰਭੂ! ਤੂੰ ਸਾਰੇ ਜਗਤ ਦਾ ਮੂਲ ਹੈਂ, ਸਭ ਵਿਚ ਵਿਆਪਕ ਹੈਂ, ਬੇਅੰਤ ਹੈਂ, ਸਭ ਨੂੰ ਪੈਦਾ ਕਰਨ ਵਾਲਾ ਹੈਂ ਅਤੇ ਤੇਰੇ ਬਰਾਬਰ ਦਾ ਹੋਰ ਕੋਈ ਨਹੀਂ ਹੈ। ਤੂੰ ਹਰੇਕ ਜੁਗ ਵਿਚ ਇਕ ਆਪ ਹੀ ਹੈਂ, ਤੂੰ ਸਦਾ ਹੀ ਆਪ ਹੀ ਆਪ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਸਭ ਨੂੰ ਪੈਦਾ ਕਰਨ ਵਾਲਾ ਹੈਂ, ਸਭ ਦੀ ਸਾਰ ਲੈਣ ਵਾਲਾ ਹੈਂ। ਹੇ ਪ੍ਰਭੂ! ਜਗਤ ਵਿਚ ਉਹੀ ਹੁੰਦਾ ਹੈ ਜੋ ਤੈਨੂੰ ਆਪ ਨੂੰ ਚੰਗਾ ਲੱਗਦਾ ਹੈ, ਉਹੀ ਹੁੰਦਾ ਹੈ ਜੋ ਤੂੰ ਆਪ ਹੀ ਕਰਦਾ ਹੈਂ। ਹੇ ਪ੍ਰਭੂ! ਸਾਰੀ ਸ੍ਰਿਸ਼ਟੀ ਤੂੰ ਆਪ ਹੀ ਪੈਦਾ ਕੀਤੀ ਹੈ। ਤੂੰ ਆਪ ਹੀ ਇਸ ਨੂੰ ਪੈਦਾ ਕਰਕੇ ਆਪ ਹੀ ਇਸ ਨੂੰ ਨਾਸ ਕਰਦਾ ਹੈਂ। ਦਾਸ ਨਾਨਕ ਉਸ ਕਰਤਾਰ ਦੇ ਗੁਣ ਗਾਂਦਾ ਹੈ ਜੋ ਹਰੇਕ ਜੀਵ ਦੇ ਦਿਲ ਦੀ ਜਾਨਣ ਵਾਲਾ ਹੈ।)

**ਪਹਿਲੀ ਸਿੱਖਿਆ: "ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥............... ਤੁਧੁ ਆਪੇ ਸਿਰਜਿ ਸਭ ਗੋਈ ॥"** ਦਾ ਭਾਵ ਹੈ ਕਿ ਪਰਮਾਤਮਾ ਅਦੁੱਤੀ ਹੈ। ਉਹ ਹੀ ਸਾਰੀ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਹੈ, ਪਾਲਣ ਵਾਲਾ ਹੈ ਅਤੇ ਆਪ ਹੀ ਨਾਸ਼ ਕਰਨ ਵਾਲਾ ਹੈ। ਅੰਗਰੇਜੀ ਦੇ ਅੱਖਰ 'GOD' ਦੀ ਜੇ ਸੰਧੀ ਕੀਤੀ ਜਾਵੇ ਤਾਂ ਉਹ ਵੀ ਇਸੇ ਤਰ੍ਹਾਂ ਹੀ ਬਣਦੀ ਹੈ:-

**G=Generator** (ਅਰਥਾਤ ਪੈਦਾ ਕਰਨ ਵਾਲਾ)
**O=Operator** (ਅਰਥਾਤ ਪਾਲਣ-ਪੋਸ਼ਣ ਕਰਨ ਵਾਲਾ)
**D=Destroyer** (ਅਰਥਾਤ ਨਾਸ਼ ਕਰਨ ਵਾਲਾ)

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਸਿੱਖ ਨੇ ਕੇਵਲ ਤੇ ਕੇਵਲ ਉਸ ਇਕ ਅਕਾਲ ਪੁਰਖ ਦੀ ਪੂਜਾ ਕਰਨੀ ਹੈ ਜੋ ਸਭ ਨੂੰ ਪੈਦਾ ਕਰਨ ਵਾਲਾ, ਰਿਜ਼ਕ ਦੇਣ ਵਾਲਾ ਅਤੇ ਨਾਸ਼

ਕਰਨ ਵਾਲਾ ਹੈ। ਉਸ ਤੋਂ ਛੁੱਟ ਕਿਸੇ ਹੋਰ ਦੀ ਅਰਾਧਨਾ ਨਹੀਂ ਕਰਨੀ। ਉਸ ਅਕਾਲ ਪੁਰਖ ਨੂੰ ਜੋ ਚੰਗਾ ਲੱਗਦਾ ਹੈ, ਸੰਸਾਰ ਵਿਚ ਉਹੀ ਕੁਝ ਹੁੰਦਾ ਹੈ। ਉਸ ਅਕਾਲ ਪੁਰਖ ਦਾ ਹੁਕਮ ਹੀ ਖੰਡਾਂ, ਬ੍ਰਹਮੰਡਾਂ ਵਿਚ ਚੱਲਦਾ ਹੈ। ਉਸ ਦੇ ਹੁਕਮ ਤੋਂ ਬਿਨਾਂ ਤਾਂ ਇਕ ਪੱਤਾ ਵੀ ਨਹੀਂ ਹਿੱਲ ਸਕਦਾ।

**ਦੂਜੀ ਸਿੱਖਿਆ: "ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥"** ਭਾਵ ਦਾਸ ਨਾਨਕ ਉਸ ਕਰਤਾਰ ਦੇ ਗੁਣ ਗਾਂਦਾ ਹੈ ਜੋ ਹਰੇਕ ਜੀਵ ਦੇ ਦਿਲ ਦੀ ਜਾਨਣ ਵਾਲਾ ਹੈ, ਅੰਤਰਜਾਮੀ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਜੀਵਨ ਵਿਚ ਕੰਮ ਕਾਜ ਕਰਦੇ ਹੋਏ ਉਸ ਦੇ ਗੁਣ ਗਾਉਂਦੇ ਰਹਿਣਾ ਹੈ ਅਤੇ ਬਿਨਾਂ ਕਿਸੇ ਤੌਖਲੇ, ਸਹਿਮ, ਫ਼ਿਕਰ ਆਦਿ ਤੋਂ ਨਿਰਭਉ ਹੋ ਕੇ ਵਿਚਰਨਾ ਹੈ। ਮਨ ਨੂੰ ਸਮਝਾਉਣਾ ਹੈ ਕਿ ਮੈਂ ਕਿਉਂ ਚਿੰਤਾ, ਝੋਰਾ ਕਰਾਂ ਕਿਉਂਕਿ ਮੇਰਾ ਮਾਲਕ (ਖਸਮ) ਅਰਥਾਤ ਪਰਮਾਤਮਾ ਮੇਰੇ ਦਿਲ ਦੀਆਂ ਸਾਰੀਆਂ ਗੱਲਾਂ ਜਾਣਦਾ ਹੈ। ਉਹ ਕੇਵਲ ਅੰਤਰਜਾਮੀ ਹੀ ਨਹੀਂ ਬਲਕਿ ਸਭ ਕੁਝ ਕਰਨ ਕਾਰਨ ਸਮਰੱਥ ਹੈ ਜਿਵੇਂ ਕਿ ਗੁਰਬਾਣੀ ਪ੍ਰਮਾਣ ਹੈ:-

**"ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ॥**
**ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ॥" (ਅੰਗ: ੬੦੯)**

# ਆਸਾ ਮਹਲਾ ੪ ॥

ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥
ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥
ਸਭ ਤੇਰੀ ਤੂੰ ਸਭਨੀ ਧਿਆਇਆ ॥
ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥
ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥
ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥
ਤੂੰ ਦਰੀਆਉ ਸਭ ਤੁਝ ਹੀ ਮਾਹਿ ॥ ਤੁਝ ਬਿਨੁ ਦੂਜਾ ਕੋਈ ਨਾਹਿ ॥
ਜੀਅ ਜੰਤ ਸਭਿ ਤੇਰਾ ਖੇਲੁ ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥
ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ਹਰਿ ਗੁਣ ਸਦ ਹੀ ਆਖਿ ਵਖਾਣੈ ॥
ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ ਸਹਜੇ ਹੀ ਹਰਿ ਨਾਮਿ ਸਮਾਇਆ ॥੩॥
ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥
ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥

**ਅਰਥ**: **ਮੈਡਾ**-ਮੇਰਾ। **ਸਾਂਈ**-ਖਸਮ, ਮਾਲਕ। **ਤਉ**-ਤੈਨੂੰ। **ਭਾਵੈ**-ਚੰਗਾ ਲੱਗਦਾ ਹੈ। **ਥੀਸੀ**-ਹੋਵੇਗਾ। **ਹਉ**-ਹਉਂ, ਮੈਂ। **ਪਾਈ**-ਪਾਈਂ, ਮੈਂ ਪ੍ਰਾਪਤ ਕਰਦਾ ਹਾਂ। **ਸਭ**-ਸਾਰੀ ਸ੍ਰਿਸ਼ਟੀ। **ਤੂੰ**-ਤੈਨੂੰ। **ਤਿਨਿ**-ਉਸ ਮਨੁੱਖ ਨੇ। **ਗੁਰਮੁਖਿ**-ਉਹ ਮਨੁੱਖ ਜਿਸ ਦਾ ਮੂੰਹ ਗੁਰੂ ਵਲ ਹੈ। **ਮਨਮੁਖਿ**-ਉਹ ਮਨੁੱਖ ਜਿਸ ਦਾ ਮੂੰਹ ਆਪਣੇ ਮਨ ਵੱਲ ਹੈ।੧।

**ਮਾਹਿ**-ਵਿਚ। **ਸਭਿ**-ਸਾਰੇ। **ਵਿਜੋਗਿ**-ਵਿਜੋਗ ਦੇ ਕਾਰਨ ਭਾਵ, ਜਿਸ ਦੇ ਮੱਥੇ ਉੱਤੇ ਵਿਜੋਗ ਦਾ ਲੇਖ ਹੈ। **ਮਿਲਿ**-ਮਿਲ ਕੇ, ਮਨੁੱਖਾ ਸਰੀਰ ਪ੍ਰਾਪਤ ਕਰ ਕੇ। **ਸੰਜੋਗੀ**-ਸੰਜੋਗ ਦੇ ਲੇਖ ਨਾਲ। **ਮੇਲੁ**-ਮਿਲਾਪ।੨।

**ਜਾਣਾਇਹਿ**-ਤੂੰ ਸਮਝ ਬਖ਼ਸ਼ਦਾ ਹੈਂ। **ਸੋਈ**-ਉਹੀ। **ਸਦ**-ਸਦਾ। **ਆਖਿ**-ਆਖ ਕੇ। **ਸਹਜੇ**-ਸਹਜਿ, ਆਤਮਕ ਅਡੋਲਤਾ ਵਿਚ। **ਨਾਮਿ**-ਨਾਮ ਵਿਚ।੩।

**ਆਪੇ**-ਆਪ ਹੀ। **ਕੀਆ**-ਕੀਤਾ ਹੋਇਆ। **ਸਭੁ**-ਹਰੇਕ ਕੰਮ। **ਅਵਰੁ**-ਹੋਰ। **ਵੇਖਹਿ**-ਸੰਭਾਲ ਕਰਦਾ ਹੈਂ। **ਸੋਇ**-ਸਾਰ। **ਗੁਰਮੁਖਿ**-ਗੁਰੂ ਦੀ ਸਰਨ ਪੈਣ ਵਾਲਾ ਮਨੁੱਖ।੪।

**ਸ਼ਬਦ-ਉਚਾਰਨ:- (ੳ) ਬਿੰਦੀ ਸਹਿਤ ਉਚਾਰਨ ਵਾਲੇ ਸ਼ਬਦ:** ਮੈਂਡਾ, ਦੇਹਿਂ, ਤਉਂ, ਪਾਈਂ, ਕਰਹਿਂ, ਮਾਹਿਂ, ਜਾਣਾਇਹਿਂ, ਜਾਣਹਿਂ।

'(ਅ) 'ਵਿਛੁੜਿਆ' ਦਾ ਉਚਾਰਨ ਬਿੰਦੀ ਸਹਿਤ ਵਿਛੜਿਆਂ ਕਰਨਾ ਅਸ਼ੁੱਧ ਹੈ।

**ਅਰਥ**: ਹੇ ਪ੍ਰਭੂ! ਤੂੰ ਸਭ ਦਾ ਪੈਦਾ ਕਰਨ ਵਾਲਾ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ

ਹੈਂ, ਤੂੰ ਹੀ ਮੇਰਾ ਖਸਮ ਹੈਂ। ਜਗਤ ਵਿਚ ਉਹੀ ਕੁਝ ਹੁੰਦਾ ਹੈ ਜੋ ਤੈਨੂੰ ਪਸੰਦ ਆਉਂਦਾ ਹੈ। ਜੋ ਕੁਝ ਤੂੰ ਦੇਵੇਂ, ਮੈਂ ਉਹੀ ਕੁਝ ਪ੍ਰਾਪਤ ਕਰਦਾ ਹਾਂ।੧।

ਹੇ ਪ੍ਰਭੂ! ਸਾਰੀ ਸ੍ਰਿਸ਼ਟੀ ਤੇਰੀ ਬਣਾਈ ਹੋਈ ਹੈ, ਸਾਰੇ ਜੀਵ ਤੈਨੂੰ ਹੀ ਸਿਮਰਦੇ ਹਨ। ਜਿਸ ਉੱਤੇ ਤੂੰ ਦਇਆ ਕਰਦਾ ਹੈਂ ਉਸੇ ਨੇ ਤੇਰਾ ਰਤਨ ਵਰਗਾ ਕੀਮਤੀ ਨਾਮ ਲੱਭਾ ਹੈ। ਜੋ ਮਨੁੱਖ ਗੁਰੂ ਦੇ ਸਨਮੁਖ ਹੋਇਆ ਉਸ ਨੇ ਇਹ ਰਤਨ ਲੱਭ ਲਿਆ। ਜੋ ਆਪਣੇ ਮਨ ਦੇ ਪਿੱਛੇ ਤੁਰਿਆ, ਉਸ ਨੇ ਗਵਾ ਲਿਆ। ਪਰ ਕਿਸੇ ਜੀਵ ਦੇ ਕੀਹ ਵੱਸ? ਹੇ ਪ੍ਰਭੂ! ਜੀਵ ਨੂੰ ਤੂੰ ਆਪ ਹੀ ਆਪਣੇ ਨਾਲੋਂ ਵਿਛੋੜਦਾ ਹੈਂ, ਆਪ ਹੀ ਆਪਣੇ ਨਾਲ ਮਿਲਾਂਦਾ ਹੈਂ।੧।

ਹੇ ਪ੍ਰਭੂ! ਤੂੰ ਜ਼ਿੰਦਗੀ ਦਾ, ਮਾਨੋ, ਇਕ ਦਰੀਆ ਹੈਂ, ਸਾਰੇ ਜੀਵ ਤੇਰੇ ਵਿਚ ਹੀ ਹਨ ਮਾਨੋ ਤੇਰੀਆਂ ਲਹਿਰਾਂ ਹਨ। ਤੈਥੋਂ ਬਿਨਾ ਤੇਰੇ ਵਰਗਾ ਹੋਰ ਕੋਈ ਨਹੀਂ ਹੈ। ਇਹ ਸਾਰੇ ਜੀਅ ਜੰਤ ਤੇਰੀ ਰਚੀ ਹੋਈ ਖੇਡ ਹੈ। ਜਿਨ੍ਹਾਂ ਦੇ ਮੱਥੇ ਉਤੇ ਵਿਛੋੜੇ ਦਾ ਲੇਖ ਹੈ, ਉਹ ਮਨੁੱਖਾ ਜਨਮ ਪ੍ਰਾਪਤ ਕਰ ਕੇ ਭੀ ਤੈਥੋਂ ਵਿਛੁੜੇ ਹੋਏ ਹਨ। ਪਰ ਤੇਰੀ ਰਜ਼ਾ ਅਨੁਸਾਰ ਸੰਜੋਗਾਂ ਦੇ ਲੇਖ ਨਾਲ ਫਿਰ ਤੇਰੇ ਨਾਲ ਮਿਲਾਪ ਹੋ ਜਾਂਦਾ ਹੈ।੨।

ਹੇ ਪ੍ਰਭੂ! ਜਿਸ ਮਨੁੱਖ ਨੂੰ ਤੂੰ ਆਪ ਸੂਝ ਬਖ਼ਸ਼ਦਾ ਹੈਂ, ਉਹ ਮਨੁੱਖ ਜੀਵਨ ਦਾ ਸਹੀ ਰਸਤਾ ਸਮਝਦਾ ਹੈ। ਉਹ ਮਨੁੱਖ, ਹੇ ਹਰੀ! ਸਦਾ ਤੇਰੇ ਗੁਣ ਗਾਂਦਾ ਹੈ, ਅਤੇ ਹੋਰਨਾਂ ਨੂੰ ਉਚਾਰ ਉਚਾਰ ਕੇ ਸੁਣਾਂਦਾ ਹੈ।

ਹੇ ਭਾਈ! ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਸਿਮਰਿਆ ਹੈ, ਉਸ ਨੇ ਸੁਖ ਹਾਸਲ ਕੀਤਾ ਹੈ। ਉਹ ਮਨੁੱਖ ਸਦਾ ਆਤਮਕ ਅਡੋਲਤਾ ਵਿਚ ਟਿਕਿਆ ਰਹਿ ਕੇ ਪ੍ਰਭੂ ਦੇ ਨਾਮ ਵਿਚ ਲੀਨ ਹੋ ਜਾਂਦਾ ਹੈ।੩।

ਹੇ ਪ੍ਰਭੂ! ਤੂੰ ਆਪ ਹੀ ਸਭ ਕੁਝ ਪੈਦਾ ਕਰਨ ਵਾਲਾ ਹੈਂ, ਸਭ ਕੁਝ ਤੇਰਾ ਕੀਤਾ ਹੀ ਹੁੰਦਾ ਹੈ। ਤੈਥੋਂ ਬਿਨਾ ਤੇਰੇ ਵਰਗਾ ਹੋਰ ਕੋਈ ਨਹੀਂ ਹੈ। ਜੀਵ ਪੈਦਾ ਕਰ ਕੇ ਉਹਨਾਂ ਦੀ ਸੰਭਾਲ ਭੀ ਤੂੰ ਆਪ ਹੀ ਕਰਦਾ ਹੈਂ, ਤੇ, ਹਰੇਕ ਦੇ ਦਿਲ ਦੀ ਸਾਰ ਜਾਣਦਾ ਹੈਂ। ਹੇ ਦਾਸ ਨਾਨਕ! ਜੋ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ ਉਸ ਦੇ ਅੰਦਰ ਪਰਮਾਤਮਾ ਪਰਗਟ ਹੋ ਜਾਂਦਾ ਹੈ।੪।੨।

# ਸਿੱਖਿਆਵਾਂ

## ਪਹਿਲੀ ਸਿੱਖਿਆ

**ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥**
**ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥**

(ਭਾਵ: ਉਹ ਪਰਮਾਤਮਾ ਜਿਹੜਾ ਕਿ ਮੇਰਾ ਤੇ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ, ਉਹ ਹੀ ਸਭ ਕੁਝ ਕਰਨ ਕਾਰਨ ਵਾਲਾ ਹੈ ਅਤੇ ਸਚਿਆਰੁ ਹੈ। ਸਾਨੂੰ ਉਹੀ ਕੁਝ ਪ੍ਰਾਪਤ ਹੁੰਦਾ ਹੈ ਜੋ ਉਹ ਆਪ ਪ੍ਰਸੰਨ ਹੋ ਕੇ ਸਾਨੂੰ ਬਖਸ਼ਿਸ਼ ਕਰਦਾ ਹੈ।)

ਪਰਮਾਤਮਾ ਦੇ 'ਸਚਿਆਰੁ' ਵਾਲੇ ਗੁਣ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਜੇਕਰ ਪਰਮਾਤਮਾ ਸਚਿਆਰੁ ਹੈ ਤਾਂ ਸਾਨੂੰ ਵੀ ਸਚਿਆਰ ਬਣਨਾ ਚਾਹੀਦਾ ਹੈ ਤਾਂ ਹੀ ਉਸ ਵਿਚ ਸਮਾ ਸਕਾਂਗੇ ਪਰ ਜਦੋਂ ਅਸੀਂ ਆਪਣੇ ਜੀਵਨ ਅੰਦਰ ਝਾਤੀ ਮਾਰਦੇ ਹਾਂ ਤਾਂ ਅਸੀਂ ਮਹਿਸੂਸ ਕਰਦੇ ਹਾਂ ਕਿ ਅਸੀਂ ਉਸ ਦੀ ਅੰਸ਼ ਤਾਂ ਹਾਂ ਪਰ ਸਚਿਆਰੇ ਨਹੀਂ ਹਾਂ। ਹੁਣ ਸਵਾਲ ਇਹ ਪੈਦਾ ਹੋਏਗਾ ਕਿ ਅਸੀਂ ਕਿਵੇਂ ਸਚਿਆਰੇ ਬਣ ਸਕਦੇ ਹਾਂ ਤਾਂ ਇਸ ਦਾ ਜਵਾਬ ਜਪੁ ਜੀ ਸਾਹਿਬ ਵਿਚ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੰਝ ਦਿੱਤਾ ਹੈ:-

**"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥"**

ਅਰਥਾਤ ਉਸ ਦੇ ਹੁਕਮ ਅਤੇ ਉਸ ਦੀ ਰਜ਼ਾ ਵਿਚ ਚੱਲ ਕੇ ਹੀ ਅਸੀਂ ਝੂਠ ਦੀ ਕੰਧ ਤੋੜ ਕੇ ਸਚਿਆਰੇ ਬਣ ਸਕਦੇ ਹਾਂ।

## ਦੂਜੀ ਸਿੱਖਿਆ

**ਸਭ ਤੇਰੀ ਤੂੰ ਸਭਨੀ ਧਿਆਇਆ ॥**
**ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥**
**ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥**
**ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥**

(ਭਾਵ: ਹੇ ਪ੍ਰਭੂ! ਸਾਰੀ ਸ੍ਰਿਸ਼ਟੀ ਤੇਰੀ ਬਣਾਈ ਹੋਈ ਹੈ, ਸਾਰੇ ਜੀਵ ਤੈਨੂੰ ਹੀ ਸਿਮਰਦੇ ਹਨ। ਜਿਸ ਉੱਤੇ ਤੂੰ ਦਇਆ ਕਰਦਾ ਹੈਂ ਉਸ ਨੂੰ ਤੇਰਾ ਰਤਨ ਵਰਗਾ ਕੀਮਤੀ ਨਾਮ ਲੱਭ ਜਾਂਦਾ

ਹੈ। ਜਿਹੜਾ ਵੀ ਮਨੁੱਖ ਗੁਰੂ ਦੇ ਸਨਮੁਖ ਹੋਇਆ ਉਸੇ ਨੂੰ ਹੀ ਇਹ ਰਤਨ ਲੱਭ ਪਿਆ। ਜੋ ਆਪਣੇ ਮਨ ਦੇ ਪਿੱਛੇ ਤੁਰਿਆ, ਉਸ ਨੇ ਗਵਾ ਲਿਆ। ਪਰ ਕਿਸੇ ਜੀਵ ਦੇ ਕੀਹ ਵੱਸ? ਹੇ ਪ੍ਰਭੂ! ਜੀਵ ਨੂੰ ਤੂੰ ਆਪ ਹੀ ਆਪਣੇ ਨਾਲੋਂ ਵਿਛੋੜਦਾ ਹੈਂ, ਆਪ ਹੀ ਆਪਣੇ ਨਾਲ ਮਿਲਾਂਦਾ ਹੈਂ।੧।)

"**ਸਭ ਤੇਰੀ ਤੂੰ ਸਭਨੀ ਧਿਆਇਆ ॥ ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥ ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥**" ਦੇ ਅਰਥ ਵਿਦਵਾਨਾਂ ਨੇ ਇੰਝ ਕੀਤੇ ਹਨ ਕਿ ਪਰਮਾਤਮਾ ਹੀ ਸਾਰੀ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਹੈ ਅਤੇ ਸਾਰੇ ਜੀਵ ਉਸੇ ਨੂੰ ਹੀ ਸਿਮਰਦੇ ਹਨ। ਜਿਨ੍ਹਾਂ ਜੀਵਾਂ ਉੱਤੇ ਉਹ ਆਪਣੀ ਕਿਰਪਾ ਕਰਦਾ ਹੈ ਉਨ੍ਹਾਂ ਨੂੰ ਨਾਮ ਰੂਪੀ ਅਮੋਲਕ ਰਤਨ ਦੀ ਦਾਤ ਮਿਲ ਜਾਂਦੀ ਹੈ। ਪਰ ਮਿਲਦੀ ਉਨ੍ਹਾਂ ਨੂੰ ਹੈ ਜੋ ਗੁਰੂ ਦੀ ਸ਼ਰਨ ਵਿਚ ਪਏ ਰਹਿੰਦੇ ਹਨ। **ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ॥**" ਦੇ ਅਰਥਾਂ ਨੂੰ ਜੇ ਅਸੀਂ ਵਿਚਾਰੀਏ ਤਾਂ ਵਿਦਵਾਨਾਂ ਨੇ ਇੰਝ ਅਰਥ ਕੀਤੇ ਹਨ ਕਿ ਉਹ ਪਰਮਾਤਮਾ ਆਪ ਹੀ ਆਪਣੇ ਨਾਲੋਂ ਵਿਛੋੜਦਾ ਹੈ ਅਤੇ ਫਿਰ ਆਪ ਹੀ ਆਪਣੇ ਨਾਲ ਮਿਲਾ ਲੈਂਦਾ ਹੈ। ਤਾਂ ਫਿਰ ਸਵਾਲ ਪੈਦਾ ਹੋਏਗਾ ਕਿ ਕੀ ਪਰਮਾਤਮਾ ਜੀਵਾਂ ਨਾਲ ਵਿਤਕਰਾ ਕਰਦਾ ਹੈ? ਤਾਂ ਇਸ ਦਾ ਜਵਾਬ ਹੈ ਕਿ ਉਹ ਪਰਮਾਤਮਾ ਸਭ ਦਾ ਪਿਤਾ ਹੈ, ਸੱਚਾ ਸਾਹਿਬ ਹੈ, ਸਭ ਨਾਲ ਨਿਆਂ ਕਰਨ ਵਾਲਾ ਹੈ ਅਤੇ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਪਰ ਪਰਮਾਤਮਾ ਕਰੇ ਹੀ ਕੀ ਜਦੋਂ ਕਿ ਜੀਵ ਉਸ ਕੋਲੋਂ ਨਾਮ ਪਦਾਰਥ ਮੰਗਣ ਦੀ ਬਜਾਇ ਕੇਵਲ ਦੁਨਿਆਵੀ ਪਦਾਰਥ ਹੀ ਮੰਗਦੇ ਹਨ ਅਤੇ ਇਹ ਮਹਿਸੂਸ ਹੀ ਨਹੀਂ ਕਰਦੇ ਕਿ ਅਸੀਂ ਉਸ ਤੋਂ ਵਿਛੜੇ ਹੋਏ ਹਾਂ ਅਤੇ ਅਰਦਾਸ ਕਰਕੇ ਪਰਮਾਤਮਾ ਨਾਲ ਮਿਲਾਪ ਦੀ ਦਾਤ ਹੀ ਨਹੀਂ ਮੰਗਦੇ।

ਪਰਮਾਤਮਾ ਦਾ ਮੁੱਢ ਕਦੀਮੀ ਸੁਭਾਅ ਹੈ ਕਿ ਉਸ ਕੋਲੋਂ ਜੋ ਮੰਗੋ ਮਿਲ ਜਾਂਦਾ ਹੈ। ਇਸ ਲਈ ਅਸੀਂ ਉਸ ਅੱਗੇ ਅਰਦਾਸ ਕਰਨ ਲੱਗਿਆਂ ਜਿਥੇ ਦੁਨਿਆਵੀ ਪਦਾਰਥ ਲੋੜ ਅਨੁਸਾਰ ਮੰਗਣੇ ਹਨ, ਉਥੇ ਨਾਲ ਹੀ ਨਾਮ ਪਦਾਰਥ ਪ੍ਰਾਪਤ ਕਰਨ ਲਈ ਭਿਖਾਰੀ ਬਣ ਕੇ ਯਾਚਨਾ ਕਰਨੀ ਹੈ "**ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥ ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ॥**"

## ਤੀਜੀ ਸਿੱਖਿਆ

**ਤੂੰ ਦਰੀਆਉ ਸਭ ਤੁਝ ਹੀ ਮਾਹਿ ॥ ਤੁਝ ਬਿਨੁ ਦੂਜਾ ਕੋਈ ਨਾਹਿ ॥**
**ਜੀਅ ਜੰਤ ਸਭਿ ਤੇਰਾ ਖੇਲੁ ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥**

(ਹੇ ਪ੍ਰਭੂ! ਤੂੰ ਜ਼ਿੰਦਗੀ ਦਾ, ਮਾਨੋ, ਇਕ ਦਰੀਆ ਹੈਂ, ਸਾਰੇ ਜੀਵ ਤੇਰੇ ਵਿਚ ਹੀ ਹਨ ਮਾਨੋ ਤੇਰੀਆਂ ਲਹਿਰਾਂ ਹਨ। ਤੈਥੋਂ ਬਿਨਾ ਤੇਰੇ ਵਰਗਾ ਹੋਰ ਕੋਈ ਨਹੀਂ ਹੈ। ਇਹ ਸਾਰੇ ਜੀਅ ਜੰਤ

ਤੇਰੀ ਰਚੀ ਹੋਈ ਖੇਡ ਹਨ। ਜਿਨ੍ਹਾਂ ਦੇ ਮੱਥੇ ਉਤੇ ਵਿਛੋੜੇ ਦਾ ਲੇਖ ਹੈ, ਉਹ ਮਨੁੱਖਾ ਜਨਮ ਪ੍ਰਾਪਤ ਕਰ ਕੇ ਭੀ ਤੈਥੋਂ ਵਿਛੁੜੇ ਹੋਏ ਹਨ। ਪਰ ਤੇਰੀ ਰਜ਼ਾ ਅਨੁਸਾਰ ਸੰਜੋਗਾਂ ਦੇ ਲੇਖ ਵਾਲੇ ਜੀਵਾਂ ਦਾ ਫਿਰ ਤੇਰੇ ਨਾਲ ਮਿਲਾਪ ਹੋ ਜਾਂਦਾ ਹੈ।੨।)

**ਪਹਿਲੀ ਸਿੱਖਿਆ: "ਤੂੰ ਦਰੀਆਉ ਸਭ ਤੁਝ ਹੀ ਮਾਹਿ ॥ ਤੁਝ ਬਿਨੁ ਦੂਜਾ ਕੋਈ ਨਾਹਿ ॥"** ਅਰਥਾਤ ਪਰਮਾਤਮਾ ਇਕ ਦਰਿਆ ਹੈ ਅਤੇ ਅਸੀਂ ਸਾਰੇ ਜੀਵ ਉਸ ਦਰਿਆ ਦੀਆਂ ਲਹਿਰਾਂ ਹਾਂ। ਪਰ ਹੈਰਾਨਗੀ ਦੀ ਗੱਲ ਇਹ ਹੈ ਕਿ ਅਸੀਂ ਉਸ ਇਕੁ ਅਕਾਲ ਪੁਰਖੁ ਦੀ ਸੰਤਾਨ ਹੋਣ ਦੇ ਬਾਵਜੂਦ ਆਪਸ ਦੇ ਵਿਚ ਵੈਰ ਵਿਰੋਧ ਅਤੇ ਵਿਤਕਰਿਆਂ ਭਰਿਆ ਜੀਵਨ ਜੀਉ ਰਹੇ ਹਾਂ। ਸਾਨੂੰ ਅਗਰ ਕੋਈ ਸਵਾਲ ਪੁੱਛੇ ਕਿ ਕਿਸੇ ਮਾਤਾ-ਪਿਤਾ ਦੀ ਸੰਤਾਨ ਅਗਰ ਆਪਸ ਵਿਚ ਲੜਾਈ ਝਗੜਾ ਕਰਦੀ ਰਹੇ ਤਾਂ ਕੀ ਮਾਤਾ-ਪਿਤਾ ਦਾ ਮਨ ਨਹੀਂ ਦੁਖੇਗਾ?

ਸੁਭਾਵਿਕ ਹੀ ਸਾਡਾ ਜਵਾਬ ਹੋਵੇਗਾ ਕਿ ਮਾਤਾ-ਪਿਤਾ ਦਾ ਮਨ ਦੁਖੇਗਾ। ਕਈ ਵਾਰ ਤਾਂ ਗੁੱਸੇ ਵਿਚ ਆ ਕੇ ਮਾਤਾ ਪਿਤਾ ਇਹ ਵੀ ਕਹਿ ਦਿੰਦੇ ਹਨ ਕਿ ਇਸ ਨਾਲੋਂ ਤਾਂ ਚੰਗਾ ਸੀ ਕਿ ਸਾਡੇ ਘਰ ਵਿਚ ਸੰਤਾਨ ਹੀ ਪੈਦਾ ਨਾ ਹੁੰਦੀ ਜਿਹੜੀ ਕਿ ਹਰ ਵੇਲੇ ਲੜਦੀ ਰਹਿੰਦੀ ਹੈ।

ਅਸੀਂ ਵੀ ਉਸ ਪਰਮੇਸ਼ਰ ਦੀ ਸੰਤਾਨ ਹਾਂ ਅਤੇ ਜੇਕਰ ਅਸੀਂ ਵੈਰ-ਵਿਰੋਧ ਵਿਤਕਰੇ ਭਰਿਆ ਜੀਵਨ ਜੀਵਾਂਗੇ ਤਾਂ ਕੀ ਪਰਮੇਸ਼ਰ ਦੀ ਖੁਸ਼ੀ ਹਾਸਲ ਕਰ ਸਕਾਂਗੇ? ਤਾਂ ਜਵਾਬ ਆਏਗਾ ਕਿ ਨਹੀਂ। ਤਾਂ ਤੇ ਫਿਰ ਸਾਨੂੰ ਵੈਰ ਵਿਰੋਧ ਰਹਿਤ, ਬਿਨਾਂ ਵਿਤਕਰਿਆਂ ਵਾਲਾ ਜੀਵਨ ਬਤੀਤ ਕਰਨਾ ਚਾਹੀਦਾ ਹੈ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ:-

**"ਗੁਰਮੁਖਿ ਵੈਰ ਵਿਰੋਧ ਗਵਾਵੈ॥**
**ਗੁਰਮੁਖਿ ਸਗਲੀ ਗਣਤ ਮਿਟਾਵੈ॥" (ਅੰਗ: ੯੪੨)**

**ਦੂਜੀ ਸਿੱਖਿਆ: "ਜੀਅ ਜੰਤ ਸਭਿ ਤੇਰਾ ਖੇਲੁ ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥"** ਦਾ ਅਰਥ ਹੈ ਕਿ ਇਹ ਸੰਸਾਰ ਸਭ ਪਰਮਾਤਮਾ ਦਾ ਖੇਲ ਹੀ ਹੈ ਪਰ ਮਨੁੱਖਾ ਜਨਮ ਪ੍ਰਾਪਤ ਕਰਕੇ ਵੀ ਕਈ ਜੀਵ ਉਸ ਤੋਂ ਵਿਛੜ ਜਾਂਦੇ ਹਨ। ਪਰ ਜਦੋਂ ਮਾਲਕ ਜੀਵਾਂ ਤੇ ਕਿਰਪਾ ਕਰਦਾ ਹੈ ਤਾਂ ਪਰਮਾਤਮਾ ਉਨ੍ਹਾਂ ਜੀਵਾਂ ਨੂੰ ਆਪਣੀ ਰਜ਼ਾ ਅਨੁਸਾਰ ਆਪਣੇ ਨਾਲ ਮਿਲਾ ਲੈਂਦਾ ਹੈ।

ਹੁਣ ਸਵਾਲ ਇਹ ਪੈਦਾ ਹੋਵੇਗਾ ਕਿ ਉਹ ਪਰਮਾਤਮਾ ਕਿਨ੍ਹਾਂ ਜੀਵਾਂ ਨੂੰ ਆਪਣੇ ਨਾਲ ਮਿਲਾਉਂਦਾ ਹੈ? ਤਾਂ ਜਵਾਬ ਹੈ ਕਿ ਕੇਵਲ ਤੇ ਕੇਵਲ ਉਹੀ ਜੀਵ, ਗੁਰ ਪ੍ਰਸਾਦਿ ਸਦਕਾ, ਉਸ ਨਾਲ ਮਿਲਾਪ ਕਰ ਸਕਣਗੇ ਜੋ ਹਰ ਕੰਮ ਗੁਰੂ ਦੀ ਆਗਿਆ ਅਨੁਸਾਰ ਕਰਨਗੇ ਅਰਥਾਤ **"ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ"** ਵਾਲੀ ਜੁਗਤਿ ਨੂੰ ਅਪਣਾ ਲੈਣਗੇ।

## ਚੌਥੀ ਸਿੱਖਿਆ

**ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ਹਰਿ ਗੁਣ ਸਦ ਹੀ ਆਖਿ ਵਖਾਣੈ ॥**
**ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ ਸਹਜੇ ਹੀ ਹਰਿ ਨਾਮਿ ਸਮਾਇਆ ॥੩॥**

(ਭਾਵ: ਹੇ ਪ੍ਰਭੂ! ਜਿਸ ਮਨੁੱਖ ਨੂੰ ਤੂੰ ਆਪ ਸੂਝ ਬਖ਼ਸ਼ਦਾ ਹੈਂ, ਉਹ ਮਨੁੱਖ ਜੀਵਨ ਦਾ ਸਹੀ ਰਸਤਾ ਸਮਝਦਾ ਹੈ। ਉਹ ਮਨੁੱਖ, ਹੇ ਹਰੀ! ਸਦਾ ਤੇਰੇ ਗੁਣ ਗਾਂਦਾ ਹੈ, ਅਤੇ ਹੋਰਨਾਂ ਨੂੰ ਉਚਾਰ ਉਚਾਰ ਕੇ ਸੁਣਾਂਦਾ ਹੈ। ਹੇ ਭਾਈ! ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਸਿਮਰਿਆ ਹੈ, ਉਸ ਨੇ ਸੁਖ ਹਾਸਲ ਕੀਤਾ ਹੈ। ਉਹ ਮਨੁੱਖ ਸਦਾ ਆਤਮਕ ਅਡੋਲਤਾ ਵਿਚ ਟਿਕਿਆ ਰਹਿ ਕੇ ਪ੍ਰਭੂ ਦੇ ਨਾਮ ਵਿਚ ਲੀਨ ਹੋ ਜਾਂਦਾ ਹੈ।੩।)

**ਪਹਿਲੀ ਸਿੱਖਿਆ: "ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ਹਰਿ ਗੁਣ ਸਦ ਹੀ ਆਖਿ ਵਖਾਣੈ॥"** ਇਨ੍ਹਾਂ ਪੰਕਤੀਆਂ ਨੂੰ ਪੜ੍ਹ ਕੇ ਕਈ ਬੰਦੇ ਇਹ ਕਹਿਣਗੇ ਕਿ ਜਿਨ੍ਹਾਂ ਬੰਦਿਆਂ ਨੂੰ ਪਰਮਾਤਮਾ ਸੂਝ ਬਖਸ਼ਦਾ ਹੈ ਉਹੀ ਬੰਦੇ ਪਰਮਾਤਮਾ ਦੇ ਗੁਣ ਗਾ ਸਕਦੇ ਹਨ। ਪਰ ਮੈਨੂੰ ਤਾਂ ਪਰਮਾਤਮਾ ਨੇ ਸੂਝ ਹੀ ਨਹੀਂ ਬਖਸ਼ੀ ਤੇ ਮੈਂ ਕਿਵੇਂ ਗਾਵਾਂ?

ਤਾਂ ਇਸ ਦਾ ਜਵਾਬ ਹੈ ਕਿ ਪਰਮਾਤਮਾ ਸਾਰਿਆਂ ਦਾ ਮਾਤਾ-ਪਿਤਾ ਹੋਣ ਦੇ ਨਾਤੇ ਸਭ ਦਾ ਹਮੇਸ਼ਾ ਭਲਾ ਹੀ ਮੰਗਦਾ ਹੈ ਅਤੇ ਚਾਹੁੰਦਾ ਹੈ ਕਿ ਹਰੇਕ ਜੀਵ ਨੂੰ ਉਸ ਦੇ ਗੁਣ ਗਾਉਣ ਦਾ ਸੁਭਾਗ ਪ੍ਰਾਪਤ ਹੋਵੇ ਪਰ ਪਰਮਾਤਮਾ ਕਰੇ ਹੀ ਕੀ ਜਦੋਂ ਜੀਵਾਂ ਨੂੰ ਇਸ ਪ੍ਰਤੀ ਪਿਆਸ ਹੀ ਨਹੀਂ।

ਇਸ ਸੰਬੰਧ ਵਿਚ ਆਪ ਜੀ ਨਾਲ ਇਕ ਵੀਚਾਰ ਸਾਂਝੀ ਕਰ ਰਿਹਾ ਹਾਂ। ਇਕ ਰਾਜਾ ਆਪਣੀ ਪਰਜਾ ਨੂੰ ਬਹੁਤ ਪਿਆਰ ਕਰਦਾ ਹੈ ਅਤੇ ਪਰਮਾਤਮਾ ਦੀ ਵੀ ਬਹੁਤ ਭਗਤੀ ਕਰਦਾ ਹੈ। ਦਿਨ ਰਾਤ ਪਰਮਾਤਮਾ ਦੇ ਅੱਗੇ ਬੇਨਤੀ ਕਰਦਾ ਹੈ ਕਿ ਮੈਨੂੰ ਆਪਣੇ ਦਰਸ਼ਨ ਦੇਵੋ। ਪਰਮਾਤਮਾ ਉਸ ਦੀ ਭਗਤੀ ਤੇ ਰੀਝ ਕੇ ਇਕ ਦਿਨ ਉਸ ਨੂੰ ਸਾਖਿਆਤ ਦਰਸ਼ਨ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਮੰਗ ਲੈ ਜੋ ਮੰਗਣਾ ਹੈ। ਤਾਂ ਉਹ ਰਾਜਾ ਬੇਨਤੀ ਕਰਦਾ ਹੈ ਕਿ ਹੇ ਪਰਮਾਤਮਾ! ਤੁਸੀਂ ਮੇਰੀ ਪਰਜਾ ਨੂੰ ਵੀ ਦਰਸ਼ਨ ਦੇਣ ਦੀ ਕਿਰਪਾ ਕਰੋ। ਪਰਮਾਤਮਾ ਉਸ ਨੂੰ ਕਹਿੰਦੇ ਹਨ ਕਿ ਤੂੰ ਉਸ ਉੱਚੇ ਪਹਾੜ ਦੇ ਪਰਲੇ ਬੰਨੇ ਇੰਨੀ ਤਰੀਕ ਨੂੰ ਇੰਨੇ ਵਜੇ ਆਪਣੀ ਪਰਜਾ ਨੂੰ ਨਾਲ ਲੈ ਕੇ ਆ ਜਾਵੀਂ। ਮੈਂ ਉਨ੍ਹਾਂ ਨੂੰ ਉਥੇ ਦਰਸ਼ਨ ਦੇਵਾਂਗਾ। ਰਾਜਾ ਸੁਣ ਕੇ ਖੁਸ਼ੀ ਵਿਚ ਝੂਮ ਉਠਦਾ ਹੈ ਅਤੇ ਆਪਣੀ ਪਰਜਾ ਨੂੰ ਨਾਲ ਲੈ ਕੇ ਮਿੱਥੇ ਹੋਏ ਦਿਨ ਅਨੁਸਾਰ ਉਸ ਥਾਂ ਵੱਲ ਚੱਲ ਪੈਂਦਾ ਹੈ ਜਿਥੇ ਪਰਮਾਤਮਾ ਨੇ ਦਰਸ਼ਨ ਦੇਣੇ ਹੁੰਦੇ ਹਨ।

ਜਦੋਂ ਸਭ ਜਾ ਰਹੇ ਹੁੰਦੇ ਹਨ ਤਾਂ ਦੇਖਦੇ ਹਨ ਕਿ ਰਸਤੇ ਵਿਚ ਕੁਝ ਦੂਰੀ ਤੇ ਤਾਂਬੇ ਦੇ ਸਿੱਕੇ ਡਿੱਗੇ ਪਏ ਹਨ। ਕੁਝ ਲੋਕ ਉਨ੍ਹਾਂ ਸਿੱਕਿਆਂ ਨੂੰ ਇਕੱਠੇ ਕਰਨ ਲੱਗ ਜਾਂਦੇ ਹਨ ਤੇ ਘਰਾਂ ਨੂੰ ਵਾਪਸ ਚਲੇ ਜਾਂਦੇ ਹਨ। ਜਦੋਂ ਉਹ ਕੁਝ ਹੋਰ ਦੂਰ ਜਾਂਦੇ ਹਨ ਤਾਂ ਅੱਗੇ ਚਾਂਦੀ ਦੇ ਸਿੱਕੇ ਹੁੰਦੇ ਹਨ। ਕੁਝ ਲੋਕ ਚਾਂਦੀ ਦੇਖ ਕੇ ਲਾਲਚ ਵੱਸ ਹੋ ਕੇ ਚਾਂਦੀ ਦੇ ਸਿੱਕੇ ਇਕੱਠੇ ਕਰਕੇ ਘਰਾਂ ਨੂੰ ਵਾਪਿਸ

ਪਰਤ ਜਾਂਦੇ ਹਨ। ਹੁਣ ਕੁਝ ਕੁ ਲੋਕ ਹੀ ਬਾਕੀ ਬਚਦੇ ਹਨ। ਪਰ ਜਦੋਂ ਉਹ ਅੱਗੇ ਜਾਂਦੇ ਹਨ ਤਾਂ ਸੋਨੇ ਦੀਆਂ ਮੋਹਰਾਂ ਮਿਲਦੀਆਂ ਹਨ। ਜਿਹੜੇ ਕੁਝ ਕੁ ਲੋਕ ਅਜੇ ਵੀ ਬਚੇ ਹੋਏ ਸਨ ਹੁਣ ਉਨ੍ਹਾਂ ਕੋਲੋਂ ਹੋਰ ਸਬਰ ਨਹੀਂ ਹੁੰਦਾ ਅਤੇ ਉਹ ਸੋਨੇ ਦੀਆਂ ਮੋਹਰਾਂ ਇਕੱਠੀਆਂ ਕਰਕੇ ਘਰਾਂ ਨੂੰ ਵਾਪਸ ਪਰਤ ਜਾਂਦੇ ਹਨ। ਹੁਣ ਸਿਰਫ ਰਾਜਾ ਤੇ ਰਾਣੀ ਹੀ ਬਚਦੇ ਹਨ ਜੋ ਪਰਮੇਸ਼ਰ ਦੇ ਦਰਸ਼ਨ ਕਰਨ ਲਈ ਅਗਾਂਹ ਤੁਰਦੇ ਜਾਂਦੇ ਹਨ। ਰਾਜਾ ਰਾਣੀ ਨੂੰ ਦੇਖ ਕੇ ਮਨ ਵਿਚ ਖੁਸ਼ ਹੁੰਦਾ ਹੈ ਕਿ ਅਜੇ ਤੱਕ ਰਾਣੀ ਮਾਇਆ ਦੇ ਪ੍ਰਭਾਵ ਤੋਂ ਬਚੀ ਹੋਈ ਹੈ ਅਤੇ ਵਾਪਸ ਨਹੀਂ ਗਈ ਪਰ ਅੱਗੇ ਜਾ ਕੇ ਹੀਰੇ ਜਵਾਹਰਾਤ ਪਏ ਹੁੰਦੇ ਹਨ। ਰਾਣੀ ਇਹ ਦੇਖ ਕੇ ਕਹਿੰਦੀ ਹੈ ਕਿ ਰਾਜਾ ਤੂੰ ਅੱਗੇ ਚਲਾ ਜਾਹ ਮੈਂ ਇੰਨੇ ਕੀਮਤੀ ਹੀਰਿਆਂ ਨੂੰ ਛੱਡ ਕੇ ਨਹੀਂ ਜਾ ਸਕਦੀ। ਰਾਜਾ ਇਹ ਸੋਚਦਾ ਹੋਇਆ ਅੱਗੇ ਇਕੱਲਾ ਹੀ ਚਲਾ ਜਾਂਦਾ ਹੈ ਕਿ ਸਾਰੀ ਪਰਜਾ ਅਤੇ ਮੇਰੀ ਰਾਣੀ ਕਿੰਨੇ ਅਭਾਗੇ ਹਨ ਜਿਹੜੇ ਪਰਮਾਤਮਾ ਦੇ ਦਰਸ਼ਨ ਦੇ ਬਦਲੇ ਦੁਨਿਆਵੀ ਪਦਾਰਥਾਂ ਦੇ ਲਾਲਚ ਵਿਚ ਆ ਕੇ ਵਾਪਿਸ ਚਲੇ ਗਏ ਅਤੇ ਪਰਮਾਤਮਾ ਦੇ ਦਰਸ਼ਨਾਂ ਤੋਂ ਵਾਂਝੇ ਰਹਿ ਗਏ ਜਿਨ੍ਹਾਂ ਦੇ ਦਰਸ਼ਨ ਕਰਕੇ ਇਨ੍ਹਾਂ ਦਾ ਜਨਮ ਹੀ ਸਫਲ ਹੋ ਜਾਣਾ ਸੀ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਆਪਣੇ ਅਮੋਲਕ ਜੀਵਨ ਨੂੰ ਦੁਨਿਆਵੀ ਪਦਾਰਥਾਂ ਨੂੰ ਇਕੱਠੇ ਕਰਨ ਵਿਚ ਨਹੀਂ ਗਵਾਈ ਜਾਣਾ ਅਤੇ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰਨੀ ਹੈ ਕਿ ਕਿਰਪਾ ਕਰ ਕੇ ਮੈਨੂੰ ਅਪਨੇ ਦਰਸ਼ਨਾਂ ਦੀ ਆਸ ਤੇ ਪਿਆਸ ਦੀ ਦਾਤ ਬਖਸ਼ੋ ।

**"ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥**
**ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥" (ਅੰਗ : ੧੩੪)**

ਅਤੇ ਮੇਰੇ ਤੇ ਇਹ ਕਿਰਪਾ ਵੀ ਕਰੋ ਕਿ ਮੈ ਆਪਜੀ ਦੇ ਗੁਣਾਂ ਨੂੰ ਦਿਨ ਤੇ ਰਾਤ ਚਾਉ ਨਾਲ ਗਾਉਂਦਾ ਰਿਹਾ ਕਰਾਂ ।

**" ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥**
**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥" (ਅੰਗ : ੭੬੨)**

**ਦੂਜੀ ਸਿੱਖਿਆ: "ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ॥ ਸਹਜੇ ਹੀ ਹਰਿ ਨਾਮਿ ਸਮਾਇਆ॥"** ਤੋਂ ਭਾਵ ਹੈ ਕਿ ਉਹ ਪਰਮਾਤਮਾ ਸਾਰੇ ਸੁੱਖਾਂ ਦਾ ਸੋਮਾ ਹੈ। ਜਿਹੜਾ ਵੀ ਜੀਵ ਉਸ ਦੀ ਸੇਵਾ ਕਰਦਾ ਹੈ, ਉਸ ਨੂੰ ਬਿਨਾਂ ਕਹਿਆਂ ਹੀ ਗੁਰਪ੍ਰਸਾਦਿ ਸਦਕਾ ਸਾਰੇ ਹੀ ਸੁੱਖ ਮਿਲ ਜਾਂਦੇ ਹਨ ਅਤੇ ਉਹ ਜੀਵ ਨਾਮ ਜਪਦਾ ਜਪਦਾ, ਉਸ ਦੀ ਸੇਵਾ ਕਰਦਾ ਕਰਦਾ ਉਸੇ ਵਿਚ ਹੀ ਸਮਾ ਜਾਂਦਾ ਹੈ।

ਇਸ ਸੰਬੰਧ ਵਿਚ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ ਖੰਨੇ ਵਾਲਿਆਂ ਦੇ ਬਚਨ ਯਾਦ ਆ ਗਏ ਜੋ ਅਕਸਰ ਕਿਹਾ ਕਰਦੇ ਸਨ ਕਿ ਜਦੋਂ ਅਸੀਂ ਗੁਲਾਬ ਦੇ ਫੁੱਲ ਦੇ ਕੋਲ ਜਾਂਦੇ ਹਾਂ ਤਾਂ ਸਾਨੂੰ ਬਿਨਾਂ ਕਹਿਆਂ ਖੁਸ਼ਬੂ ਮਿਲ ਜਾਂਦੀ ਹੈ। ਜਦੋਂ ਅਸੀਂ ਸੂਰਜ ਦੇ

ਸਾਹਮਣੇ ਜਾਂਦੇ ਹਾਂ ਤਾਂ ਉਹ ਸਾਨੂੰ ਬਿਨਾਂ ਕਹਿਆਂ ਰੌਸ਼ਨੀ ਦੇ ਦਿੰਦਾ ਹੈ। ਇਸੇ ਤਰ੍ਹਾਂ ਜਦੋਂ ਅਸੀਂ ਪਾਣੀ ਕੋਲ ਜਾਂਦੇ ਹਾਂ ਤਾਂ ਬਿਨਾਂ ਕਹਿਆਂ ਹੀ ਸਾਨੂੰ ਸ਼ੀਤਲਤਾ ਮਿਲ ਜਾਂਦੀ ਹੈ। ਗੁਲਾਬ ਦੇ ਫੁੱਲ ਕੋਲ, ਸੂਰਜ ਕੋਲ, ਪਾਣੀ ਕੋਲ ਨਿਰੰਕਾਰ ਦੇ ਦਿਤੇ ਗੁਣਾਂ ਵਿਚੋਂ ਇਕ ਇਕ ਗੁਣ ਹੈ ਜੋ ਕਿ ਉਹ ਅਣਮੰਗਿਆ ਹੀ ਉਨ੍ਹਾਂ ਤੇ ਵਰਤਾ ਦਿੰਦੇ ਹਨ ਜਿਹੜੇ ਇਨ੍ਹਾਂ ਦੀ ਨੇੜਤਾ ਪ੍ਰਾਪਤ ਕਰਦੇ ਹਨ। **ਪਰ ਮੇਰੇ ਸਾਂਈ, ਮੇਰੇ ਆਕਾ, ਮੇਰੇ ਸਤਿਗੁਰੂ ਜੀ ਸਰਬ ਗੁਣਾਂ ਭਰਪੂਰ ਹਨ ਅਤੇ ਜਿਹੜਾ ਉਨ੍ਹਾਂ ਦੀ ਸ਼ਰਨ ਵਿਚ ਆਏਗਾ ਕੀ ਉਸ ਨੂੰ ਅਣਮੰਗਿਆਂ ਹੀ ਸਾਰੇ ਗੁਣ ਤੇ ਸੁੱਖ ਬਖਸ਼ਿਸ਼ ਵਿਚ ਨਹੀਂ ਮਿਲਣਗੇ? ਤਾਂ ਜਵਾਬ ਹੈ ਕਿ ਜ਼ਰੂਰ ਮਿਲਣਗੇ ਪਰ ਉਨ੍ਹਾਂ ਨੂੰ ਹੀ ਮਿਲਣਗੇ ਜਿਹੜੇ ਉਸ ਸਰਬ ਗੁਣਾਂ ਭਰਪੂਰ ਸਤਿਗੁਰੂ ਜੀ ਦੀ ਸ਼ਰਨ ਵਿਚ ਆਉਣਗੇ। ਲੋੜ ਹੈ ਉਨ੍ਹਾਂ ਦੀ ਸ਼ਰਨ ਵਿਚ ਆਉਣ ਦੀ ਅਤੇ ਯਾਦ ਰੱਖਣਾ ਜਿਸ ਦੀ ਸ਼ਰਨ ਵਿਚ ਜਾਈਦਾ ਹੈ, ਉਸ ਦੇ ਸਾਰੇ ਹੁਕਮ ਵੀ ਮੰਨਣੇ ਹੁੰਦੇ ਹਨ।**

## ਪੰਜਵੀਂ ਸਿੱਖਿਆ

**ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥**
**ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥**

(ਭਾਵ: ਹੇ ਪ੍ਰਭੂ! ਤੂੰ ਆਪ ਹੀ ਸਭ ਕੁਝ ਪੈਦਾ ਕਰਨ ਵਾਲਾ ਹੈਂ, ਸਭ ਕੁਝ ਤੇਰਾ ਕੀਤਾ ਹੀ ਹੁੰਦਾ ਹੈ। ਤੈਥੋਂ ਬਿਨਾ ਤੇਰੇ ਵਰਗਾ ਹੋਰ ਕੋਈ ਨਹੀਂ ਹੈ। ਜੀਵ ਪੈਦਾ ਕਰ ਕੇ ਉਹਨਾਂ ਦੀ ਸੰਭਾਲ ਭੀ ਤੂੰ ਆਪ ਹੀ ਕਰਦਾ ਹੈਂ, ਤੇ ਹਰੇਕ ਦੇ ਦਿਲ ਦੀ ਸਾਰ ਜਾਣਦਾ ਹੈਂ। ਹੇ ਦਾਸ ਨਾਨਕ! ਜੋ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ ਉਸ ਦੇ ਅੰਦਰ ਪਰਮਾਤਮਾ ਪਰਗਟ ਹੋ ਜਾਂਦਾ ਹੈ।)

ਜਿਵੇਂ ਕਿ ਆਪਾਂ ਉੱਪਰ ਵਿਚਾਰਿਆ ਹੈ ਕਿ ਉਹ ਪਰਮੇਸ਼ਰ ਹੀ ਸਭ ਕੁਝ ਕਰਨ ਕਾਰਨ ਦੇ ਸਮਰੱਥ ਹੈ ਅਤੇ ਉਸ ਦੇ ਹੁਕਮ ਤੋਂ ਬਾਹਰਾ ਕੁਝ ਵੀ ਨਹੀਂ ਹੈ। ਉਸ ਵਰਗਾ ਹੋਰ ਕੋਈ ਨਹੀਂ ਹੈ। ਪਰ ਹੈਰਾਨਗੀ ਦੀ ਗੱਲ ਇਹ ਹੈ ਕਿ ਮਨਮੁਖ ਬੰਦਾ ਇਹ ਸਮਝ ਬੈਠਦਾ ਹੈ ਕਿ ਮੈਂ ਸਭ ਕੁਝ ਕਰਨ ਦੇ ਸਮਰੱਥ ਹਾਂ ਅਤੇ ਅਜਿਹੇ ਬੰਦਿਆਂ ਨੂੰ ਜਿਸ ਵੇਲੇ ਆਪਣੇ ਕੰਮ ਵਿਚ ਸਫਲਤਾ ਨਹੀਂ ਮਿਲਦੀ ਤਾਂ ਉਹ ਨਿਰਾਸ਼ ਹੋ ਕੇ ਡਿਪਰੈਸ਼ਨ (Depression) ਵਿਚ ਚਲੇ ਜਾਂਦੇ ਹਨ ਜਦ ਕਿ ਗੁਰੂ ਦੀ ਰਾਹ ਤੇ ਚੱਲਣ ਵਾਲੇ ਗੁਰਮੁਖ ਕਦੇ ਵੀ ਨਿਰਾਸ਼ ਨਹੀਂ ਹੁੰਦੇ ਕਿਉਂਕਿ ਉਹ ਆਪਾ ਭਾਵ ਮਿਟਾ ਕੇ ਕੰਮ ਕਰਦੇ ਹਨ ਅਰਥਾਤ '**ਕਰਮ ਕਰਤ ਹੋਵੈ ਨਿਹਕਰਮ**' (ਕਰਮ ਕਰਦਿਆਂ ਹੋਇਆਂ ਵੀ ਕਰਮਾਂ ਦੇ ਫਲ ਦੀ ਇੱਛਾ ਨਾ ਰੱਖਣਾ) ਵਾਲੀ ਜੁਗਤਿ ਨੂੰ ਅਪਣਾਉਂਦੇ ਹਨ ਅਤੇ ਹਮੇਸ਼ਾ ਇਹੀ ਅਰਦਾਸ ਕਰਦੇ ਹਨ ਕਿ ਹੇ ਮਾਲਕ! ਸਭ ਕੁਝ ਕਰਨ ਕਾਰਨ ਜੋਗ ਤੁਸੀਂ ਹੀ ਹੋ, ਮੈਂ ਤਾਂ ਆਪਣਾ ਦਿਤਾ ਰੋਲ ਹੀ ਨਿਭਾਉਣਾ ਹੈ ਅਤੇ ਜੇ ਤੁਸੀਂ ਕਿਰਪਾ ਕਰੋਗੇ ਤਾਂ ਹੀ ਮੈਨੂੰ ਸਫਲਤਾ ਮਿਲੇਗੀ। ਯਥਾ:

**"ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥**
**ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥**
**ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ॥**
**ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ॥" (ਅੰਗ: ੭੩੬)**

## ਆਸਾ ਮਹਲਾ ੧ ॥

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥
ਮਨ ਏਕੁ ਨ ਚੇਤਸਿ ਮੂੜ ਮਨਾ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥
ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥
ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥੨॥੩॥

**ਪਦ ਅਰਥ**: **ਤਿਤੁ**–ਉਸ ਵਿਚ। **ਸਰਵਰੁ**–ਤਾਲਾਬ। **ਸਰਵਰੜਾ**–ਭਿਆਨਕ ਤਾਲਾਬ। **ਸਰਵਰੜੈ**–ਭਿਆਨਕ ਤਾਲਾਬ ਵਿਚ। **ਤਿਤੁ ਸਰਵਰੜੈ**–ਉਸ ਭਿਆਨਕ ਸਰ ਵਿਚ। **ਭਈਲੇ**–ਹੋਇਆ ਹੈ। **ਪਾਵਕੁ**–ਅੱਗ, ਤਿਸ਼੍ਨਾ ਦੀ ਅੱਗ। **ਤਿਨਹਿ**–ਉਸ ਪ੍ਰਭੂ ਨੇ ਆਪ ਹੀ । **ਪੰਕ**–ਚਿੱਕੜ। **ਪੰਕ ਜੁ ਮੋਹ**–ਜੋ ਮੋਹ ਦਾ ਚਿੱਕੜ ਹੈ। **ਪਗੁ**–ਪੈਰ। **ਹਮ ਦੇਖਾ**–ਸਾਡੇ ਵੇਖਦਿਆਂ ਹੀ, ਸਾਡੇ ਸਾਹਮਣੇ ਹੀ। **ਤਹ**–ਉਸ ਵਿਚ। **ਡੂਬੀਅਲੇ**–ਡੁੱਬ ਗਏ, ਡੁੱਬ ਰਹੇ ਹਨ।੧।

**ਮਨ**–ਹੇ ਮਨ! **ਮੂੜ ਮਨਾ**–ਹੇ ਮੂਰਖ ਮਨ! **ਗਲਿਆ**–ਗਲਦੇ ਜਾ ਰਹੇ ਹਨ, ਘਟਦੇ ਜਾ ਰਹੇ ਹਨ। ।ਰਹਾਉ। **ਹਉ**–ਮੈਂ। **ਜਤੀ**–ਕਾਮ–ਵਾਸਨਾ ਨੂੰ ਰੋਕਣ ਦਾ ਜਤਨ ਕਰਨ ਵਾਲਾ। **ਸਤੀ**–ਉੱਚੇ ਆਚਰਨ ਵਾਲਾ। **ਮੁਗਧ**–ਮੂਰਖ, ਬੇ–ਸਮਝ। **ਜਨਮੁ**–ਜੀਵਨ। **ਪ੍ਰਣਵਤਿ**–ਬੇਨਤੀ ਕਰਦਾ ਹੈ।੨।

**ਸ਼ਬਦ–ਉਚਾਰਨ:– (ੳ) ਬਿੰਦੀ ਸਹਿਤ ਉਚਾਰਨ ਵਾਲੇ ਸ਼ਬਦ**: ਤਿਨਹਿਂ, ਤੂੰ, ਹਉਂ।

(ਅ) 'ਦੇਖਾ' ਦਾ ਉਚਾਰਨ ਬਿੰਦੀ ਸਹਿਤ 'ਦੇਖਾਂ' ਕਰਨਾ ਅਸ਼ੁੱਧ ਹੈ ਕਿਉਂਕਿ 'ਦੇਖਾ' ਦਾ ਇਥੇ ਅਰਥ ਹੈ, ਅਸਾਂ ਵੇਖਿਆ ਹੈ।

**ਅਰਥ**–ਹੇ ਭਾਈ! ਸਾਡੀ ਜੀਵਾਂ ਦੀ ਉਸ ਭਿਆਨਕ ਸੰਸਾਰ– ਸਰੋਵਰ ਵਿਚ ਵੱਸੋਂ ਹੈ ਜਿਸ ਵਿਚ ਉਸ ਪ੍ਰਭੂ ਨੇ ਆਪ ਹੀ ਪਾਣੀ ਦੀ ਥਾਂ ਤ੍ਰਿਸ਼ਨਾ ਦੀ ਅੱਗ ਪੈਦਾ ਕੀਤੀ ਹੋਈ ਹੈ ਅਤੇ ਉਸ ਭਿਆਨਕ ਸਰੋਵਰ ਵਿਚ ਜੋ ਮੋਹ ਦਾ ਚਿੱਕੜ ਹੈ ਉਸ ਵਿਚ ਜੀਵਾਂ ਦਾ ਪੈਰ ਚੱਲ ਨਹੀਂ ਸਕਦਾ, ਜੀਵ ਮੋਹ ਦੇ ਚਿੱਕੜ ਵਿਚ ਫਸੇ ਪਏ ਹਨ । ਸਾਡੇ ਸਾਹਮਣੇ ਹੀ ਅਨੇਕਾਂ ਜੀਵ ਮੋਹ ਦੇ ਚਿੱਕੜ ਵਿਚ ਫਸ ਕੇ ਉਸ ਤ੍ਰਿਸ਼ਨਾ–ਅੱਗ ਦੇ ਅਸਗਾਹ ਸਮੁੰਦਰ ਵਿਚ ਡੁੱਬਦੇ ਜਾ ਰਹੇ ਹਨ।੧।

ਹੇ ਮਨ! ਹੇ ਮੂਰਖ ਮਨ! ਤੂੰ ਇੱਕ ਪਰਮਾਤਮਾ ਨੂੰ ਯਾਦ ਨਹੀਂ ਕਰਦਾ। ਤੂੰ ਜਿਉਂ ਜਿਉਂ ਪਰਮਾਤਮਾ ਨੂੰ ਵਿਸਾਰਦਾ ਜਾ ਰਿਹਾ ਹੈਂ, ਤੇਰੇ ਅੰਦਰੋਂ ਗੁਣ ਘਟਦੇ ਜਾ ਰਹੇ ਹਨ।੧। ਰਹਾਉ।

ਹੇ ਪ੍ਰਭੂ! ਨਾਹ ਮੈਂ ਜਤੀ ਹਾਂ, ਨਾਹ ਮੈਂ ਸਤੀ ਹਾਂ, ਨਾਹ ਹੀ ਮੈਂ ਪੜ੍ਹਿਆ ਹੋਇਆ ਹਾਂ, ਮੇਰਾ ਜੀਵਨ ਤਾਂ ਮੂਰਖ ਬੇਸਮਝਾਂ ਵਾਲਾ ਬਣਿਆ ਹੋਇਆ ਹੈ ਭਾਵ, ਜਤ, ਸਤ ਅਤੇ ਵਿੱਦਿਆ ਇਸ ਤ੍ਰਿਸ਼ਨਾ ਦੀ ਅੱਗ ਅਤੇ ਮੋਹ ਦੇ ਚਿੱਕੜ ਵਿਚ ਡਿਗਣੋਂ ਬਚਾ ਨਹੀਂ ਸਕਦੇ। ਜੇ ਮਨੁੱਖ ਪ੍ਰਭੂ ਨੂੰ ਭੁਲਾ ਦੇਵੇ, ਤਾਂ ਜਤ ਸਤ ਵਿੱਦਿਆ ਦੇ ਹੁੰਦਿਆਂ ਭੀ ਮਨੁੱਖ ਦੀ ਜ਼ਿੰਦਗੀ ਮਹਾਮੂਰਖਾਂ ਵਾਲੀ ਹੁੰਦੀ ਹੈ । ਸੋ, ਨਾਨਕ ਬੇਨਤੀ ਕਰਦਾ ਹੈ – ਹੇ ਪ੍ਰਭੂ! ਮੈਨੂੰ ਉਹਨਾਂ ਗੁਰਮੁਖਾਂ ਦੀ ਸਰਨ ਵਿਚ ਰੱਖ , ਜਿਨ੍ਹਾਂ ਨੂੰ ਤੂੰ ਨਹੀ ਭੁੱਲਿਆ ਜਿਨ੍ਹਾਂ ਨੂੰ ਤੇਰੀ ਯਾਦ ਨਹੀਂ ਭੁੱਲੀ ।੨।੩।

# ਸਿੱਖਿਆਵਾਂ

**"ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥**
**ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥**
**ਮਨ ਏਕੁ ਨ ਚੇਤਸਿ ਮੂੜ ਮਨਾ॥ ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥"**

(ਭਾਵ: ਹੇ ਭਾਈ! ਅਸੀਂ ਜੀਵ ਉਸ ਭਿਆਨਕ ਸੰਸਾਰ-ਸਰੋਵਰ ਵਿਚ ਵੱਸ ਰਹੇ ਹਾਂ ਜਿਸ ਵਿਚ ਉਸ ਪ੍ਰਭੂ ਨੇ ਆਪ ਹੀ ਪਾਣੀ ਦੀ ਥਾਂ ਤ੍ਰਿਸ਼ਨਾ ਦੀ ਅੱਗ ਪੈਦਾ ਕੀਤੀ ਹੋਈ ਹੈ ਅਤੇ ਉਸ ਭਿਆਨਕ ਸਰੋਵਰ ਵਿਚ ਜੋ ਮੋਹ ਦਾ ਚਿੱਕੜ ਹੈ, ਉਸ ਵਿਚ ਜੀਵ ਦੇ ਪੈਰ ਚੱਲ ਨਹੀਂ ਸਕਦੇ, ਜੀਵ ਮੋਹ ਦੇ ਚਿੱਕੜ ਵਿਚ ਫਸੇ ਪਏ ਹਨ। ਸਾਡੇ ਸਾਹਮਣੇ ਹੀ ਅਨੇਕਾਂ ਜੀਵ ਮੋਹ ਦੇ ਚਿੱਕੜ ਵਿਚ ਫਸ ਕੇ ਉਸ ਤ੍ਰਿਸ਼ਨਾ ਦੀ ਅੱਗ ਦੇ ਡੂੰਘੇ ਸਮੁੰਦਰ ਵਿਚ ਡੁੱਬਦੇ ਜਾ ਰਹੇ ਹਨ।੧। ਹੇ ਮਨ! ਹੇ ਮੂਰਖ ਮਨ! ਤੂੰ ਇੱਕ ਪਰਮਾਤਮਾ ਨੂੰ ਯਾਦ ਕਿਉਂ ਨਹੀਂ ਕਰਦਾ। ਤੂੰ ਜਿਉਂ ਜਿਉਂ ਪਰਮਾਤਮਾ ਨੂੰ ਵਿਸਾਰਦਾ ਜਾ ਰਿਹਾ ਹੈਂ, ਤੇਰੇ ਅੰਦਰੋਂ ਗੁਣ ਘਟਦੇ ਜਾ ਰਹੇ ਹਨ।)

## ਪਹਿਲੀ ਸਿੱਖਿਆ

**"ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥ ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥ ਮਨ ਏਕੁ ਨ ਚੇਤਸਿ ਮੂੜ ਮਨਾ॥"** ਦਾ ਭਾਵ ਹੈ ਕਿ ਇਹ ਸੰਸਾਰ ਰੂਪੀ ਭਵ ਸਾਗਰ ਦੇ ਵਿਚ ਅਸੀਂ ਜੀਵ ਮੋਹ ਰੂਪੀ ਚਿੱਕੜ ਵਿਚ ਡੁੱਬ ਰਹੇ ਹਾਂ ਕਿਉਂਕਿ ਅਸੀਂ ਗੁਣਾਂ ਦੇ ਸੋਮੇ ਅਕਾਲ ਪੁਰਖ ਨੂੰ ਵਿਸਾਰ ਦਿੱਤਾ ਹੈ। ਪਰ ਜੇ ਸਾਨੂੰ ਉਸ ਪਰਮੇਸ਼ਰ ਦੀ ਸਿੱਖਿਆ ਯਾਦ ਰਹੇ ਤਾਂ ਅਸੀਂ ਡੁੱਬਣੋ ਬਚ ਸਕਦੇ ਹਾਂ।

ਹੁਣ ਪਰਮੇਸ਼ਰ ਦੀ ਸਿੱਖਿਆ ਤਾਂ ਸਪੱਸ਼ਟ ਹੈ ਕਿ ਸਾਰੇ ਜੀਵ ਜੰਤਾਂ ਦੀ ਪ੍ਰਤਿਪਾਲਣਾ ਕਰਨ ਵਾਲਾ ਕੇਵਲ ਤੇ ਕੇਵਲ ਉਹ ਆਪ ਹੀ ਹੈ। ਪਰ ਅਸੀਂ ਮੋਹ ਦੇ ਚਿੱਕੜ ਵਿਚ ਫਸ ਕੇ ਇੰਝ ਸੋਚਣ ਲੱਗ ਪੈਂਦੇ ਹਾਂ ਜਿਵੇਂ ਕਿ ਪ੍ਰਤਿਪਾਲਕ ਅਸੀਂ ਆਪ ਹੋਈਏ ਅਤੇ ਪ੍ਰਤਿਪਾਲਣਾ ਦੇ ਫਿਕਰ ਨੂੰ ਲੈ ਕੇ ਅਸੀਂ ਹਰ ਦਮ ਚਿੰਤਾ, ਝੋਰੇ ਵਿਚ ਰਹਿੰਦੇ ਹਾਂ।

ਇਸ ਸੰਬੰਧ ਵਿਚ ਆਪ ਜੀ ਨਾਲ ਇਕ ਘਟਨਾ ਸਾਂਝੀ ਕਰ ਰਿਹਾਂ ਹਾਂ ਜਿਸ ਤੋਂ ਇਹ ਗੱਲ ਸਪੱਸ਼ਟ ਹੋ ਜਾਏਗੀ ਕਿ ਅਸੀਂ ਮੋਹ ਦੇ ਚਿੱਕੜ ਤੋਂ ਕਿਵੇਂ ਬਚ ਸਕਦੇ ਹਾਂ।

ਇਕ ਧਰਮੀ ਰਾਜਾ ਸੀ ਜਿਹੜਾ ਆਪਣੀ ਪਰਜਾ ਨੂੰ ਬਹੁਤ ਹੀ ਪਿਆਰ ਕਰਦਾ ਸੀ ਅਤੇ ਮਨ ਵਿਚ ਚਾਹੁੰਦਾ ਸੀ ਕਿ ਮੇਰੀ ਪਰਜਾ ਹਮੇਸ਼ਾ ਸੁਖੀ ਵਸੇ। ਪਰ ਉਸ ਦੀ ਪਰਜਾ ਕਿਸੇ ਨਾ ਕਿਸੇ ਕਾਰਨ ਕਰਕੇ ਦੁੱਖ ਕਲੇਸ਼ ਵਿਚ ਰਹਿੰਦੀ ਸੀ ਜਿਸ ਕਰਕੇ ਉਹ ਬਹੁਤ ਪ੍ਰੇਸ਼ਾਨ ਰਹਿੰਦਾ ਸੀ। ਇਕ ਵਾਰ ਉਹ ਕਿਸੇ ਰੱਬੀ ਰੰਗ ਵਿਚ ਰੱਤੀ ਗੁਰਮੁਖ ਰੂਹ ਕੋਲ ਜਾਂਦਾ ਹੈ ਤੇ ਉਨ੍ਹਾਂ ਨੂੰ ਬੇਨਤੀ ਕਰਦਾ ਹੈ ਕਿ ਮੈਂ ਆਪਣੀ ਪਰਜਾ ਦੇ ਦੁੱਖ ਦੇਖ ਕੇ ਬਹੁਤ ਪ੍ਰੇਸ਼ਾਨ ਰਹਿੰਦਾ ਹਾਂ ਤੇ ਮੇਰੀ ਇਸ ਚਿੰਤਾ ਦਾ ਕੋਈ ਹੱਲ ਦਸੋ।

ਗੁਰਮੁਖ ਕਹਿੰਦੇ ਕਿ ਤੇਰੀ ਇਸ ਗੱਲ ਦਾ ਹੱਲ ਤਾਂ ਹੋ ਸਕਦਾ ਹੈ ਪਰ ਬਦਲੇ ਵਿਚ ਤੈਨੂੰ ਵੀ ਕੁਝ ਦੇਣਾ ਪਵੇਗਾ। ਰਾਜਾ ਕਹਿੰਦਾ ਹੈ ਕਿ ਜੋ ਤੁਸੀਂ ਕਹੋਗੇ ਮੈਂ ਉਹ ਦੇਣ ਲਈ ਤਿਆਰ ਹਾਂ। ਗੁਰਮੁਖ ਬੋਲੇ ਕਿ ਤੂੰ ਮੈਨੂੰ ਆਪਣਾ ਸਾਰਾ ਰਾਜ ਭਾਗ ਦੇ ਦੇਹ ਤੇ ਫਿਰ ਤੇਰੀ ਸਾਰੀ ਚਿੰਤਾ ਖਤਮ ਹੋ ਜਾਵੇਗੀ। ਰਾਜਾ ਮੰਨ ਜਾਂਦਾ ਹੈ ਤੇ ਸਾਰਾ ਰਾਜ ਭਾਗ ਗੁਰਮੁਖਾਂ ਨੂੰ ਦੇ ਦਿੰਦਾ ਹੈ। ਜਦੋਂ ਰਾਜਾ ਗੁਰਮੁਖਾਂ ਕੋਲੋਂ ਉੱਠ ਕੇ ਵਾਪਸ ਜਾਣ ਲੱਗਦਾ ਹੈ ਤਾਂ ਉਹ ਗੁਰਮੁਖ ਰਾਜੇ ਨੂੰ ਕਹਿੰਦੇ ਹਨ ਕਿ ਮੈਂ ਤੈਨੂੰ ਆਪਣੇ ਉਸ ਰਾਜ ਦਾ ਜੋ ਤੂੰ ਮੈਨੂੰ ਦੇ ਚੁੱਕਿਆ ਹੈਂ, ਅੱਜ ਤੋਂ ਵਜ਼ੀਰ ਬਣਾਉਂਦਾ ਹਾਂ ਅਤੇ ਤੈਨੂੰ ਇਹ ਹੁਕਮ ਕਰਦਾ ਹਾਂ ਕਿ ਤੂੰ ਹੁਣ ਮੇਰੇ Behalf ਤੇ ਮੇਰਾ ਰਾਜ ਚਲਾ। ਰਾਜਾ ਸਤਿਬਚਨ ਕਹਿ ਦਿੰਦਾ ਹੈ ਅਤੇ ਉਸ ਤੋਂ ਬਾਅਦ ਗੁਰਮੁਖਾਂ ਦਾ ਵਜ਼ੀਰ ਬਣ ਕੇ ਰਾਜ ਚਲਾਉਣਾ ਸ਼ੁਰੂ ਕਰ ਦਿੰਦਾ ਹੈ। ਹੁਣ ਜਦੋਂ ਕਦੀ ਪਰਜਾ ਨੂੰ ਕੋਈ ਸਮੱਸਿਆ ਹੁੰਦੀ ਹੈ ਤਾਂ ਰਾਜਾ ਪ੍ਰੇਸ਼ਾਨ ਨਹੀਂ ਹੁੰਦਾ ਕਿਉਂਕਿ ਉਸ ਦੇ ਮਨ ਵਿਚ ਇਕ ਗੱਲ ਦ੍ਰਿੜ ਹੋ ਚੁੱਕੀ ਹੈ ਕਿ ਮੈਂ ਤਾਂ ਉਨ੍ਹਾਂ ਗੁਰਮੁਖਾਂ ਦਾ ਨੌਕਰ ਹਾਂ ਤੇ ਇਸ ਰਾਜ ਦੇ ਹੁਣ ਉਹ ਗੁਰਮੁਖ ਹੀ ਰਾਜੇ ਹਨ। ਇਸ ਲਈ ਮੈਂ ਹੁਣ ਚਿੰਤਾ ਕਿਉਂ ਕਰਾਂ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਜੀਵਨ ਦੇ ਸਾਰੇ ਕਰਤਵ ਪੂਰੀ ਜ਼ਿੰਮੇਵਾਰੀ, ਤਨਦੇਹੀ ਨਾਲ ਨਿਭਾਉਣੇ ਹਨ ਜਿਵੇਂ ਕਿ ਕੋਈ ਨੌਕਰੀ ਪੇਸ਼ਾ ਬੰਦਾ ਕਰਦਾ ਹੈ। ਉਹ ਆਪਣੇ ਮਨ ਵਿਚ ਇਕ ਗੱਲ ਦ੍ਰਿੜ ਰੱਖਦਾ ਹੈ ਕਿ ਮੈਂ ਤਾਂ ਸਿਰਫ਼ ਨੌਕਰੀ ਹੀ ਕਰਨੀ ਹੈ ਅਤੇ ਭਾਵੇਂ ਹੋਵੇ ਲਾਭ ਜਾਂ ਹੋਵੇ ਹਾਨੀ ਮੈਨੂੰ ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ। ਇਸੇ ਤਰ੍ਹਾਂ ਅਸੀਂ ਵੀ ਆਪਣੇ ਆਪ ਨੂੰ ਕਦੇ ਵੀ ਕਰਤਾ ਨਹੀਂ ਸਮਝਣਾ ਕਿਉਂਕਿ 'ਕਰਤਾ ਪੁਰਖੁ' ਤਾਂ ਕੇਵਲ ਇਕ ਪਰਮੇਸ਼ਰ ਹੀ ਹੈ ਜਿਸ ਨੂੰ ਸਾਰੇ ਫਿਕਰ ਹਨ। ਅਤੇ ਪਰਮਾਤਮਾ ਦਾ ਸੇਵਕ ਸਮਝ ਕੇ ਹੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਹਨ।

**"ਹਰਿ ਬਿਸਰਤ ਤੇਰੇ ਗੁਣ ਗਲਿਆ॥"** ਦਾ ਭਾਵ ਹੈ ਕਿ ਉਸ ਸੁੱਖਾਂ ਦੇ ਦਾਤੇ ਪਰਮੇਸ਼ਰ ਨੂੰ ਵਿਸਾਰ ਕੇ ਜੀਵ ਦੇ ਗੁਣ ਖਤਮ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸ ਸੰਬੰਧ ਵਿਚ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ ਖੰਨੇ ਵਾਲਿਆਂ ਦੇ ਬਚਨ ਯਾਦ ਆ ਗਏ ਜਿਹੜੇ ਕਿਹਾ ਕਰਦੇ ਸੀ ਕਿ ਜਿਹੜੀ ਟਹਿਣੀ ਆਪਣੇ 'ਮੂਲ' ਅਰਥਾਤ 'ਰੁੱਖ' ਨਾਲ ਜਿੰਨੀ ਦੇਰ ਤੱਕ ਲੱਗੀ ਰਹੇਗੀ, ਉਸ ਨੂੰ ਰੁੱਖ ਨਾਲ ਜੁੜਨ ਦਾ ਸਦਕਾ ਫੁੱਲ ਵੀ ਲੱਗਣਗੇ ਅਤੇ ਫਲ ਵੀ

ਲੱਗਣਗੇ। ਪਰ ਜੇਕਰ ਉਹ ਟਹਿਣੀ ਆਪਣੇ 'ਮੂਲ' ਅਰਥਾਤ 'ਰੁੱਖ' ਤੋਂ ਟੁੱਟ ਹੀ ਜਾਵੇ ਤਾਂ ਨਾ ਕਦੀ ਉਸ ਨੂੰ ਫੁੱਲ ਲੱਗਦੇ ਹਨ ਅਤੇ ਨਾ ਹੀ ਫਲ। ਇਸੇ ਤਰ੍ਹਾਂ ਉਸ ਜੀਵ ਦਾ ਵੀ ਉਹੀ ਹਾਲ ਹੁੰਦਾ ਹੈ ਜੋ ਆਪਣੇ ਸੁੱਖਾਂ ਦੇ ਸੋਮੇ ਪਰਮੇਸ਼ਰ ਤੋਂ ਟੁੱਟ ਜਾਂਦਾ ਹੈ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ :

**"ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ॥**
**ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥**
**ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥**
**ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥" (ਅੰਗ:੧੪੧੨)**

(ਭਾਵ: ਹੇ ਸਰੋਵਰ! ਤੂੰ ਕਦੇ ਚਾਰ ਚੁਫੇਰੇ ਹਰਾ ਹੀ ਹਰਾ ਸੀ, ਤੇਰੇ ਅੰਦਰ ਸੋਨੇ ਦੇ ਰੰਗ ਵਾਲੇ ਚਮਕਦੇ ਕੌਲ-ਫੁੱਲ ਖਿੜੇ ਹੋਏ ਸਨ। ਹੁਣ ਤੂੰ ਕਿਸ ਨੁਕਸ ਦੇ ਕਾਰਨ ਸੜ ਗਿਆ ਹੈਂ? ਤੇਰਾ ਸੋਹਣਾ ਸਰੀਰ ਕਾਲਾ ਕਿਉਂ ਹੋ ਗਿਆ ਹੈ? ਤੇ ਅੱਗੋਂ ਸਰੋਵਰ ਜਵਾਬ ਦਿੰਦਾ ਹੈ ਕਿ ਹੇ ਨਾਨਕ! ਇਸ ਕਾਲਖ ਦਾ ਕਾਰਨ ਇਹ ਹੈ ਕਿ ਮੇਰੇ ਸਰੀਰ ਦਾ ਪਾਣੀ ਨਾਲੋਂ ਸੰਬੰਧ ਟੁੱਟ ਗਿਆ ਹੈ ਅਤੇ ਹੁਣ ਮੈਨੂੰ ਉਹ ਪਾਣੀ ਨਹੀਂ ਮਿਲਦਾ ਜਿਸ ਦੇ ਸਾਥ ਕਰਕੇ ਮੇਰਾ ਸਰੀਰ ਖਿੜਿਆ ਰਹਿੰਦਾ ਸੀ।)

ਜਿਸ ਤਰ੍ਹਾਂ ਆਪਾਂ ਉਪਰ ਸਰੋਵਰ ਬਾਰੇ ਪੜ੍ਹਿਆ ਹੈ ਕਿ ਸਰੋਵਰ ਆਪਣੇ ਪਾਣੀ ਦੇ ਸੋਮੇ ਤੋਂ ਟੁੱਟ ਕੇ ਸੁੱਕ ਜਾਂਦਾ ਹੈ ਅਤੇ ਉਸ ਵਿਚ ਫੁੱਲ ਖਿੜਨੇ ਬੰਦ ਹੋ ਜਾਂਦੇ ਹਨ, ਇਵੇਂ ਹੀ ਉਨ੍ਹਾਂ ਮਨੁੱਖਾਂ ਦੇ ਵਿਚ ਗੁਣ ਅਲੋਪ ਹੋ ਜਾਂਦੇ ਹਨ ਜਿਹੜੇ ਆਪਣੇ ਸੋਮੇ ਪਰਮੇਸ਼ਰ ਤੋਂ ਟੁੱਟ ਜਾਂਦੇ ਹਨ।

ਇਸ ਸੰਬੰਧ ਵਿਚ ਭਗਤ ਕਬੀਰ ਜੀ ਦਾ ਵੀ ਇਕ ਸਲੋਕ ਇਉਂ ਹੈ:

**"ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ॥**
**ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ॥" (ਅੰਗ:੧੩੭੧)**

(ਭਾਵ: ਹੇ ਕਬੀਰ! ਸਮੁੰਦਰ ਤੋਂ ਵਿਛੜੇ ਹੋਏ ਹੇ ਸੰਖ! ਸਮੁੰਦਰ ਦੇ ਵਿਚ ਹੀ ਟਿਕਿਆ ਰਹੁ ਨਹੀਂ ਤਾਂ ਹਰ ਰੋਜ਼ ਸੂਰਜ ਚੜ੍ਹਦੇ ਸਾਰ ਹਰੇਕ ਮੰਦਰ ਵਿਚ ਡਰਾਉਣੀ ਢਾਹ ਮਾਰੇਂਗਾ।)

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਹਰ ਵੇਲੇ ਆਪਣੇ ਸੋਮੇ, 'ਪਰਮੇਸ਼ਰ' ਨਾਲ ਸਾਂਝ ਬਣਾ ਕੇ ਰੱਖਣੀ ਹੈ ਨਹੀਂ ਤਾਂ ਸਾਡੇ ਅੰਦਰ ਵੀ ਗੁਣ ਅਲੋਪ ਹੋਣੇ ਸ਼ੁਰੂ ਹੋ ਜਾਣਗੇ ਅਤੇ ਸਾਡਾ ਹਾਲ ਵੀ ਸਮੁੰਦਰ ਤੋਂ ਵਿਛੁੜੇ ਹੋਏ ਉਸ ਸਰੋਵਰ ਅਤੇ ਸੰਖ ਵਾਂਗ ਹੋ ਜਾਵੇਗਾ।

## ਦੂਜੀ ਸਿੱਖਿਆ

**"ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥**
**ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥"**

(ਭਾਵ: ਹੇ ਪ੍ਰਭੂ! ਨਾ ਮੈਂ ਜਤੀ ਹਾਂ, ਨਾ ਮੈਂ ਸਤੀ ਹਾਂ, ਨਾ ਹੀ ਮੈਂ ਪੜ੍ਹਿਆ ਹੋਇਆ ਹਾਂ, ਮੇਰਾ ਜੀਵਨ ਤਾਂ ਮੂਰਖ ਬੇਸਮਝਾਂ ਵਾਲਾ ਬਣਿਆ ਹੋਇਆ ਹੈ ਭਾਵ, ਜਤ, ਸਤ ਅਤੇ ਵਿੱਦਿਆ ਇਸ ਤ੍ਰਿਸ਼ਨਾ ਦੀ ਅੱਗ ਅਤੇ ਮੋਹ ਦੇ ਚਿੱਕੜ ਵਿਚ ਡਿਗਣੋਂ ਬਚਾ ਨਹੀਂ ਸਕਦੇ। ਜੇ ਮਨੁੱਖ ਪ੍ਰਭੂ ਨੂੰ ਭੁਲਾ ਦੇਵੇ, ਤਾਂ ਜਤ ਸਤ ਵਿੱਦਿਆ ਦੇ ਹੁੰਦਿਆਂ ਭੀ ਮਨੁੱਖ ਦੀ ਜ਼ਿੰਦਗੀ ਮਹਾਮੂਰਖਾਂ ਵਾਲੀ ਹੁੰਦੀ ਹੈ । ਸੋ, ਨਾਨਕ ਬੇਨਤੀ ਕਰਦਾ ਹੈ – ਹੇ ਪ੍ਰਭੂ! ਮੈਨੂੰ ਉਹਨਾਂ ਗੁਰਮੁਖਾਂ ਦੀ ਸ਼ਰਨ ਵਿਚ ਰੱਖ, ਜਿਨ੍ਹਾਂ ਨੂੰ ਤੂੰ ਨਹੀਂ ਭੁੱਲਿਆ ਜਿਨ੍ਹਾਂ ਨੂੰ ਤੇਰੀ ਯਾਦ ਨਹੀਂ ਭੁੱਲੀ।)

ਜਿਵੇਂ ਕਿ ਆਪਾਂ ਉੱਪਰ ਪੜ੍ਹਿਆ ਹੈ ਕਿ ਜੇ ਮਨੁੱਖ ਪ੍ਰਭੂ ਨੂੰ ਭੁਲਾ ਦੇਵੇ, ਤਾਂ ਜਤ ਸਤ ਵਿੱਦਿਆ ਦੇ ਹੁੰਦਿਆਂ ਭੀ ਮਨੁੱਖ ਦੀ ਜ਼ਿੰਦਗੀ ਮਹਾਮੂਰਖਾਂ ਵਾਲੀ ਹੁੰਦੀ ਹੈ । ਇਸ ਲਈ ਅਸੀਂ ਅਰਦਾਸ ਕਰਨੀ ਹੈ ਕਿ ਹੇ ਵਾਹਿਗੁਰੂ ਜੀ! ਨਾ ਮੈਂ ਜਤੀ ਹਾਂ, ਨਾ ਮੈਂ ਸਤੀ ਹਾਂ, ਨਾ ਹੀ ਮੈਂ ਪੜ੍ਹਿਆ ਹੋਇਆ ਹਾਂ, ਮੇਰਾ ਜੀਵਨ ਤਾਂ ਮੂਰਖਾ ਬੇਸਮਝਾਂ ਵਾਲਾ ਬਣਿਆ ਹੋਇਆ ਹੈ ਪਰ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਉਨ੍ਹਾਂ ਗੁਰਮੁਖਾਂ ਦੀ ਸ਼ਰਨ ਵਿਚ ਰਖੋ ਜਿਨ੍ਹਾਂ ਨੂੰ ਤੁਸੀਂ ਕਦੇ ਵੀ ਨਹੀਂ ਭੁੱਲਦੇ। ਯਥਾ :

**"ਜਿਨੀ ਗੁਰਮੁਖਿ ਨਾਮੁ ਸਲਾਹਿਆ**
**ਤਿਨਾ ਸਭ ਕੋ ਕਹੈ ਸਾਬਾਸਿ ॥**
**ਤਿਨ ਕੀ ਸੰਗਤਿ ਦੇਹਿ ਪ੍ਰਭ**
**ਮੈ ਜਾਚਿਕ ਕੀ ਅਰਦਾਸਿ ॥"** (ਅੰਗ : ੪੨)

## ਆਸਾ ਮਹਲਾ ੫ ॥

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥**
**ਸਰੰਜਾਮਿ ਲਾਗੁ ਭਵਜਲ ਤਰਨ ਕੈ ॥**
**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥**
**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥**
**ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**
**ਕਹੁ ਨਾਨਕ ਹਮ ਨੀਚ ਕਰੰਮਾ ॥**
**ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥**

**ਪਦ ਅਰਥ: ਭਈ ਪਰਾਪਤਿ**–ਮਿਲੀ ਹੈ। **ਦੇਹੁਰੀਆ**–ਸੋਹਣੀ ਦੇਹ, ਸੋਹਣਾ ਸਰੀਰ। **ਮਾਨੁਖ ਦੇਹੁਰੀਆ**–ਸੋਹਣਾ ਮਨੁੱਖਾ ਸਰੀਰ। **ਬਰੀਆ**–ਵਾਰੀ, ਮੌਕਾ, ਸਮਾਂ। **ਅਵਰਿ**–ਹੋਰ ਸਾਰੇ {**ਅਵਰੁ**–ਇਕ–ਵਚਨ। **ਅਵਰਿ**–ਬਹੁ–ਵਚਨ}। **ਭਜੁ**–ਯਾਦ ਕਰ, ਸਿਮਰ।੧।

**ਸਰੰਜਾਮਿ**–ਇੰਤਜ਼ਾਮ ਵਿਚ, ਆਹਰ ਵਿਚ। **ਲਾਗੁ**–ਲੱਗ। **ਭਵਜਲ**–ਸੰਸਾਰ–ਸਮੁੰਦਰ। **ਤਰਨ ਕੈ** –ਪਾਰ ਲੰਘਣ ਦੇ । **ਬ੍ਰਿਥਾ**–ਵਿਅਰਥ। **ਜਾਤ**–ਜਾ ਰਿਹਾ ਹੈ। **ਰੰਗਿ**–ਪਿਆਰ ਵਿਚ।੧। ਰਹਾਉ।

**ਜਪੁ**–ਸਿਮਰਨ। **ਤਪੁ**–ਸੇਵਾ ਆਦਿਕ ਉੱਦਮ। **ਸੰਜਮੁ**–ਮਨ ਨੂੰ ਵਿਕਾਰਾਂ ਵਲੋਂ ਰੋਕਣ ਦਾ ਚੰਗੀ ਤਰ੍ਹਾਂ ਆਹਰ। **ਸਾਧੂ**–ਗੁਰੂ। **ਸੇਵਾ ਹਰਿ ਰਾਇਆ**–ਮਾਲਕ ਪ੍ਰਭੂ ਦੀ ਸੇਵਾ ਤੇ ਸਿਮਰਨ। **ਕਹੁ**–ਆਖ। **ਨਾਨਕ**–ਹੇ ਨਾਨਕ! **ਹਮ**–ਅਸੀਂ ਜੀਵ। **ਨੀਚ ਕਰੰਮਾ**–ਮੰਦ–ਕਰਮੀ। **ਸਰਮਾ**–ਸਰਮ, ਲਾਜ।੨।

**ਅਰਥ** : ਹੇ ਭਾਈ! ਤੈਨੂੰ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ। ਪਰਮਾਤਮਾ ਨੂੰ ਮਿਲਣ ਦਾ ਤੇਰੇ ਲਈ ਇਹੀ ਮੌਕਾ ਹੈ। ਜੇ ਪ੍ਰਭੂ ਨੂੰ ਮਿਲਣ ਲਈ ਕੋਈ ਉੱਦਮ ਨਾਹ ਕੀਤਾ, ਤਾਂ ਹੋਰ ਸਾਰੇ ਕੰਮ ਤੇਰੇ ਆਪਣੇ ਕਿਸੇ ਭੀ ਅਰਥ ਨਹੀ ਅਰਥਾਤ ਤੇਰੀ ਜਿੰਦ ਨੂੰ ਕੋਈ ਲਾਭ ਨਹੀਂ ਅਪੜਾਣਗੇ । ਇਸ ਵਾਸਤੇ ਸਾਧ ਸੰਗਤਿ ਵਿਚ ਮਿਲ ਬੈਠਿਆ ਕਰ। ਸਾਧ ਸੰਗਤਿ ਵਿਚ ਬੈਠ ਕੇ ਸਿਰਫ਼

ਪਰਮਾਤਮਾ ਦਾ ਨਾਮ ਸਿਮਰਿਆ ਕਰ। ਸਾਧ ਸੰਗਤਿ ਵਿਚ ਬੈਠਣ ਦਾ ਭੀ ਤਦੋਂ ਹੀ ਲਾਭ ਹੈ ਜੇ ਉਥੇ ਤੂੰ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਿਚ ਜੁੜੇਂ ।੧।

ਹੇ ਭਾਈ! ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਦੇ ਭੀ ਆਹਰੇ ਲੱਗ। ਨਿਰੇ ਮਾਇਆ ਦੇ ਪਿਆਰ ਵਿਚ ਮਨੁੱਖਾ ਜਨਮ ਵਿਅਰਥ ਜਾ ਰਿਹਾ ਹੈ।੧। ਰਹਾਉ।

ਅਖੀਰਲੇ ਪਦੇ ਵਿਚ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਨਾ ਮੈਂ ਜਪੁ, ਨਾ ਤਪੁ, ਨਾ ਸੰਜਮ ਦੀ ਕਮਾਈ ਕੀਤੀ ਹੈ ਅਤੇ ਕੁਝ ਵੀ ਉਦਮ ਨਹੀਂ ਕਰ ਸਕਿਆ। ਅਰਦਾਸ ਕਰਨ ਦੀ ਜੁਗਤਿ ਸਮਝਾਉਂਦਿਆਂ ਹੋਇਆਂ ਕਹਿੰਦੇ ਹਨ ਹੇ ਪ੍ਰਭੂ ਜੀ! ਤੁਹਾਡੀ ਸ਼ਰਨ ਵਿਚ ਆਇਆ ਹਾਂ, ਮੇਰੀ ਲਾਜ ਰੱਖੋ।

# ਸਿੱਖਿਆਵਾਂ

## ਪਹਿਲੀ ਸਿੱਖਿਆ

**"ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥"**
**ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥**

(ਹੇ ਭਾਈ! ਤੈਨੂੰ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ। ਪਰਮਾਤਮਾ ਨੂੰ ਮਿਲਣ ਦਾ ਤੇਰੇ ਲਈ ਇਹੀ ਮੌਕਾ ਹੈ। ਜੇ ਪ੍ਰਭੂ ਨੂੰ ਮਿਲਣ ਲਈ ਕੋਈ ਉੱਦਮ ਨਾਹ ਕੀਤਾ, ਤਾਂ ਹੋਰ ਸਾਰੇ ਕੰਮ ਤੇਰੇ ਆਪਣੇ ਕਿਸੇ ਭੀ ਅਰਥ ਨਹੀਂ, ਤੇਰੀ ਜਿੰਦ ਨੂੰ ਕੋਈ ਲਾਭ ਨਹੀਂ ਅਪੜਾਣਗੇ । ਇਸ ਵਾਸਤੇ ਸਾਧ ਸੰਗਤਿ ਵਿਚ ਮਿਲ ਬੈਠਿਆ ਕਰ। ਸਾਧ ਸੰਗਤਿ ਵਿਚ ਬੈਠ ਕੇ ਸਿਰਫ਼ ਪਰਮਾਤਮਾ ਦਾ ਨਾਮ ਸਿਮਰਿਆ ਕਰ। ਸਾਧ ਸੰਗਤਿ ਵਿਚ ਬੈਠਣ ਦਾ ਭੀ ਤਦੋਂ ਹੀ ਲਾਭ ਹੈ ਜੇ ਉਥੇ ਤੂੰ ਪਰਮਾਤਮਾ ਦੀ ਸਿਫ਼ਤਿ-ਸਾਲਹ ਵਿਚ ਜੁੜੇਂ )

ਮਨੁੱਖੀ ਜੀਵਨ ਦਾ ਪ੍ਰਯੋਜਨ ਵੱਖ-ਵੱਖ ਮਤਾਂ ਦਾ ਵੱਖਰਾ ਵੱਖਰਾ ਹੈ। ਐਵੋਲੀਊਸ਼ਨ (Evolution) ਭਾਵ ਵਿਕਾਸ ਵਾਲੇ ਆਖਦੇ ਹਨ ਕਿ 'ਜੀਵਨ ਮਨੋਰਥ' ਹੈ 'ਵਿਕਾਸ ਕਰਨਾ'। ਨਾਸਤਕ ਇਹ ਆਖਦੇ ਹਨ "Eat, drink & be merry" ਭਾਵ "ਖਾਓ, ਪੀਓ ਤੇ ਮੌਜਾਂ ਮਾਣੋ"। ਸਮਾਜਵਾਦੀ ਇਹ ਆਖਦੇ ਹਨ ਕਿ 'ਜੀਵਨ ਮਨੋਰਥ' ਹੈ- "ਗੁੱਲੀ, ਜੁੱਲੀ ਤੇ ਕੁੱਲੀ" (ਅਰਥਾਤ ਰੋਟੀ, ਕਪੜਾ ਤੇ ਮਕਾਨ) । ਵਿਦਵਾਨ ਖੋਜੀਆਂ ਦਾ 'ਜੀਵਨ ਮਨੋਰਥ' ਕੇਵਲ ਖੋਜ ਕਰਨੀ ਹੈ ਅਰਥਾਤ ਸਰੀਰਕ ਸੁੱਖਾਂ ਲਈ ਨਵੀਆਂ ਕਾਢਾਂ, ਖੋਜਾਂ ਕਰਨੀਆਂ।

ਪਰ ਸਿੱਖ ਧਰਮ ਵਿਚ ਗੁਰਮਤਿ ਅਨੁਸਾਰ ਜੀਵਨ ਦਾ ਇਕੋ-ਇਕ ਮਨੋਰਥ ਗੁਰੂ ਦੀ ਸ਼ਰਨ ਵਿਚ ਰਹਿ, ਪਰਮੇਸ਼ਰ ਦੀ ਸਿਫਤਿ ਸਾਲਾਹ ਕਰਦਿਆਂ, ਸਚਿਆਰ ਜੀਵਨ ਜਿਉਂਦਿਆਂ, ਰੱਬ ਜੀ ਵਿਚ ਸਮਾਈ ਕਰਨ ਦਾ ਹੈ ਕਿਉਂਕਿ ਮਨੁੱਖਾ ਦੇਹੀ ਸਾਨੂੰ ਕਈ ਜੂਨਾਂ ਵਿਚੋਂ ਨਿਕਲਣ ਤੋਂ ਬਾਅਦ ਪ੍ਰਾਪਤ ਹੋਈ ਹੈ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ:

**"ਕਈ ਜਨਮ ਭਏ ਕੀਟ ਪਤੰਗਾ॥**
**ਕਈ ਜਨਮ ਗਜ ਮੀਨ ਕੁਰੰਗਾ॥**
**ਕਈ ਜਨਮ ਪੰਖੀ ਸਰਪ ਹੋਇਓ॥**
**ਕਈ ਜਨਮ ਹੈਵਰ ਬ੍ਰਿਖ ਜੋਇਓ॥**
**ਮਿਲੁ ਜਗਦੀਸ ਮਿਲਨ ਕੀ ਬਰੀਆ॥**
**ਚਿਰੰਕਾਲ ਇਹ ਦੇਹ ਸੰਜਰੀਆ॥"**

(ਭਾਵ: ਕਈ ਜਨਮ ਤੇਰੀ ਰੂਹ ਕੀੜੇ, ਪਤੰਗੇ, ਹਾਥੀ, ਮੱਛੀ, ਹਿਰਨ ਵਿਚੋਂ ਲੰਘ ਕੇ ਆਈ ਹੈ। ਕਈ ਜਨਮ ਤੇਰੀ ਰੂਹ ਪੰਖੀ, ਸਰਪ, ਘੋੜੇ ਤੇ ਬਲਦਾਂ ਦੀ ਜੂਨ ਵਿਚੋਂ ਲੰਘ ਕੇ ਆਈ

ਹੈ। ਤੂੰ ਚਉਰਾਸੀ ਲੱਖ ਜੂਨਾਂ ਦਾ ਗੇੜ ਕੱਟ ਕੇ ਆਇਆ ਹੈਂ ਤੇ ਬੜੇ ਚਿਰਾਂ ਮਗਰੋਂ ਇਹ ਮਨੁੱਖਾ ਦੇਹੀ ਮਿਲੀ ਹੈ, ਤਾਂ ਉਸ ਜਗਤ ਦੇ ਮਾਲਕ ਨੂੰ ਮਿਲ ਕੇ, ਵਿਛੜੀ ਰੂਹ ਨੂੰ ਸੁਖੀ ਕਰ ਲੈ ਤੇ ਉਸੇ ਵਿਚ ਲੀਨ ਹੋ ਜਾ।)

ਇਨ੍ਹਾਂ ਜੂਨਾਂ ਵਿਚੋਂ ਲੰਘਣ ਤੋਂ ਬਾਅਦ ਗੁਰਦੇਵ ਪਿਤਾ ਨੇ ਸਾਨੂੰ ਮਨੁੱਖਾ ਦੇਹ ਦੀ ਬਖਸ਼ਸ਼ ਕੀਤੀ। ਪਰਮੇਸ਼ਰ ਦੇ ਮਿਲਾਪ ਲਈ ਮਨੁੱਖੀ ਦੇਹ ਪਉੜੀ ਦਾ ਅਖੀਰਲਾ ਡੰਡਾ ਹੈ ਜਿਸ ਉੱਤੇ ਚੜ੍ਹ ਕੇ ਅਸੀਂ ਰੱਬ ਦੇ ਘਰ ਵਿਚ ਪ੍ਰਵੇਸ਼ ਕਰ ਸਕਦੇ ਹਾਂ ਪਰ ਹੈਰਾਨਗੀ ਦੀ ਗੱਲ ਇਹ ਹੈ ਕਿ ਅਸੀਂ ਇਸ ਅਸਲ ਜੀਵਨ ਮਨੋਰਥ ਨੂੰ ਭੁੱਲ ਕੇ ਹੋਰ ਸੰਸਾਰਕ ਮਨੋਰਥਾਂ ਵਿਚ ਹੀ ਉਲਝ ਕੇ ਰਹਿ ਜਾਂਦੇ ਹਾਂ। ਗੁਰੂ ਸਾਹਿਬ ਸਾਨੂੰ ਗ਼ਫ਼ਲਤ ਦੀ ਨੀਂਦ ਤੋਂ ਜਗਾਉਂਦਿਆਂ ਹੋਇਆਂ ਵਾਰ ਵਾਰ ਚੇਤਾ ਕਰਵਾਉਂਦੇ ਹਨ ਕਿ ਜੇ ਤੂੰ ਹੁਣ ਉਸ ਅਕਾਲ ਪੁਰਖ ਦੀ ਪ੍ਰਾਪਤੀ ਅਤੇ ਨਾਮ ਜਪਣ ਵਾਲੇ ਕੰਮ ਤੋਂ ਖੁੰਝ ਗਿਆ ਤਾਂ ਫਿਰ ਦੁਬਾਰਾ ਤੈਨੂੰ ਇਹ ਮਨੁੱਖਾ ਜਨਮ ਨਹੀਂ ਮਿਲਣਾ। ਇਸ ਲਈ ਹੇ ਮਨੁੱਖ! ਤੂੰ ਜਾਗ! **"ਜਾਗੁ ਰੇ ਮਨ ਜਾਗਨਹਾਰੇ॥ ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ॥"**

ਇਸ ਸੰਬੰਧ ਵਿਚ ਹੋਰ ਵੀ ਅਨੇਕਾਂ ਗੁਰਬਾਣੀ ਫੁਰਮਾਨ ਹਨ ਜਿਨ੍ਹਾਂ ਵਿਚੋਂ ਕੁਝ ਕੁ ਗੁਰਬਾਣੀ ਫੁਰਮਾਨ ਇੱਥੇ ਦਿੱਤੇ ਜਾ ਰਹੇ ਹਨ:-

**"ਦੁਲਭ ਦੇਹ ਪਾਈ ਵਡਭਾਗੀ॥
ਨਾਮੁ ਨ ਜਪਹਿ ਤੇ ਆਤਮ ਘਾਤੀ॥
ਮਰਿ ਨ ਜਾਹੀ ਜਿਨਾ ਬਿਸਰਤ ਰਾਮ॥
ਨਾਮ ਬਿਹੂਨ ਜੀਵਨ ਕਉਨ ਕਾਮ॥"** (ਅੰਗ:੧੮੮)

**"ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥"** (ਅੰਗ:੬੩੨)

**"ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ॥
ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ॥"** (ਅੰਗ:੫੦)

**ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥
ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥
ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥** (ਅੰਗ:੪੫੦)

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਵੱਡੇ ਭਾਗਾਂ ਨਾਲ ਪ੍ਰਾਪਤ ਹੋਇਆ ਇਹ ਮਨੁੱਖਾ ਜਨਮ ਕੇਵਲ ਸਰੀਰਕ ਜ਼ਰੂਰਤਾਂ ਨੂੰ ਪੂਰਾ ਕਰਨ ਵਿਚ ਹੀ ਨਹੀਂ ਬਤੀਤ ਕਰਨਾ ਬਲਕਿ ਆਪਣੇ ਜੀਵਨ ਮਨੋਰਥ ਨੂੰ ਯਾਦ ਰਖਦਿਆਂ ਹੋਇਆਂ ਪ੍ਰਭੂ ਪ੍ਰਾਪਤੀ ਲਈ ਹਰ ਹਾਲਤ ਵਿਚ ਗੁਰਮਤਿ ਮਾਰਗ ਤੇ ਚੱਲ ਕੇ ਜੀਵਨ ਯਾਤਰਾ ਸਫਲ ਕਰਨੀ ਹੈ ਕਿਉਂਕਿ ਅਗਲੀ ਪੰਕਤੀ ਵਿਚ ਹੀ ਗੁਰਦੇਵ ਪਿਤਾ ਨੇ ਫੁਰਮਾਇਆ ਹੈ:

**"ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥"**

ਅਰਥਾਤ ਹੇ ਬੰਦੇ! ਜਿਹੜਾ ਤੂੰ ਆਪਣੇ ਆਪ ਨੂੰ ਹੋਰ ਕੰਮਾਂ ਵਿਚ ਉਲਝਾ ਕੇ ਰਖਿਆ ਹੋਇਆ ਹੈ, ਇਹ ਹੋਰ ਕੰਮ ਸਿਰਫ ਤੇਰੇ ਸਰੀਰ ਨਾਲ ਸੰਬੰਧਿਤ ਹੀ ਹਨ ਅਤੇ ਇਨ੍ਹਾਂ ਨਾਲ ਤੇਰੀ ਆਤਮਾ ਨੂੰ ਕੋਈ ਲਾਭ ਨਹੀਂ ਪਹੁੰਚੇਗਾ। ਯਾਦ ਰੱਖ! ਕਿ ਤੂੰ ਸਰੀਰ ਨਹੀਂ ਬਲਕਿ ਇਕ ਆਤਮਾ ਹੈ ਅਤੇ ਸਰੀਰ ਛੱਡਣ ਤੋਂ ਬਾਅਦ ਜੋ ਤੇਰੀ ਆਤਮਾ ਲਈ ਕੰਮ ਆਉਣ ਵਾਲੀ ਚੀਜ਼ ਹੈ ਉਹ ਹੈ 'ਪ੍ਰਭੂ ਦਾ ਨਾਮ' ਅਤੇ 'ਸਾਧ ਸੰਗਤਿ' ਵਿਚ ਕੀਤੀ ਹੋਈ ਨਾਮ ਦੀ ਕਮਾਈ। ਇਸ ਸੰਬੰਧ ਵਿਚ ਮੈਂ ਤੁਹਾਡਾ ਧਿਆਨ ਹੇਠ ਲਿਖੀ ਉਦਾਹਰਣ ਵੱਲ ਦਿਵਾਉਂਦਾ ਹਾਂ:-

ਮੰਨ ਲਉ ਕਿ ਕੋਈ ਕੰਪਨੀ ਵਾਲੇ ਆਪਣੇ ਮੁਲਾਜ਼ਮ ਨੂੰ ਵਿਦੇਸ਼ ਵਿਚ ਕਿਸੇ ਖਾਸ ਕੰਮ ਦੀ ਪੂਰਤੀ ਲਈ, ਮਿੱਥੇ ਸਮੇਂ ਲਈ ਭੇਜਣ। ਪਰ ਉਹ ਬੰਦਾ ਵਿਦੇਸ਼ ਜਾ ਕੇ ਆਪਣੀ ਕੰਪਨੀ ਦੇ ਅਸਲੀ ਕੰਮ ਨੂੰ ਭੁੱਲ ਹੀ ਜਾਵੇ ਅਤੇ ਸਾਰਾ ਸਮਾਂ ਹੋਰ ਹੋਰ ਕਾਰਜਾਂ ਵਿਚ, ਐਸ਼-ਅਰਾਮ ਕਰਕੇ ਹੀ ਬਿਤਾ ਦੇਵੇ ਅਤੇ ਮਿੱਥੇ ਸਮੇਂ ਦੇ ਖਤਮ ਹੋਣ ਤੋਂ ਬਾਅਦ ਜਦੋਂ ਉਹ ਆਪਣੇ ਦੇਸ਼ ਵਿਚ ਪਰਤ ਕੇ ਆਵੇਗਾ ਤਾਂ ਉਸ ਦੀ ਕੰਪਨੀ ਵਾਲੇ ਉਸ ਨੂੰ ਆਉਂਦਿਆਂ ਸਾਰ ਹੀ ਪੁੱਛਣਗੇ ਕਿ ਤੈਨੂੰ ਜਿਸ ਕੰਮ ਲਈ ਭੇਜਿਆ ਸੀ ਤੂੰ ਉਹ ਪੂਰਾ ਕੀਤਾ ਹੈ ਕਿ ਨਹੀਂ? ਜੇ ਉਸ ਨੇ ਪੂਰਾ ਨਹੀਂ ਕੀਤਾ ਹੋਵੇਗਾ ਤਾਂ ਕੰਪਨੀ ਵਾਲੇ ਉਸ ਨੂੰ ਨੌਕਰੀ ਤੋਂ ਹੀ ਨਹੀਂ ਕੱਢਣਗੇ ਬਲਕਿ ਸਜ਼ਾ ਵੀ ਦੇਣਗੇ। ਇਸੇ ਹੀ ਤਰ੍ਹਾਂ ਸਾਨੂੰ ਵੀ ਪਰਮਾਤਮਾ ਨੇ ਮਿੱਥੇ ਸਮੇਂ ਲਈ ਹੀ ਸ੍ਰਿਸ਼ਟੀ ਤੇ ਭੇਜਿਆ ਹੈ ਤੇ ਨਾਲ ਹੀ ਇਹ ਕਹਿ ਕੇ ਭੇਜਿਆ ਹੈ ਕਿ:

**"ਭਜਹੁ ਗੋੁਬਿੰਦ ਭੂਲਿ ਮਤ ਜਾਹੁ॥**
**ਮਾਨਸ ਜਨਮ ਕਾ ਏਹੀ ਲਾਹੁ॥" (ਅੰਗ:੧੧੫੯)**

ਹੁਣ ਸਵਾਲ ਇਹ ਪੈਦਾ ਹੋਵੇਗਾ ਕਿ ਉਹ 'ਨਾਮੁ' ਜਿਸ ਨੇ ਮੇਰੇ ਨਾਲ ਜਾਣਾ ਹੈ ਉਹ ਮੈਨੂੰ ਪ੍ਰਾਪਤ ਕਿਥੋਂ ਹੋਵੇਗਾ? ਤਾਂ ਜਵਾਬ ਹੈ ਕਿ ਉਹ ਮੈਨੂੰ ਪ੍ਰਾਪਤ ਹੋਵੇਗਾ - ਸਤਿਗੁਰੂ ਜੀ ਤੋਂ ਉਨ੍ਹਾਂ ਦੀ ਨਦਰਿ ਦੁਆਰਾ। ਇਸ 'ਨਾਮੁ' ਦਾ ਵਾਪਾਰ ਹੋਵੇਗਾ 'ਸਾਧਸੰਗਤਿ' ਵਿਚੋਂ ਜਿਹੜੀ ਕਿ ਗੁਰੂ ਦੀ ਪਾਠਸ਼ਾਲਾ ਹੈ ਅਤੇ ਜਿਥੇ ਬੈਠ ਕੇ ਅਸੀਂ ਸਤਿਗੁਰੂ ਜੀ ਦੇ ਗੁਣਾਂ ਨੂੰ ਸਿੱਖਦੇ ਹਾਂ।

**ਯਥਾ: "ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥" (ਅੰਗ:੧੩੧੬)**

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਆਪਣਾ ਸਾਰਾ ਸਮਾਂ ਦੁਨਿਆਵੀ ਪਦਾਰਥਾਂ ਵਿਚ ਖਚਿਤ ਹੋ ਕੇ ਨਹੀਂ ਬਿਤਾਉਣਾ ਬਲਕਿ ਨਾਮ ਦੇ ਧਨ ਨੂੰ ਇਕੱਠਾ ਕਰਨ ਦਾ ਉਦਮ ਵੀ ਕਰਨਾ ਹੈ।

ਸਵਾਲ ਕਰਨ ਵਾਲੇ ਸਵਾਲ ਕਰਨਗੇ ਕਿ ਅਸੀਂ ਗ੍ਰਹਿਸਥੀ ਹਾਂ, ਆਪਣੇ ਕੰਮ ਧੰਦੇ ਵੀ ਕਰਨੇ ਹਨ ਤਾਂ ਫਿਰ ਨਾਮ ਜਪਣ ਲਈ ਅਤੇ ਸਾਧ ਸੰਗਤ ਵਿਚ ਜਾਣ ਲਈ ਕਿਵੇਂ ਸਮਾਂ ਕੱਢ ਸਕਦੇ ਹਾਂ। ਇਸ ਦੇ ਜਵਾਬ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੁਆਰਾ ਦੱਸੀ ਹੇਠ ਲਿਖੀ ਜੁਗਤਿ ਬਹੁਤ ਕਾਰਗਾਰ ਸਿੱਧ ਹੋ ਸਕਦੀ ਹੈ :-

ਇਕ ਵਾਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਕੋਲ ਕਿਸੇ ਬੰਦੇ ਨੇ ਜਾ ਕੇ ਕਿਹਾ ਕਿ ਮੇਰਾ ਮਨ ਨਾਮ ਸਿਮਰਨ ਲਈ ਤਾਂ ਬਹੁਤ ਕਰਦਾ ਹੈ ਪਰ ਮੇਰੇ ਕੋਲ ਵਕਤ ਨਹੀਂ ਹੁੰਦਾ ਤੇ ਮੈਂ ਨਾਮ ਸਿਮਰਨ ਕਿਵੇਂ ਕਰ ਸਕਦਾ ਹਾਂ? ਤਾਂ ਭਾਈ ਸਾਹਿਬ ਨੇ ਕਿਹਾ ਕਿ ਤੁਸੀਂ ਜੋ ਵੀ ਕੰਮ ਕਰਦੇ ਹੋ ਜਾਂ ਜਿੱਥੇ ਵੀ ਜਾਂਦੇ ਹੋ, ਉਥੇ ਆਉਣ-ਜਾਣ ਦੇ ਸਮੇਂ ਵਿਚ ਹੀ ਪਰਮਾਤਮਾ ਦਾ ਸਿਮਰਨ ਕਰ ਲਿਆ ਕਰੋ। ਉਸ ਨੇ ਇਸੇ ਤਰ੍ਹਾਂ ਹੀ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਉਹ ਕੰਮ ਤੇ ਜਾਂਦਾ ਜਾਂ ਆਉਂਦਾ, ਉਹ ਸਿਮਰਨ ਕਰਦਾ ਰਹਿੰਦਾ। ਹੌਲੀ ਹੌਲੀ ਉਸ ਦੀ ਸੁਆਸ ਸੁਆਸ ਨਾਮ ਜਪਣ ਦੀ ਆਦਤ ਪੱਕ ਗਈ ਤੇ ਉਸ ਨੂੰ ਨਾਮ ਰਸ ਮਿੱਠਾ ਲੱਗਣ ਲੱਗ ਪਿਆ।

ਇਸੇ ਹੀ ਤਰੀਕੇ ਨਾਲ ਜੇ ਕੋਈ ਵਿਦਿਆਰਥੀ ਸਕੂਲ ਜਾਣ ਦੇ ਸਮੇਂ ਅਤੇ ਸਕੂਲ ਤੋਂ ਘਰ ਵਾਪਸ ਆਉਣ ਲੱਗਿਆਂ 'ਵਾਹਿਗੁਰੂ' 'ਵਾਹਿਗੁਰੂ' ਨੂੰ ਰਸਨਾ ਨਾਲ ਜਪ ਕੇ ਕੰਨਾਂ ਨਾਲ ਸੁਣਨਾ ਸ਼ੁਰੂ ਕਰ ਦੇਵੇ ਤਾਂ ਉਸ ਦਾ ਸਮਾਂ ਸਿਮਰਨ ਦੁਆਰਾ ਸਫਲ ਹੋ ਜਾਏਗਾ ਅਤੇ ਇਕ ਦਿਨ ਗੁਰਪ੍ਰਸਾਦਿ ਦਾ ਸਦਕਾ ਨਾਮ ਉਸ ਦੇ ਹਿਰਦੇ ਵਿਚ ਵੱਸ ਜਾਏਗਾ। ਇਸੇ ਹੀ ਤਰੀਕੇ ਨਾਲ ਬਾਕੀ ਬੰਦੇ ਵੀ ਜਦੋਂ ਕੰਮ ਧੰਦੇ ਕਰਦੇ ਕਰਦੇ ਵਿਹਲੇ ਹੁੰਦੇ ਹਨ ਤਾਂ ਵਿਹਲੇ ਸਮੇਂ ਦੀਆਂ ਵਿੱਥਾਂ ਨੂੰ ਬਜਾਇ Whats app, Facebook ਆਦਿ ਦੇ ਬਰਬਾਦ ਕਰਨ ਦੀ ਜਗ੍ਹਾ ਜੇ ਨਾਮ ਸਿਮਰਨ ਤੇ ਲਗਾ ਦੇਣ ਤਾਂ ਉਨ੍ਹਾਂ ਦਾ ਜੀਵਨ ਸਫਲ ਹੋ ਸਕਦਾ ਹੈ।

**ਇਸ ਲਈ ਸਾਨੂੰ ਵੀ ਚਾਹੀਦਾ ਹੈ ਕਿ ਜਦੋਂ ਵੀ ਸਾਨੂੰ ਸਮਾਂ ਮਿਲੇ 'ਵਾਹਿਗੁਰੂ' ਦਾ ਸਿਮਰਨ ਕਰੀਏ ਤੇ ਪਰਮਾਤਮਾ ਦੇ ਨਾਮ ਵਿਚ ਜੁੜੀਏ। ਵਾਹਿਗੁਰੂ ਦਾ ਸਿਮਰਨ ਕਰਨ ਲੱਗਿਆਂ ਅਸੀਂ ਰਸਨਾ ਨਾਲ 'ਵਾਹਿਗੁਰੂ' ਸ਼ਬਦ ਦਾ ਜਾਪ ਕਰਨਾ ਹੈ ਅਤੇ ਫਿਰ ਆਪਣੀ ਰਸਨਾ ਨਾਲ ਇਸ ਬੋਲੇ ਹੋਏ 'ਵਾਹਿਗੁਰੂ' ਨੂੰ ਆਪਣੇ ਕੰਨਾਂ ਨਾਲ ਸੁਣਨਾ ਹੈ ਤਾਂ ਹੀ ਉਹ ਸਫਲ ਕਰਮ ਰੂਪੀ ਸਿਮਰਨ ਹੋਵੇਗਾ।** ਇਸ ਤਰ੍ਹਾਂ ਅਸੀਂ ਗੁਰਬਾਣੀ ਆਸ਼ੇ ਅਨੁਸਾਰ ਆਪਣੇ ਜੀਵਨ ਨੂੰ ਸਫਲ ਕਰਕੇ ਜਾਵਾਂਗੇ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ:-

**"ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ॥" (ਅੰਗ:੭੧੨)**

## ਦੂਜੀ ਸਿੱਖਿਆ

**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**
**ਕਹੁ ਨਾਨਕ ਹਮ ਨੀਚ ਕਰੰਮਾ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥**

ਉਪਰਲੀਆਂ ਪੰਕਤੀਆਂ ਵਿਚ ਪੰਚਮ ਪਿਤਾ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਨਾ ਮੈਂ ਜਪੁ, ਨਾ ਤਪੁ, ਨਾ ਸੰਜਮ ਦੀ ਕਮਾਈ ਕੀਤੀ ਹੈ ਅਤੇ ਕੁਝ ਵੀ ਉਦਮ ਨਹੀਂ ਕਰ ਸਕਿਆ। ਅਰਦਾਸ ਕਰਨ ਦੀ ਜੁਗਤਿ ਸਮਝਾਉਂਦਿਆਂ ਹੋਇਆਂ ਕਹਿੰਦੇ ਹਨ ਹੇ ਪ੍ਰਭੂ ਜੀ! ਤੁਹਾਡੀ ਸ਼ਰਨ ਵਿਚ ਆਇਆ ਹਾਂ, ਮੇਰੀ ਲਾਜ ਰੱਖੋ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਭਾਵੇਂ ਅਸੀਂ ਜਿੰਨਾ ਮਰਜ਼ੀ ਜਪ, ਤਪ, ਸੰਜਮ ਅਤੇ ਸੇਵਾ ਵੀ ਕਿਉਂ ਨਾ ਕਰਦੇ ਹੋਈਏ ਪਰ ਕਦੀ ਵੀ ਇਸ ਦਾ ਮਾਣ ਨਹੀਂ ਕਰਨਾ ਅਤੇ ਇਹੀ ਕਹਿਣਾ ਹੈ ਕਿ ਮੈਂ ਕੁਝ ਵੀ ਕਰਨ ਯੋਗ ਨਹੀਂ, ਤੁਹਾਡੀ ਸ਼ਰਨ ਵਿਚ ਆਇਆਂ ਹਾਂ, ਸ਼ਰਨ ਆਏ ਦੀ ਲਾਜ ਰਖੋ।

# ਕਬਿਯੋਬਾਚ ਬੇਨਤੀ ॥ ਚੌਪਈ ॥ ਪਾ: ੧੦

ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿੱਤ ਕੀ ਇੱਛਾ ॥
ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥
ਹਮਰੇ ਦੁਸਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥
ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿੱਖ ਸਭੈ ਕਰਤਾਰਾ ॥੨॥
ਮੋ ਰੱਛਾ ਨਿਜ ਕਰ ਦੈ ਕਰਿਯੈ ॥ ਸਭ ਬੈਰਨ ਕੋ ਆਜ ਸੰਘਰਿਯੈ ॥
ਪੂਰਨ ਹੋਇ ਹਮਾਰੀ ਆਸਾ ॥ ਤੋਰ ਭਜਨ ਕੀ ਰਹੈ ਪਿਆਸਾ ॥੩॥
ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥ ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥
ਸੇਵਕ ਸਿੱਖ ਹਮਾਰੇ ਤਾਰੀਅਹਿ ॥ ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥੪॥
ਆਪ ਹਾਥ ਦੈ ਮੁਝੈ ਉਬਰਿਯੈ ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥
ਹੂਜੋ ਸਦਾ ਹਮਾਰੇ ਪੱਛਾ ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੫॥
ਰਾਖਿ ਲੇਹੁ ਮੁਹਿ ਰਾਖਨਹਾਰੇ ॥ ਸਾਹਿਬ ਸੰਤ ਸਹਾਇ ਪਿਯਾਰੇ ॥
ਦੀਨ ਬੰਧੁ ਦੁਸਟਨ ਕੇ ਹੰਤਾ ॥ ਤੁਮ ਹੋ ਪੁਰੀ ਚਤੁਰ ਦਸ ਕੰਤਾ ॥੬॥
ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵਜੂ ਅਵਤਰਾ ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਆ ਤਮਾਸਾ ॥੭॥
ਜਵਨ ਕਾਲ ਜੋਗੀ ਸਿਵ ਕੀਓ ॥ ਬੇਦਰਾਜ ਬ੍ਰਹਮਾ ਜੂ ਥੀਓ ॥
ਜਵਨ ਕਾਲ ਸਭ ਲੋਕ ਸਵਾਰਾ ॥ ਨਮਸਕਾਰ ਹੈ ਤਾਹਿ ਹਮਾਰਾ ॥੮॥
ਜਵਨ ਕਾਲ ਸਭ ਜਗਤ ਬਨਾਯੋ ॥ ਦੇਵ ਦੈਤ ਜੱਛਨ ਉਪਜਾਯੋ ॥
ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥੯॥
ਨਮਸਕਾਰ ਤਿਸ ਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥
ਸਿਵਕਨ ਕੋ ਸਿਵਗੁਨ ਸੁਖ ਦੀਓ ॥ ਸਤ੍ਰੁਨ ਕੋ ਪਲ ਮੋ ਬਧ ਕੀਓ ॥੧੦॥
ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥
ਚੀਟੀ ਤੇ ਕੁੰਚਰ ਅਸਥੂਲਾ ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ ॥੧੧॥
ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧੁਨ ਕੇ ਸੁਖੀ ॥
ਏਕ ਏਕ ਕੀ ਪੀਰ ਪਛਾਨੈਂ ॥ ਘਟ ਘਟ ਕੇ ਪਟ ਪਟ ਕੀ ਜਾਨੈਂ ॥੧੨॥
ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥
ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥
ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥ ਆਪੁ ਆਪਨੀ ਬੂਝ ਉਚਾਰੈ ॥
ਤੁਮ ਸਭਹੀ ਤੇ ਰਹਤ ਨਿਰਾਲਮ ॥ ਜਾਨਤ ਬੇਦ ਭੇਦ ਅਰ ਆਲਮ ॥੧੪॥
ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥ ਆਦਿ ਅਨੀਲ ਅਨਾਦਿ ਅਸੰਭ ॥
ਤਾਕਾ ਮੂੜ੍ਹ ਉਚਾਰਤ ਭੇਦਾ ॥ ਜਾਕੋ ਭੇਵ ਨ ਪਾਵਤ ਬੇਦਾ ॥੧੫॥

ਤਾਕੋ ਕਰਿ ਪਾਹਨ ਅਨੁਮਾਨਤ ॥ ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥
ਮਹਾਦੇਵ ਕੋ ਕਹਤ ਸਦਾ ਸਿਵ ॥ ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥
ਆਪੁ ਆਪਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ ਤੇਤੀ ॥
ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥
ਏਕੈ ਰੂਪ ਅਨੂਪ ਸਰੂਪਾ ॥ ਰੰਕ ਭਯੋ ਰਾਵ ਕਹੀ ਭੂਪਾ ॥
ਅੰਡਜ ਜੇਰਜ ਸੇਤਜ ਕੀਨੀ ॥ ਉਤਭੁਜ ਖਾਨਿ ਬਹੁਰ ਰਚਿ ਦੀਨੀ ॥੧੮॥
ਕਹੂੰ ਫੂਲ ਰਾਜਾ ਹ੍ਵੈ ਬੈਠਾ ॥ ਕਹੂੰ ਸਿਮਟਿ ਭਿਯੋ ਸੰਕਰ ਇਕੈਠਾ ॥
ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥ ਆਦਿ ਜੁਗਾਦਿ ਸਰੂਪ ਸੁਯੰਭਵ ॥੧੯॥
ਅਬ ਰੱਛਾ ਮੇਰੀ ਤੁਮ ਕਰੋ ॥ ਸਿੱਖ ਉਬਾਰਿ ਅਸਿੱਖ ਸੰਘਰੋ ॥
ਦੁਸ਼ਟ ਜਿਤੇ ਉਠਵਤ ਉਤਪਾਤਾ ॥ ਸਕਲ ਮਲੇਛ ਕਰੋ ਰਣ ਘਾਤਾ ॥੨੦॥
ਜੇ ਅਸਿਧੁਜ ਤਵ ਸਰਨੀ ਪਰੇ ॥ ਤਿਨਕੇ ਦੁਸ਼ਟ ਦੁਖਿਤ ਹ੍ਵੈ ਮਰੇ ॥
ਪੁਰਖ ਜਵਨ ਪਗ ਪਰੇ ਤਿਹਾਰੇ ॥ ਤਿਨਕੇ ਤੁਮ ਸੰਕਟ ਸਭ ਟਾਰੇ ॥੨੧॥
ਜੋ ਕਲਿ ਕੋ ਇਕ ਬਾਰ ਧਿਐ ਹੈ ॥ ਤਾਕੇ ਕਾਲ ਨਿਕਟਿ ਨਹਿ ਐ ਹੈ ॥
ਰੱਛਾ ਹੋਇ ਤਾਹਿ ਸਭ ਕਾਲਾ ॥ ਦੁਸਟ ਅਰਿਸਟ ਟਰੇਂ ਤਤਕਾਲਾ ॥੨੨॥
ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥ ਤਾਕੇ ਤਾਪ ਤਨਕ ਮੋ ਹਰਿਹੋ ॥
ਰਿੱਧਿ ਸਿੱਧਿ ਘਰ ਮੋਂ ਸਭ ਹੋਈ ॥ ਦੁਸ਼ਟ ਛਾਹ ਛ੍ਵੈ ਸਕੈ ਨ ਕੋਈ ॥੨੩॥
ਏਕ ਬਾਰ ਜਿਨ ਤੁਮੈਂ ਸੰਭਾਰਾ ॥ ਕਾਲ ਫਾਸ ਤੇ ਤਾਹਿ ਉਬਾਰਾ ॥
ਜਿਨ ਨਰ ਨਾਮ ਤਿਹਾਰੋ ਕਹਾ ॥ ਦਾਰਿਦ ਦੁਸਟ ਦੋਖ ਤੇ ਰਹਾ ॥੨੪॥
ਖੜਗ ਕੇਤ ਮੈ ਸਰਣਿ ਤਿਹਾਰੀ ॥ ਆਪ ਹਾਥ ਦੈ ਲੇਹੁ ਉਬਾਰੀ ॥
ਸਰਬ ਠੌਰ ਮੋ ਹੋਹੁ ਸਹਾਈ ॥ ਦੁਸਟ ਦੋਖ ਤੇ ਲੇਹੁ ਬਚਾਈ ॥੨੫॥

**ਨੋਟ :** ਦਸਮ ਗ੍ਰੰਥ ਵਿਚ ਇਸ ਚੌਪਈ ਸਾਹਿਬ ਦੇ ਮੂਲ ਪਾਠ ਵਿਚ ਕੋਈ ਮੰਗਲ ਦਰਜ ਨਹੀਂ ਹੈ। ਇਹ ਚੌਪਈ ੪੦੫ ਵੇਂ ਚਰਿਤਰ ਵਿਚ ਦਰਜ ਹੈ। ਇਸ ਚੌਪਈ ਦਾ ਅਰੰਭਕ ਅੰਕ ੩੭੭ ਵਾਂ ਹੈ।

**ਪਦ ਅਰਥ:** **ਰੱਛਾ**–ਰੱਖਿਆ। **ਹਾਥ ਦੈ**–ਹੱਥ ਦੇ ਕੇ। **ਤਵ ਚਰਨਨ**–ਤੇਰੇ ਚਰਨਾਂ ਵਿਚ। **ਪ੍ਰਤਿਪਾਰਾ**–ਪ੍ਰਤਿਪਾਲਣਾ। **ਦੁਸਟ**–ਬੁਰਾ ਚਿਤਵਣ ਵਾਲੇ, ਦੋਖੀ। **ਘਾਵਹੁ**–ਮੁਕਾਓ। **ਹਾਥ ਦੈ**–ਹੱਥ ਦੇ ਕੇ। **ਮੋਰੋ**–ਮੇਰਾ। **ਕਰਤਾਰਾ**–ਹੇ ਕਰਤਾਰ!, ਹੇ ਅਕਾਲ ਪੁਰਖੁ। **ਨਿਜ**–ਆਪਣਾ। **ਕਰ**–ਹੱਥ। **ਬੈਰਨ**–ਵੈਰੀ, ਦੁਸ਼ਮਣ। **ਕਰਿਯੈ**–ਕੀਜੀਏ,ਕਰੋ ਜੀ। **ਸੰਘਰਿਯੈ**–ਸੰਘਾਰ ਕਰੀਏ, ਮਾਰ ਦਿਓ। **ਤੋਰ**–ਤੇਰੇ। **ਛਾਡਿ**–ਛੱਡ ਕੇ। **ਧਿਆਊਂ**–ਧਿਆਵਾਂ, ਧਿਆਨ ਧਾਰਾਂ। **ਬਰ**–ਵਰ, ਆਸ਼ੀਰਵਾਦ, ਕਾਮਨਾ। **ਸਤ੍ਰੂ**–ਸ਼ਤਰੂ, ਦੁਸ਼ਮਣ। **ਉਬਰਿਯੈ**–ਉਬਾਰ ਲਵੋ, ਬਚਾ ਲਵੋ। **ਮਰਨ ਕਾਲ ਕਾ ਤ੍ਰਾਸ**–ਮਰਨ ਸਮੇਂ ਦਾ ਡਰ ਤੇ ਕਸ਼ਟ। **ਅਸਿਧੁਜ**–ਜਿਸ ਦੇ ਝੰਡੇ ਤੇ ਕ੍ਰਿਪਾਨ ਦਾ ਚਿੰਨ੍ਹ ਹੈ। **ਅਸਿਧੁਜ ਜੂ**–ਮਹਾਂਕਾਲ ਜੀ। **ਹੂਜੋ**–ਹੋ ਜਾਉ ਜੀ। **ਸਾਹਿਬ**–ਮਾਲਕ। **ਸੰਤ ਸਹਾਇ**–ਸੰਤਾਂ ਦੇ ਸਹਾਇ, ਸੰਤਾਂ ਦੀ ਸਹਾਇਤਾ ਕਰਨ ਵਾਲਾ। **ਦੀਨ ਬੰਧੁ**–ਦੀਨਾਂ ਦਾ ਮਿੱਤਰ, ਗਰੀਬਾਂ ਦਾ

ਮਦਦਗਾਰ। **ਦੁਸਟਨ ਕੇ ਹੰਤਾ**-ਦੁਸ਼ਟਾਂ ਨੂੰ ਹੱਤਣ ਵਾਲੇ, ਦੋਖੀਆਂ ਦਾ ਨਾਸ ਕਰਨ ਵਾਲੇ। **ਚਤੁਰਦਸਪੁਰੀ**-ਚੌਦਾਂ ਪੁਰੀਆਂ। **ਕੰਤ**-ਮਾਲਕ, ਸੁਆਮੀ। **ਕਾਲ ਪਾਇ**-ਸਮਾਂ ਪਾ ਕੇ। **ਬਪੁ**-ਸਰੀਰ। **ਜਵਨ ਕਾਲ**-ਜਿਸ ਕਾਲ (ਅਕਾਲ ਪੁਰਖ) ਨੇ। **ਬੇਦ ਰਾਜ**-ਵੇਦਾਂ ਦਾ ਰਾਜਾ, ਰਚਨਹਾਰਾ। **ਸਵਾਰਾ**- ਸਜਾਇਆ, ਨਿਯੰਤਰਤ ਕੀਤਾ। **ਦੇਵ**-ਦੇਵਤੇ। **ਦੈਤ**-ਰਾਕਸ਼। **ਜੱਛਨ**-ਯਕਸ਼-ਦੇਵਤਿਆਂ ਦੀ ਇਕ ਜਾਤੀ। **ਸੋਈ**-ਉਹੀ। **ਸਕਲ**-ਸਾਰੀ, ਸਮੂਹ। **ਪ੍ਰਜਾ**-ਲੁਕਾਈ। **ਸਵਾਰੀ**-ਸਜਾਈ, ਨਿਯਮ-ਬੱਧ ਕੀਤੀ। **ਸਿਵਕਨ**-ਸੇਵਕ। **ਸਿਵਗੁਨ**-ਦੈਵੀ ਗੁਣ, ਸ਼ੁਭ ਗੁਣ। **ਸੱਤ੍ਰਨ**-ਸ਼ਤਰੂ। **ਬਧ ਕੀਓ**-ਮਾਰ ਦਿੱਤਾ। **ਘਟ ਘਟ ਕੇ**-ਹਰੇਕ ਹਿਰਦੇ ਦੀ। **ਪੀਰ**-ਪੀੜਾ। **ਚੀਟੀ**-ਕੀੜੀ। **ਕੁੰਚਰ**-ਹਾਥੀ। **ਸਾਧੁਨ**-ਸੰਤਾਂ। **ਪਟ**-ਪਰਦਾ। **ਉਦਕਰਖ**-ਪਸਾਰ, ਵਿਸਥਾਰ ਕਰਨ ਵਾਲੀ ਸ਼ਕਤੀ ਦਾ ਪ੍ਰਯੋਗ। **ਦੇਹ**-ਸਰੀਰ। **ਆਕਰਖ**-ਆਕਰਖਣ, ਸਮੇਟਣ ਵਾਲੀ ਸ਼ਕਤੀ ਦਾ ਪ੍ਰਯੋਗ। **ਦੇਹ ਧਰ**-ਦੇਹਧਾਰੀ ਜੀਵ। **ਧਰਤ**-ਧਾਰਦੀ ਹੈ। **ਬਦਨ**-ਸਰੀਰ। **ਬੂਝ**-ਸੋਝੀ। **ਨਿਰਾਲਮ**-ਨਿਰਲੇਪ। **ਭੇਦ**-ਰਹੱਸਵਾਦੀ ਪੁਰਸ਼। **ਆਲਮ**-ਗਿਆਨਵਾਨ ਪੁਰਸ਼। **ਨਿਰੰਕਾਰ**-ਨਿਰ-ਆਕਾਰ, ਆਕਾਰ ਤੋਂ ਰਹਿਤ। **ਨ੍ਰਿਬਿਕਾਰ**-ਨਿਰਵਿਕਾਰ, ਵਿਕਾਰਾਂ ਤੋਂ ਰਹਿਤ। **ਨਿਰਲੰਭ**-ਨਿਰ ਅਲੰਭ, ਆਸਰੇ ਤੋਂ ਰਹਿਤ। **ਆਦਿ**-ਮੁੱਢ। **ਅਨੀਲ**-ਰੂਪ ਰੰਗ ਤੋਂ ਰਹਿਤ। **ਅਨਾਦਿ**-ਅਨ ਆਦਿ, ਮੁੱਢ ਤੋਂ ਰਹਿਤ। **ਅਸੰਭ**-ਜਨਮ ਤੋਂ ਰਹਿਤ; ਭਾਵ, ਸੁਤੇ ਪ੍ਰਕਾਸ਼। **ਮੂੜ੍ਹ**-ਮੂਰਖ। **ਭੇਵ**-ਭੇਦ, ਪਾਰ। **ਪਾਹਨ**-ਪੱਥਰ ਮੂਰਤੀ। **ਅਨੁਮਾਨਤ**-ਅਨੁਮਾਨ ਕਰਦਾ ਹੈ, ਅੰਦਾਜ਼ਾ ਲਾਉਂਦਾ ਹੈ, ਸਮਝਦਾ ਹੈ। **ਮਹਾਦੇਵ**-ਸ਼ਿਵਜੀ। **ਸਦਾ ਸ਼ਿਵ**-ਪਰਮਾਤਮਾ। **ਚੀਨਤ ਨਹਿ**-ਪਛਾਣ ਨਹੀਂ ਕਰਦਾ। **ਭਿਵ**-ਭੇਦ। **ਬੁਧਿ**-ਸਮਝ। **ਬਰਨਤ**-ਵਰਨਣ ਕਰਦਾ ਹੈ। **ਅਨੂਪ**-ਅਨੁਪਮ, ਬੇਮਿਸਾਲ। **ਰੰਕ**-ਗਰੀਬ। **ਰਾਵ**-ਰਾਉ, ਅਮੀਰ। **ਭੂਪਾ**-ਭੂਪਤਿ, ਰਾਜਾ। **ਅੰਡਜ**-ਅੰਡੇ ਤੋਂ ਪੈਦਾ ਹੋਣ ਵਾਲੇ ਜੀਵ, ਜਿਹਾ ਕਿ ਪੰਛੀ ਆਦਿ। **ਜੇਰਜ**-ਜੇਰ ਤੋਂ ਪੈਦਾ ਹੋਣ ਵਾਲੇ ਜੀਵ, ਜਿਹਾ ਕਿ ਮਨੁੱਖ ਅਤੇ ਦੁੱਧ ਦੇਣ ਵਾਲੇ ਪਸ਼ੂ ਆਦਿ। **ਸੇਤਜ**-ਮੁੜ੍ਹਕੇ ਪਸੀਨੇ ਤੋਂ ਪੈਦਾ ਹੋਣ ਵਾਲੇ ਜੀਵ, ਜਿਹਾ ਕਿ ਜੂੰ ਆਦਿ। **ਉਤਭੁਜ**-ਧਰਤੀ ਚੋਂ ਉੱਗਣ ਵਾਲੇ ਬੂਟੇ, ਬਨਸਪਤੀ ਆਦਿ। **ਖਾਨਿ**-ਖਾਣੀਆਂ, ਉਤਪਤੀ ਦੇ ਸੋਮੇ। **ਫੂਲ**-ਫੁੱਲ ਕੇ। **ਸਿਮਟਿ**-ਸੁੰਗੜ ਕੇ। **ਅਚੰਭਵ**-ਅਚੰਭਾ, ਤਮਾਸ਼ਾ। **ਸੁਯੰਭਵ**-ਸੈਭੰ, ਸੁਤੇ ਪ੍ਰਕਾਸ਼। **ਰੱਛਾ**-ਰੱਖਿਆ। **ਉਬਾਰਿ**-ਬਚਾ ਕੇ। **ਸੰਘਰੋ**-ਸੰਘਾਰ ਕਰੋ, ਮਾਰ ਮੁਕਾਓ। **ਉਠਵਤ ਉਤਪਾਤਾ**-ਉਠ ਖਲੋਂਦੇ ਹਨ। **ਮਲੇਛ**-ਰਾਖਸ਼ ਬੁੱਧੀ ਵਾਲੇ। **ਘਾਤਾ**-ਨਾਸ਼। **ਜੇ**-ਜਿਹੜੇ ਜੀਵ। **ਅਸਿਧੁਜ**-ਹੇ ਕਿਰਪਾਨ ਧਾਰੀ ਪ੍ਰਭੂ। **ਤਵ**-ਤੁਹਾਡੀ। **ਦੁਸ਼ਟ**-ਦੋਖੀ। **ਸੰਕਟ**-ਕਸ਼ਟ। **ਕਾਲ**-ਮੌਤ, ਜਮਦੂਤ। **ਨਿਕਟਿ**-ਨੇੜੇ। **ਅਰਿਸਟ**-ਕਸ਼ਟ, ਸੰਕਟ। **ਟਰੇਂ**-ਟਲ ਗਏ ਹਨ, ਦੂਰ ਹੋ ਗਏ। **ਤਤਕਾਲ**-ਤੁਰੰਤ, **ਤਤ**-ਛਿਨ। **ਤਨ ਜਾਹਿ**-ਜਿਨ੍ਹਾਂ ਦੇ ਸਰੀਰਾਂ ਨੂੰ। **ਨਿਹਰਿਹੋ**-ਦੇਖਦੇ ਹੋ। **ਤਨਕ ਮੋ**-ਖਿਨ ਭਰ ਵਿਚ। **ਹਰਿਹੋ**-ਦੂਰ ਕਰ ਦਿੰਦੇ ਹਨ। **ਛਾਹ**-ਪਰਛਾਵੇਂ ਨੂੰ। **ਛ੍ਵੈ ਸਕੈ ਨ**-ਛੂਹ ਨਹੀਂ ਸਕਦਾ। **ਸੰਭਾਰਾ**-ਸੰਮ੍ਹਾਲਿਆ, ਚਿੰਤਨ ਕੀਤਾ। **ਖੜਗ ਕੇਤ**- ਕਿਰਪਾਨ ਦੇ ਚਿੰਨ੍ਹ ਵਾਲਾ ਝੰਡਾ ਰੱਖਣ ਵਾਲਾ। **ਠੌਰ**-ਥਾਵਾਂ।

**ਅਰਥ** : ਹੇ ਅਕਾਲ ਪੁਰਖ! ਆਪਣਾ ਹੱਥ ਦੇ ਕੇ ਮੇਰੀ ਰੱਖਿਆ ਕਰੋ ਜੀ। ਮੇਰੇ ਮਨ ਦੀ ਇਹ ਇੱਛਾ ਆਪ ਦੀ ਕਿਰਪਾ ਦੁਆਰਾ ਪੂਰੀ ਹੋਵੇ ਕਿ ਮੇਰਾ ਮਨ ਹਮੇਸ਼ਾ ਆਪ ਦੇ ਚਰਨਾਂ ਵਿਚ ਜੁੜਿਆ ਰਹੇ। ਮੈਨੂੰ ਆਪਣਾ ਦਾਸ ਸਮਝ ਕੇ ਮੇਰੀ ਹਰ ਤਰ੍ਹਾਂ ਪ੍ਰਤਿਪਾਲਣਾ ਕਰੋ ਜੀ।

ਹੇ ਵਾਹਿਗੁਰੂ! ਆਪਣੀ ਸ਼ਕਤੀ ਦੁਆਰਾ ਮੇਰੇ ਸਾਰੇ ਦੁਸ਼ਮਣ ਅਤੇ ਮਨੁੱਖਤਾ ਦੇ ਦੋਖੀ ਮਾਰ ਮੁਕਾਓ ਅਤੇ ਆਪਣਾ ਹੱਥ ਦੇ ਕੇ ਮੈਨੂੰ ਇਨ੍ਹਾਂ ਦੁਸ਼ਟਾਂ ਤੋਂ ਬਚਾ ਲਵੋ। ਮੇਰਾ ਪਰਿਵਾਰ ਸੁਖੀ ਵਸੇ। ਹੇ ਕਰਤਾਰ! ਇਹ ਮੇਰਾ ਸਿੱਖ ਪਰਿਵਾਰ ਸਾਰੇ ਤੇਰੇ ਹੀ ਸੇਵਕ ਹਨ।

ਤੁਸੀਂ ਆਪਣਾ ਹੱਥ ਦੇ ਕੇ ਮੇਰੀ ਰੱਖਿਆ ਕਰੋ ਜੀ। ਜੇ ਤੁੱਠੇ ਹੋ ਤਾਂ ਮੇਰੇ ਸਾਰੇ ਵੈਰੀਆਂ (ਮਨੁੱਖਤਾ ਦੇ ਦੋਖੀਆਂ) ਨੂੰ ਤਤਕਾਲ ਨਸ਼ਟ ਕਰ ਦਿਓ। ਆਪ ਦੀ ਬਖਸ਼ਸ਼ ਦੁਆਰਾ ਮੇਰੀ ਇਹ ਆਸਾ, ਕਿ ਮੈਨੂੰ ਹਰ-ਦਮ ਆਪ ਦੇ ਸਿਮਰਨ ਦੀ ਪਿਆਸ ਤਾਂਘ ਲੱਗੀ ਰਹੇ, ਪੂਰੀ ਹੋਵੇ।

ਮੇਰੇ ਤੇ ਇਹ ਮਿਹਰ ਕਰੋ ਕਿ ਮੈਂ ਤੁਹਾਨੂੰ ਛੱਡ ਕੇ ਕਿਸੇ ਹੋਰ ਦਾ ਧਿਆਨ ਨਾ ਧਰਾਂ। ਜੋ ਵੀ ਆਸ਼ੀਰਵਾਦ ਚਾਹਵਾਂ, ਉਹ ਕੇਵਲ ਆਪ ਤੋਂ ਪ੍ਰਾਪਤ ਕਰਾਂ। ਮੇਰੇ ਸਿੱਖ ਜੋ ਆਪ ਜੀ ਦੇ ਸੇਵਕ ਹਨ, ਇਨ੍ਹਾਂ ਨੂੰ ਕਿਰਪਾ ਕਰਕੇ ਸੰਸਾਰ ਸਾਗਰ ਤੋਂ ਤਾਰ ਲਵੋ ਜੀ। ਮੇਰੇ ਸਾਰੇ ਦੁਸ਼ਮਣ ਅਰਥਾਤ ਮਨੁੱਖਤਾ ਦੇ ਦੋਖੀ ਮਾਰ ਮੁਕਾਓ ਜੀ।

ਹੇ ਮਹਾਂਕਾਲ ਜੀਉ! ਤੁਸੀਂ ਆਪਣੀ ਕਿਰਪਾ ਦੁਆਰਾ ਆਪਣਾ ਹੱਥ ਦੇ ਕੇ ਮੈਨੂੰ ਭਵ ਸਾਗਰ ਤੋਂ ਬਚਾ ਲਵੋ ਜੀ ਅਤੇ ਮੇਰੇ ਮਨ ਵਿਚ ਮਰਨ ਸਮੇਂ ਦਾ ਕਸ਼ਟ ਤੇ ਭੈ ਦੂਰ ਕਰ ਦਿਓ ਜੀ। ਹੇ ਮਹਾਂ ਕਾਲ ਜੀਉ! ਸਦਾ ਮੇਰੇ ਪੱਖੀ ਮਦਦਗਾਰ ਬਣੋ ਜੀ ਅਰਥਾਤ ਮੇਰੀ ਹਰ ਸਮੇਂ ਮਦਦ ਕਰੋ ਅਤੇ ਹਰ ਔਕੜ ਸਮੇਂ ਰੱਖਿਆ ਕਰੋ।

ਹੇ ਸੰਤਾਂ ਦੀ ਸਹਾਇਤਾ ਕਰਨ ਵਾਲੇ ਪਿਆਰੇ ਸੁਆਮੀ ਜੀਉ, ਮੇਰੀ ਹਰ ਸਮੇਂ ਰੱਖਿਆ ਕਰੋ ਜੀ ਤੁਸੀਂ ਦੀਨਾਂ ਦੁਖੀਆਂ ਦੇ ਮਿੱਤਰ ਹੋ ਅਤੇ ਮਨੁੱਖਤਾ ਦੇ ਦੋਖੀਆਂ ਦਾ ਨਾਸ਼ ਕਰਨ ਵਾਲੇ ਹੋ। ਤੁਸੀ ਹੀ ਚੌਦ੍ਹਾਂ ਪੁਰੀਆਂ (ਸੱਤ ਆਕਾਸ਼ ਤੇ ਸੱਤ ਪਾਤਾਲ) ਅਰਥਾਤ ਸਾਰੀ ਕਾਇਨਾਤ ਦੇ ਸੁਆਮੀ (ਮਾਲਕ) ਹੋ ਜੀ।

ਕਾਲ, ਅਰਥਾਤ ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ ਹੀ ਬ੍ਰਹਮਾ ਨੇ ਸਰੀਰ ਧਾਰਿਆ, ਪਰਮਾਤਮਾ ਦੇ ਹੁਕਮ ਨਾਲ ਹੀ ਸ਼ਿਵ ਜੀ ਨੇ ਜਨਮ ਲਿਆ ਅਤੇ ਅਕਾਲ ਪੁਰਖ ਦੇ ਹੁਕਮ ਨਾਲ ਹੀ ਵਿਸ਼ਨੂੰ ਦਾ ਪ੍ਰਕਾਸ਼ ਹੋਇਆ। ਇਹ ਸਾਰਾ ਜਗਤ ਤਮਾਸ਼ਾ ਅਕਾਲ ਪੁਰਖ ਦਾ ਹੀ ਰਚਿਆ ਹੋਇਆ ਹੈ।

ਜਿਸ ਅਕਾਲ ਪੁਰਖ ਨੇ ਸ਼ਿਵ ਜੀ ਜਿਹੇ ਜੋਗੀ ਦੀ ਰਚਨਾ ਕੀਤੀ, ਬੇਦਾਚਾਰੀਆ ਬ੍ਰਹਮਾ ਜਿਸ ਦੇ ਹੁਕਮ ਵਿਚ ਪੈਦਾ ਹੋਇਆ, ਜਿਸ ਅਕਾਲ ਪੁਰਖ ਨੇ ਸਾਰੇ ਸੰਸਾਰ ਨੂੰ ਸਾਜਿਆ ਤੇ ਸੰਵਾਰਿਆ ਹੈ, ਉਸ ਅਕਾਲ ਪੁਰਖ ਨੂੰ ਮੇਰੀ ਨਮਸਕਾਰ ਹੈ।

ਜਿਸ ਅਕਾਲ ਪੁਰਖ ਨੇ ਸਾਰਾ ਜਗਤ ਰਚਿਆ ਹੈ, ਸ੍ਰਿਸ਼ਟੀ ਵਿਚ ਦੇਵੀ ਦੇਵਤੇ, ਰਾਕਸ਼, ਅਤੇ ਜੱਛ (ਯਕਸ਼) ਆਦਿ ਪੈਦਾ ਕੀਤੇ ਹਨ, ਜਿਹੜਾ ਵਾਹਿਗੁਰੂ ਸ੍ਰਿਸ਼ਟੀ ਰਚਨਾ ਦੇ ਆਰੰਭ ਤੋਂ ਲੈ ਕੇ ਅੰਤ ਪਰਲੋਂ ਤੱਕ ਆਪ ਹੀ ਇਕੋ ਇਕ ਪੂਜਨੀਕ ਹਸਤੀ ਹੈ, ਉਹ ਅਕਾਲ ਪੁਰਖ ਹੀ ਸਮਝੋ ਸਾਡਾ ਗੁਰੂ ਹੈ।

ਜਿਸ ਅਕਾਲ ਪੁਰਖ ਨੇ ਸਾਰੀ ਲੋਕਾਈ ਨੂੰ ਨਿਯਮ-ਬੱਧ ਕਰਕੇ ਆਪ ਸਵਾਰਿਆ ਹੈ। ਜਿਸ ਵਾਹਿਗੁਰੂ ਨੇ ਆਪਣੇ ਸੇਵਕਾਂ ਨੂੰ ਹਮੇਸ਼ਾ ਸੁੱਖ ਅਤੇ ਦੈਵੀ ਗੁਣ ਪ੍ਰਦਾਨ ਕੀਤੇ ਹਨ ਅਤੇ

ਆਪਣੇ ਅਪਾਰ ਬਲ ਦੁਆਰਾ ਆਪਣੇ ਸੇਵਕਾਂ ਦੇ ਸ਼ਤਰੂਆਂ ਦਾ ਪਲ ਭਰ ਵਿਚ ਨਾਸ ਕਰਦਾ ਆਇਆ ਹੈ, ਕੇਵਲ ਉਸੇ ਨੂੰ ਹੀ ਮੇਰੀ ਸਦਾ ਨਮਸਕਾਰ ਹੈ।

ਉਹ ਅੰਤਰਜਾਮੀ ਵਾਹਿਗੁਰੂ ਹਰੇਕ ਜੀਵ ਦੇ ਦਿਲ ਦੀ ਹਾਲਤ ਜਾਣਦਾ ਹੈ, ਕੀ ਚੰਗੇ ਅਤੇ ਕੀ ਮੰਦੇ ਸਭ ਦੇ ਦਿਲਾਂ ਦੀ ਪੀੜਾਂ ਨੂੰ ਅਨੁਭਵ ਕਰਦਾ ਹੈ। ਨਿੱਕੀ ਜਿਹੀ ਕੀੜੀ ਤੋਂ ਲੈ ਕੇ ਵੱਡੇ ਆਕਾਰ ਵਾਲੇ ਹਾਥੀ ਤੱਕ, ਸਭ ਉਪਰ, ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਵਿਗਸਦਾ ਹੈ।

ਵਾਹਿਗੁਰੂ ਭਾਵੇਂ ਨਿਰਲੇਪ ਹੈ, ਪਰ ਇਸ ਦੇ ਬਾਵਜੂਦ ਆਪਣੇ ਸੰਤਾਂ ਭਗਤਾਂ ਦੇ ਦੁਖੀ ਕੀਤੇ ਜਾਣ ਤੇ ਦੁਖ ਮਹਿਸੂਸ ਕਰਦਾ ਹੈ ਅਤੇ ਸਤ ਪੁਰਸ਼ਾਂ ਨੂੰ ਸੁੱਖ ਮਿਲਣ ਤੇ ਉਹ ਸੁੱਖ ਪ੍ਰਤੀਤ ਕਰਦਾ ਹੈ। ਇਕੱਲੇ ਇਕੱਲੇ ਵਿਅਕਤੀ ਦੀ ਪੀੜਾ ਨੂੰ ਅਨੁਭਵ ਕਰਦਾ ਹੈ ਅਤੇ ਹਰੇਕ ਮਨੁੱਖ ਦੇ ਦਿਲ ਦੀਆਂ ਡੂੰਘਿਆਈਆਂ ਤੇ ਸੰਕਲਪਾਂ ਤੋਂ ਜਾਣੂੰ ਹੈ।

ਹੇ ਕਰਤਾਰ! ਜਦੋਂ ਆਪ ਜੀ ਆਪਣੀ ਉਦਕਰਖਣ, ਪਸਾਰ ਕਰਨ ਵਾਲੀ ਸ਼ਕਤੀ ਦਾ ਪ੍ਰਯੋਗ ਕਰਦੇ ਹੋ ਤਾਂ ਅਣਗਿਣਤ ਖ਼ਲਕਤ ਸਰੀਰ ਧਾਰਨ ਕਰ ਲੈਂਦੀ ਹੈ। ਪਰ ਜਦੋਂ ਆਪ ਜੀ ਆਪਣੀ ਆਕਰਖਣ, ਸਮੇਟਣ ਵਾਲੀ ਸ਼ਕਤੀ ਦੀ ਵਰਤੋਂ ਕਰਦੇ ਹੋ ਤਾਂ ਸਾਰੇ ਦੇਹ ਧਾਰੀ ਜੀਵ ਜੰਤੂ ਆਪ ਜੀ ਵਿਚ ਹੀ ਸਮਾ ਜਾਂਦੇ ਹਨ।

ਸ੍ਰਿਸਟੀ ਜਿੰਨੇ ਸਰੀਰ ਉਤਪੰਨ ਕਰਦੀ ਹੈ, ਉਨ੍ਹਾ ਵਿਚੋਂ ਹਰ ਕੋਈ ਆਪ ਆਪਣੀ ਸੋਝੀ ਅਨੁਸਾਰ ਹੀ ਆਪ ਜੀ ਦੀਆਂ ਵਡਿਆਈਆਂ ਕਥਨ ਕਰਦਾ ਹੈ। ਆਪ ਜੀ ਸਾਰੇ ਜੀਵਾਂ ਤੋਂ ਨਿਰਲੇਪ ਰਹਿੰਦੇ ਹੋ, ਇਹ ਗੱਲ ਬੇਦ ਭਾਵ ਧਰਮ ਗ੍ਰੰਥ ਜਾਣਦੇ ਹਨ, ਰਹੱਸਵਾਦੀ ਅਤੇ ਗਿਆਨਵਾਨ ਪੁਰਸ਼ ਜਾਣਦੇ ਹਨ।

ਅਕਾਲ ਪੁਰਖ ਵਾਹਿਗੁਰੂ ਕਿਸੇ ਸਥੂਲ ਆਕਾਰ ਤੋਂ ਰਹਿਤ ਹੈ, ਕੋਈ ਵਿਕਾਰ ਉਸ ਨੂੰ ਪੋਹ ਨਹੀਂ ਸਕਦਾ, ਉਸ ਨੂੰ ਕਿਸੇ ਦੇ ਆਸਰੇ ਦੀ ਲੋੜ ਨਹੀਂ ਹੈ, ਉਹ ਸਾਰੀ ਪ੍ਰਕਿਰਤੀ ਦਾ ਮੁੱਢ ਮੂਲ ਹੈ। ਉਹ ਰੂਪ ਰੰਗ ਤੋਂ ਰਹਿਤ ਹੈ ਅਤੇ ਜਨਮ ਤੋਂ ਰਹਿਤ ਸੁਤੇ ਪਰਕਾਸ਼ ਹੈ। ਮੂਰਖ ਮਨੁੱਖ ਉਸ ਨਿਰੰਕਾਰ ਦੇ ਭੇਤ ਪਾ ਲੈਣ ਦੀ ਸ਼ੇਖੀ ਮਾਰਦਾ ਹੈ, ਜਿਸ ਦਾ ਭੇਤ ਬੇਦ ਤੇ ਬੇਦਾਚਾਰੀਆ ਵੀ ਨਹੀਂ ਪਾ ਸਕੇ।

ਮਾਦਾ ਪ੍ਰਸਤ ਮੂਰਖ ਲੋਕ ਪੱਥਰ ਦੀ ਮੂਰਤੀ ਬਣਾ ਕੇ ਉਸ ਨੂੰ ਪਰਮਾਤਮਾ ਸਮਝ ਕੇ ਪੂਜਦੇ ਹਨ। ਮੂਰਖ ਲੋਕ ਮਹਾਂ ਦੇਵ ਅਥਵਾ ਸ਼ਿਵ ਜੀ ਦੇਵਤੇ ਨੂੰ ਹੀ ਸਦਾ ਥਿਰ ਰਹਿਣ ਵਾਲਾ ਨਿਰੰਕਾਰ ਆਖਦੇ ਹਨ, ਪਰੰਤੂ ਅਸਲੀ ਨਿਰੰਕਾਰ ਦੀ ਹਸਤੀ ਦਾ ਭੇਦ ਨਹੀਂ ਜਾਣਦੇ।

ਹੇ ਪ੍ਰਭੂ! ਹਰ ਕੋਈ ਆਪੋ ਆਪਣੀ ਬੁੱਧੀ, ਜਿੰਨੀ ਕੁ ਆਪ ਜੀ ਵਲੋਂ ਬਖਸ਼ੀ ਹੋਈ ਹੈ, ਅਨੁਸਾਰ ਵੱਖ ਵੱਖ ਤਰੀਕਿਆਂ ਨਾਲ ਆਪ ਜੀ ਦੇ ਵੱਖ ਵੱਖ ਗੁਣਾਂ ਨੂੰ ਵਰਨਣ ਕਰਦਾ ਹੈ। ਆਪ ਜੀ ਦਾ ਅਦਭੁਤ ਜਗਤ ਪਸਾਰਾ ਅਲੱਖ ਹੈ, ਪਤਾ ਨਹੀਂ ਲੱਗਦਾ ਕਿ ਆਪ ਜੀ ਨੇ ਕਿਸ ਤਰੀਕੇ ਨਾਲ ਪਹਿਲਾਂ ਪਹਿਲ ਸੰਸਾਰ ਸਾਜਿਆ।

ਸੁੰਦਰ ਰੂਪ ਸਰੂਪ ਵਾਲਾ ਬੇਮਿਸਾਲ ਇਕੋ ਇਕ ਪ੍ਰਭੂ ਆਪ ਹੀ ਕਿਤੇ ਕੰਗਾਲ ਬਣਿਆ ਬੈਠਾ ਹੈ, ਕਿਤੇ ਅਮੀਰ ਅਤੇ ਕਿਤੇ ਰਾਜਾ। ਉਸ ਨੇ ਅੰਡਜ, ਜੇਰਜ, ਸੇਤਜ, ਉਤਭੁਜ ਆਦਿ ਖਾਣੀਆਂ ਦੀ ਰਚਨਾ ਕੀਤੀ ਹੈ ਅਤੇ ਫਿਰ ਸਾਰੀ ਉਤਪਤੀ ਇਨ੍ਹਾਂ ਖਾਣੀਆਂ ਦੁਆਰਾ ਹੀ ਕੀਤੀ ਹੈ।

ਅਕਾਲ ਪੁਰਖ ਕਿਤੇ ਫੁੱਲ ਕੇ ਰਾਜਾ ਬਣਿਆ ਬੈਠਾ ਹੈ, ਕਿਤੇ ਸੁੰਗੜ ਕੇ ਇਕੱਠਾ ਹੋ ਕੇ ਬੈਠਾ ਹੈ। ਸਾਰੀ ਜਗਤ ਰਚਨਾ ਦਾ ਅਦਭੁਤ ਤਮਾਸ਼ਾ ਦਿਖਾ ਰਿਹਾ ਹੈ। ਉਹ ਸੁਤੇ ਪ੍ਰਕਾਸ਼ ਸੁੰਦਰ ਸਰੂਪ ਵਾਲਾ ਵਾਹਿਗੁਰੂ, ਸ੍ਰਿਸ਼ਟੀ ਦੇ ਆਦਿ ਵਿਚ ਵੀ ਪ੍ਰਕਾਸ਼ਮਾਨ ਸੀ ਅਤੇ ਜੁਗਾਂ ਦੇ ਮੁੱਢ ਵਿਚ ਵੀ।

ਹੇ ਪ੍ਰਭੂ! ਹੁਣ ਆਪ ਜੀ ਮੇਰੀ ਰੱਖਿਆ ਕਰੋ। ਤੁਹਾਡੀ ਸਿੱਖਿਆ ਅਨੁਸਾਰ ਚੱਲਣ ਵਾਲੇ ਸਿੱਖ ਸੇਵਕਾਂ ਨੂੰ ਬਚਾ ਲਵੋ ਅਤੇ ਸਿੱਖਿਆ ਦੇ ਵਿਰੁੱਧ ਵਿਚਰਨ ਵਾਲੇ ਵਿਅਕਤੀਆਂ ਦਾ ਨਾਸ਼ ਕਰੋ। ਜਿੰਨੇ ਵੀ ਖੋਟੀ ਮੱਤ ਵਾਲੇ ਮਨੁਖਤਾ ਦੇ ਦੋਖੀ ਹਨ, ਉਨ੍ਹਾਂ ਸਮੂਹ ਰਾਖਸ਼ ਬੁੱਧੀ ਵਾਲੇ ਪਾਪੀਆਂ ਦਾ ਯੁੱਧ ਵਿਚ ਵਿਨਾਸ਼ ਕਰੋ।

ਹੇ ਖੜਗਧਾਰੀ ਪ੍ਰਭੂ! ਜਿਹੜੇ ਜਿਹੜੇ ਜੀਵ ਤੁਹਾਡੀ ਸ਼ਰਨ ਵਿਚ ਆ ਪਏ, ਉਨ੍ਹਾਂ ਦੇ ਦੋਖੀ ਆਪ ਦੁਖੀ ਹੋ ਕੇ ਆਪਣੀ ਮੌਤੇ ਮਰ ਗਏ। ਹੇ ਪ੍ਰਭੂ! ਜਿਹੜੇ ਵਿਅਕਤੀ ਆਪ ਜੀ ਦੇ ਚਰਨੀਂ ਢਹਿ ਪਏ, ਆਪ ਜੀ ਨੇ ਉਨ੍ਹਾਂ ਦੇ ਸਾਰੇ ਕਸ਼ਟ ਨਿਵਾਰ ਦਿੱਤੇ।

ਜਿਹੜੇ ਜੀਵ ਅਕਾਲ ਪੁਰਖ ਨੂੰ ਇਕ ਵਾਰ ਵੀ ਇਕ ਚਿਤ ਹੋ ਕੇ ਧਿਆਨ ਵਿਚ ਲਿਆਉਂਦੇ ਹਨ, ਉਨ੍ਹਾਂ ਦੇ ਨੇੜੇ ਜਮਦੂਤ ਫਟਕ ਨਹੀਂ ਸਕਦੇ। ਉਨ੍ਹਾਂ ਦੀ ਸਰਬ ਕਾਲ ਰੱਖਿਆ ਹੁੰਦੀ ਹੈ ਅਤੇ ਉਨ੍ਹਾ ਦੇ ਦੋਖੀ, ਦੁਸ਼ਮਣ ਤੁਰੰਤ ਮਗਰੋਂ ਲਹਿ ਜਾਂਦੇ ਹਨ।

ਹੇ ਪ੍ਰਭੂ! ਜਿਨ੍ਹਾਂ ਜੀਵਾਂ ਦੇ ਸਰੀਰਾਂ ਨੂੰ ਆਪ ਮਿਹਰ ਦੀ ਨਜ਼ਰ ਨਾਲ ਤੱਕਦੇ ਹੋ, ਉਨ੍ਹਾਂ ਦੇ ਸਾਰੇ ਦੁੱਖ ਕਲੇਸ਼ ਖਿਨ ਮਾਤਰ ਵਿਚ ਦੂਰ ਕਰ ਦਿੰਦੇ ਹੋ। ਉਨ੍ਹਾਂ ਦੇ ਸਰੀਰ-ਘਰ ਵਿਚ ਸਾਰੀਆਂ ਰਿੱਧੀਆਂ ਸਿੱਧੀਆਂ ਸੁਤੇ ਹੀ ਪੈਦਾ ਹੋ ਜਾਂਦੀਆਂ ਹਨ ਅਤੇ ਕੋਈ ਦੋਖੀ ਉਨ੍ਹਾਂ ਦੇ ਪਰਛਾਵੇਂ ਤੱਕ ਦੇ ਨੇੜੇ ਨਹੀਂ ਫਟਕ ਸਕਦਾ।

ਮਹਾਂ ਕਾਲ ਜੀ! ਜਿਨ੍ਹਾਂ ਜੀਵਾਂ ਨੇ ਇਕ ਵਾਰ ਵੀ ਆਪ ਜੀ ਦਾ ਇਕਾਗਰ ਮਨ ਹੋ ਕੇ ਚਿੰਤਨ ਕੀਤਾ, ਆਪ ਜੀ ਨੇ ਉਨ੍ਹਾਂ ਨੂੰ ਕਾਲ ਦੀ ਫਾਹੀ ਤੋਂ ਬਚਾ ਲਿਆ ਹੈ। ਜਿੰਨ੍ਹਾਂ ਮਨੁੱਖ੍ਹਾਂ ਨੇ ਤੁਹਾਡਾ ਨਾਮ ਸਿਮਰਿਆ, ਉਹ ਦਲਿੱਦਰ ਤੋਂ ਅਤੇ ਦੋਖੀ ਦੁਸ਼ਮਣ੍ਹਾਂ ਤੋਂ ਸਦਾ ਬਚੇ ਰਹੇ।

ਹੇ ਖੜਗ ਚਿੰਨ੍ਹ ਵਾਲੇ ਝੰਡੇ ਦੇ ਮਾਲਕ! ਮੈਂ ਆਪ ਜੀ ਦੀ ਸ਼ਰਣੀ ਆਣ ਬੈਠਾ ਹਾਂ, ਮੈਨੂੰ ਆਪਣਾ ਹੱਥ ਦੇ ਕੇ ਬਚਾ ਲਵੋ। ਹਰੇਕ ਥਾਵੇਂ ਮੇਰੀ ਸਹਾਇਤਾ ਕਰੋ ਅਤੇ ਦੁਸ਼ਟਾਂ ਤੇ ਦੋਖੀਆਂ ਤੋਂ ਮੈਨੂੰ ਬਚਾ ਲਵੋ।

# ਚੌਪਈ ਸਾਹਿਬ ਦਾ ਸਮੁੱਚਾ ਭਾਵ

ਚੌਪਈ ਸਾਹਿਬ ਦੀ ਬਾਣੀ ਵਿਚ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਾਰ ਵਾਰ ਇਹ ਗੱਲ ਦ੍ਰਿੜ ਕਰਵਾਈ ਹੈ ਕਿ ਸਿੱਖ ਨੂੰ ਜੋ ਕੁਝ ਵੀ ਚਾਹੀਦਾ ਹੈ, ਉਸ ਨੇ ਅਕਾਲ ਪੁਰਖ ਕੋਲੋਂ ਹੀ ਮੰਗਣਾ ਹੈ। ਅਕਾਲ ਪੁਰਖ ਤੋਂ ਇਲਾਵਾ ਕਿਸੇ ਹੋਰ ਅੱਗੇ ਹੱਥ ਨਹੀਂ ਅੱਡਣੇ। ਸਿੱਖ ਨੇ ਕੇਵਲ ਤੇ ਕੇਵਲ ਅਕਾਲ ਪੁਰਖ ਨੂੰ ਹੀ ਧਿਆਉਣਾ, ਸਿਮਰਨਾ, ਅਰਾਧਨਾ ਅਤੇ ਮੰਨਣਾ ਹੈ ਅਤੇ ਉਹ ਹੀ ਸਿੱਖ ਅਸਲ ਖਾਲਸਾ ਹੈ ਜੋ ਆਪਣੀ ਸਾਰੀ ਜ਼ਿੰਦਗੀ ਵਿਚ ਹਮੇਸ਼ਾ ਹੀ ਇਸ ਗੱਲ ਤੇ ਪਹਿਰਾ ਦੇਵੇ। ਇਸ ਸਬੰਧ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਇਉਂ ਹੈ :-

**"ਜਾਗਤ ਜੋਤਿ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥**
**ਪੂਰਨ ਜੋਤ ਜਗੈ ਜਗ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥"**

(ਭਾਵ: ਜੋ ਮਨੁੱਖ ਆਪਣੇ ਮਨ ਵਿਚ ਦਿਨ ਰਾਤ ਪ੍ਰਭੂ ਦਾ ਧਿਆਨ ਧਰਦਾ ਹੈ। ਜੋ ਇਕ ਪ੍ਰਭੂ ਨੂੰ ਛੱਡ ਕੇ ਹੋਰ ਕਿਸੇ ਨੂੰ ਥੋੜ੍ਹਾ ਜਿੰਨਾ ਵੀ ਮਨ ਵਿਚ ਨਹੀਂ ਲਿਆਉਂਦਾ। ਜੋ ਪ੍ਰਭੂ ਉਪਰ ਪੂਰਨ ਵਿਸ਼ਵਾਸ ਕਰਦਾ ਹੈ ਅਤੇ ਉਸ ਨਾਲ ਪੱਕਾ ਪਿਆਰ ਪਾਉਂਦਾ ਹੈ। ਜੋ ਭੁੱਲ ਕੇ ਵੀ ਕਦੀ ਵਰਤ ਨਹੀਂ ਰੱਖਦਾ, ਕਬਰਾਂ, ਮੜ੍ਹੀਆਂ ਅਤੇ ਮੱਠਾਂ ਦੀ ਪੂਜਾ ਨਹੀਂ ਕਰਦਾ। ਜੋ ਤੀਰਥ ਯਾਤਰਾ ਦੇ ਵਿਖਾਵੇ ਦੇ ਦਾਨ, ਵਹਿਮ ਭਰਮ ਵਾਲੀ ਦਇਆ ਤੇ ਸਰੀਰ ਨੂੰ ਕਸ਼ਟ ਦੇਣ ਵਾਲੀ ਤਪ ਸਾਧਨਾ ਨੂੰ ਨਹੀਂ ਮੰਨਦਾ, ਕੇਵਲ ਪ੍ਰਭੂ ਨਾਲ ਪਿਆਰ ਪਾਉਣਾ ਹੀ ਆਪਣਾ ਜੀਵਨ ਮਨੋਰਥ ਸਮਝਦਾ ਹੈ। ਜਿਸ ਦੇ ਮਨ ਵਿਚ ਪ੍ਰਭੂ ਦੇ ਪੂਰਨ ਗਿਆਨ ਦੀ ਜੋਤਿ, ਭਾਵ ਗਿਆਨ ਦਾ ਚਾਨਣ ਜਗਦਾ ਹੋਵੇ, ਉਹ ਮਨੁੱਖ ਹੀ ਸ਼ੁੱਧ ਆਦਰਸ਼ਕ ਇਨਸਾਨ ਹੈ। ਅਜਿਹਾ ਧਰਮੀ ਮਨੁੱਖ ਹੀ ਪੂਰਨ ਖ਼ਾਲਸਾ ਹੈ।)

**ਇਸ ਲਈ ਅਸੀਂ ਆਪਣੇ ਸਾਰੇ ਕਾਰਜਾਂ ਦੀ ਪੂਰਤੀ ਲਈ ਉਸ ਅਕਾਲ ਪੁਰਖ ਅੱਗੇ ਹੀ ਬੇਨਤੀ ਕਰਨੀ ਹੈ ਅਤੇ ਉਸ ਤੋਂ ਛੁੱਟ ਕਿਸੇ ਹੋਰ ਦਾ ਆਸਰਾ ਨਹੀਂ ਲੈਣਾ।**

**ਨੋਟ : ਚੌਪਈ ਸਾਹਿਬ ਦੇ ਅਰਥ ਅਤੇ ਸਮੁੱਚਾ ਭਾਵ ਉੱਤੇ ਦਿਤਾ ਜਾ ਚੁਕਿਆ ਹੈ। ਇਥੇ ਅਸੀਂ ਚੌਪਈ ਸਾਹਿਬ ਦੇ ਪਾਠ ਵਿਚੋਂ ਕੁਝ ਕੁ ਬੰਦਾਂ ਦੀ ਵੀਚਾਰ ਕੁਝ ਸਿਧਾਂਤਾਂ ਨੂੰ ਦ੍ਰਿੜ ਕਰਵਾਉਣ ਹਿਤ ਫਿਰ ਕਰ ਰਹੇ ਹਾਂ।**

੧. ਚੌਪਈ ਸਾਹਿਬ ਦੇ ਅਰੰਭ ਵਿਚ ਆਈ ਪੰਕਤੀ **"ਤਵ ਚਰਨਨ ਮਨ ਰਹੈ ਹਮਾਰਾ॥"** ਵਿਚ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੀ ਹਜ਼ੂਰੀ ਵਿਚ ਇਹ ਅਰਦਾਸ ਕੀਤੀ ਹੈ ਕਿ ਹੇ ਅਕਾਲ ਪੁਰਖ! ਮੇਰੇ ਤੇ ਕਿਰਪਾ ਕਰੋ ਕਿ ਮੇਰਾ ਮਨ ਆਪ ਦੇ ਚਰਨਾਂ ਵਿਚ ਜੁੜਿਆ ਰਹੇ। ਸਵਾਲ ਇਹ ਪੈਦਾ ਹੋਏਗਾ ਕਿ ਅਕਾਲ ਪੁਰਖ ਪਰਮੇਸ਼ਰ ਤਾਂ ਨਿਰਾਕਾਰ ਹਨ ਅਤੇ ਰੂਪ, ਰੇਖ, ਰੰਗ ਇਨ੍ਹਾਂ ਤਿੰਨਾਂ ਗੁਣਾਂ ਤੋਂ ਭਿੰਨ ਹਨ–**"ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥"** ਤਾਂ ਫਿਰ ਉਨ੍ਹਾਂ ਦੇ ਚਰਨ ਕਿਹੜੇ ਹਨ? ਤਾਂ ਜਵਾਬ ਹੈ **"ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥"**

੨. **"ਹਮਰੇ ਦੁਸਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥"** ਵਾਲੀ ਪੰਕਤੀ ਵਿੱਚ 'ਹਮਰੇ ਦੁਸਟ' ਤੋਂ ਭਾਵ ਹੈ ਕਿ ਸਾਡੇ ਅੰਦਰ ਦੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪੀ ਦੁਸ਼ਟ ਅਤੇ ਉਹ ਬੰਦੇ ਜਿਹੜੇ ਧਰਮ ਦੇ ਦੋਖੀ ਹਨ। ਇਸ ਲਈ ਜਿਥੇ ਅਸੀਂ ਅਕਾਲ ਪੁਰਖ ਜੀ ਦੇ ਚਰਨਾਂ ਵਿੱਚ ਅਪਨੇ ਅੰਦਰ ਦੇ ਪੰਜ ਦੁਸ਼ਟਾਂ (ਵਿਕਾਰਾਂ) ਅਰਥਾਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਸੋਧਣ ਲਈ ਬੇਨਤੀ ਕਰਨੀ ਹੈ ਉਥੇ ਨਾਲ ਹੀ ਧਰਮ ਦੇ ਦੋਖੀਆਂ ਨੂੰ ਵੀ ਸੋਧਣ ਲਈ ਬੇਨਤੀ ਕਰਨੀ ਹੈ।

੩. **"ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿੱਖ ਸਭੈ ਕਰਤਾਰਾ॥"** ਵਾਲੀ ਪੰਕਤੀ ਵਿਚ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਬੇਨਤੀ ਕਰਨ ਲੱਗਿਆਂ ਸਾਨੂੰ ਸਾਰਿਆਂ ਨੂੰ ਆਪਣਾ ਪਰਿਵਾਰ ਕਹਿੰਦਿਆਂ ਇਹ ਬੇਨਤੀ ਕੀਤੀ ਹੈ ਕਿ ਹੇ ਕਰਤਾਰ! ਇਹ ਮੇਰਾ ਸਿੱਖ ਪਰਿਵਾਰ ਸਾਰੇ ਤੇਰੇ ਹੀ ਸੇਵਕ ਹਨ। ਜੇ ਗੁਰੂ ਸਾਹਿਬ ਨੇ ਸਾਨੂੰ ਆਪਣੇ ਪਰਿਵਾਰ ਦਾ ਦਰਜਾ ਦਿੱਤਾ ਹੈ ਤਾਂ ਸਾਡੇ ਵੀ ਆਪਣੇ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪ੍ਰਤੀ ਕੁਝ ਫਰਜ਼ ਬਣਦੇ ਹਨ ਅਤੇ ਅਸੀਂ ਉਨ੍ਹਾਂ ਫਰਜ਼ਾਂ ਦੀ ਪਾਲਣਾ ਕਰਨੀ ਹੈ ਜਿਵੇਂ ਕਿ ਗੁਰੂ ਦੀ ਗੱਲ ਮੰਨ ਕੇ ਸਾਬਤ ਸੂਰਤ ਰਹਿਣਾ, ਅੰਮ੍ਰਿਤਧਾਰੀ ਹੋਣਾ, ਪਵਿੱਤਰ ਜੀਵਨ ਜੀਊਣਾ, ਸੱਚ ਦੀ ਕਮਾਈ ਕਰਨੀ, ਝੂਠ, ਨਿੰਦਾ–ਚੁਗਲੀ ਦਾ ਤਿਆਗ ਕਰਨਾ, ਲੋੜਵੰਦ ਦੀ ਜ਼ਰੂਰਤ ਪੂਰੀ ਕਰਨੀ ਆਦਿ ਆਦਿ ਅਰਥਾਤ ਕੋਈ ਵੀ ਅਜਿਹਾ ਕੰਮ ਨਾ ਕਰਨਾ ਜਿਸ ਕਾਰਨ ਸਾਡੇ ਗੁਰਦੇਵ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਕਿਸੇ ਤਰ੍ਹਾਂ ਦੀ ਵੀ ਆਂਚ ਆਉਂਦੀ ਹੋਵੇ।

੪. **"ਪੂਰਨ ਹੋਇ ਹਮਾਰੀ ਆਸਾ ॥ ਤੋਰ ਭਜਨ ਕੀ ਰਹੈ ਪਿਆਸਾ ॥"** ਵਾਲੀ ਪੰਕਤੀ ਵਿਚ ਗੁਰੂ ਜੀ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਇਹੀ ਅਰਦਾਸ ਕੀਤੀ ਹੈ ਕਿ ਮੇਰੀ ਇਹ ਆਸ ਵੀ ਪੂਰੀ ਕਰੋ ਕਿ ਮੈਨੂੰ ਆਪ ਜੀ ਦੀ ਮਿੱਠੀ ਪਿਆਰੀ ਯਾਦ ਦੀ ਰੀਝ ਅਤੇ ਚਾਅ ਬਣਿਆ ਰਹੇ ਤੇ ਸਿਮਰਨ ਦੀ ਪਿਆਸ ਹਰ ਵੇਲੇ ਲੱਗੀ ਰਹੇ । ਇਸ ਲਈ ਅਸੀਂ ਵੀ ਅਕਾਲ ਪੁਰਖ ਪਰਮੇਸ਼ਰ ਦੇ ਚਰਨਾਂ ਵਿਚ ਬੇਨਤੀ ਕਰਨ ਲੱਗਿਆਂ ਇਹੀ ਅਰਦਾਸ ਕਰਨੀ ਹੈ ਕਿ ਮੇਰੀ ਵੀ ਇਹ ਆਸਾ ਪੂਰੀ ਕਰ ਦਿਓ ਕਿ ਮੈਨੂੰ ਆਪ ਜੀ ਦਾ ਨਾਮ ਕਦੇ ਨਾ ਵਿੱਸਰੇ ਤੇ ਮੈਂ ਸਵਾਸ-ਸਵਾਸ ਆਪ ਜੀ ਦਾ ਨਾਮ ਜਪਦਾ ਹੀ ਰਹਾਂ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ: **"ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ॥ ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ॥"**

੫. **"ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥ ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥"** ਵਾਲੀ ਪੰਕਤੀ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਕੇਵਲ ਤੇ ਕੇਵਲ ਪਾਰਬ੍ਰਹਮ ਨੂੰ ਹੀ ਅਰਾਧਨਾ ਅਤੇ ਧਿਆਉਣਾ ਹੈ ਅਤੇ ਜੋ ਕੁਝ ਵੀ ਮੰਗਣਾ ਹੈ ਉਸੇ ਦੇ ਦਰ ਤੋਂ ਹੀ ਮੰਗਣਾ ਹੈ ਜਿਸ ਦੇ ਘਰ ਵਿਚ ਸਭ ਕੁਝ ਹੈ ਅਤੇ ਕਿਸੇ ਹੋਰ ਅੱਗੇ ਹੱਥ ਨਹੀਂ ਅੱਡਣੇ।

੬. **"ਦੀਨ ਬੰਧੁ ਦੁਸਟਨ ਕੇ ਹੰਤਾ ॥ ਤੁਮ ਹੋ ਪੁਰੀ ਚਤੁਰ ਦਸ ਕੰਤਾ ॥"** ਵਾਲੀ ਪੰਕਤੀ ਵਿਚ ਗੁਰੂ ਸਾਹਿਬ ਪਰਮੇਸ਼ਰ ਦੀ ਵਡਿਆਈ ਕਰਦਿਆਂ ਹੋਇਆਂ ਕਹਿੰਦੇ ਹਨ ਕਿ ਉਹ ੧੪ ਪੁਰੀਆਂ ਅਰਥਾਤ ਸਾਰੀ ਕਾਇਨਾਤ ਦਾ ਮਾਲਕ ਹੈ ਅਤੇ ਉਸ ਦੀ ਨਿਸ਼ਾਨੀ ਦਸਦਿਆਂ ਹੋਇਆਂ ਕਹਿੰਦੇ ਹਨ ਕਿ ਉਹ ਗਰੀਬਾਂ ਦਾ ਮਦਦਗਾਰ ਹੈ ਤੇ ਦੋਖੀਆਂ ਦਾ ਨਾਸ਼ ਕਰਨ ਵਾਲਾ ਹੈ।

ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਵੀ ਜੀਵਨ ਵਿਚ ਆਪਣੇ ਤੋਂ ਨੀਵੇਂ ਬੰਦਿਆਂ ਦਾ ਮਦਦਗਾਰ ਬਣਨਾ ਹੈ ਅਤੇ ਧਰਮ ਦੇ ਦੋਖੀਆਂ ਵਲੋਂ ਕੀਤੀਆਂ ਜਾਣ ਵਾਲੀਆਂ ਵਧੀਕੀਆਂ ਨੂੰ ਬਰਦਾਸ਼ਤ ਨਹੀਂ ਕਰਨਾ।

੭. **"ਚੀਟੀ ਤੇ ਕੁੰਚਰ ਅਸਥੂਲਾ ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ ॥"** ਵਾਲੀ ਪੰਕਤੀ ਦਾ ਭਾਵ ਹੈ ਕਿ ਪਰਮੇਸ਼ਰ ਨਿੱਕੀ ਜਿਹੀ ਕੀੜੀ ਤੋਂ ਲੈ ਕੇ ਵੱਡੇ ਆਕਾਰ ਵਾਲੇ ਹਾਥੀ ਤੱਕ, ਸਭ ਉਪਰ, ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਵਿਗਸਦੇ ਹਨ। ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਉਸ ਪਰਮੇਸ਼ਰ ਦੀ ਅੰਸ਼ ਹੋਣ ਦੇ ਨਾਤੇ ਅਸੀਂ ਵੀ ਆਪਣੇ ਜੀਵਨ ਵਿਚ ਛੋਟੇ ਤੋਂ ਵੱਡੇ ਭਾਵ ਸਾਰੇ ਜੀਵਾਂ ਉੱਤੇ ਦਇਆ ਵਾਲੇ ਸੁਭਾਅ ਨੂੰ ਹੀ ਅਪਨਾਉਣਾ ਹੈ।

੮. **"ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧੁਨ ਕੇ ਸੁਖੀ ॥"** ਵਾਲੀ ਪੰਕਤੀ ਦਾ ਭਾਵ ਹੈ

ਕਿ ਵਾਹਿਗੁਰੂ ਭਾਵੇਂ ਨਿਰਲੇਪ ਹੈ, ਪਰ ਇਸ ਦੇ ਬਾਵਜੂਦ ਆਪਣੇ ਸੰਤਾਂ ਭਗਤਾਂ ਦੇ ਦੁਖੀ ਕੀਤੇ ਜਾਣ ਤੇ ਦੁਖ ਮਹਿਸੂਸ ਕਰਦਾ ਹੈ ਅਤੇ ਸਤ ਪੁਰਸ਼ਾਂ ਨੂੰ ਸੁੱਖ ਮਿਲਣ ਤੇ ਉਹ ਸੁੱਖ ਪ੍ਰਤੀਤ ਕਰਦਾ ਹੈ।

ਸਵਾਲ ਕਰਨ ਵਾਲੇ ਸਵਾਲ ਕਰਨਗੇ ਕਿ ਵਾਹਿਗੁਰੂ ਤਾਂ ਨਿਰਲੇਪ ਹੈ ਪਰ ਇਸ ਦੇ ਬਾਵਜੂਦ ਆਪਣੇ ਸੰਤਾਂ ਭਗਤਾਂ ਦੇ ਦੁਖੀ ਹੋਣ ਤੇ ਉਹ ਦੁੱਖ ਕਿਉਂ ਮਹਿਸੂਸ ਕਰਦਾ ਹੈ ਅਤੇ ਸਤ ਪੁਰਸ਼ਾਂ ਨੂੰ ਸੁੱਖ ਮਿਲਣ ਤੇ ਉਹ ਸੁੱਖ ਕਿਉਂ ਅਨੁਭਵ ਕਰਦਾ ਹੈ? ਕੀ ਉਹ ਜੀਵਾਂ ਦੀ ਪ੍ਰਤਿਪਾਲਣਾ ਕਰਨ ਲੱਗਿਆਂ ਵਿਤਕਰਾ ਰੱਖਦਾ ਹੈ? ਤਾਂ ਇਸ ਦਾ ਜਵਾਬ ਹੈ ਕਿ ਜਿਵੇਂ ਕਿਸੇ ਮਾਤਾ ਦੇ ਪੰਜ ਪੁੱਤਰ ਹੋਣ। ਭਾਵੇਂ ਕਿ ਮਾਂ ਸਾਰਿਆਂ ਪੁੱਤਰਾਂ ਦਾ ਧਿਆਨ ਰੱਖਦੀ ਹੈ ਪਰ ਉਹ ਆਪਣੇ ਉਸ ਪੁੱਤਰ ਦਾ ਵਿਸ਼ੇਸ਼ ਧਿਆਨ ਰੱਖਦੀ ਹੈ ਜੋ ਕਿ ਉਸ ਦੀ ਗੋਦੀ ਵਿਚ ਹੁੰਦਾ ਹੈ ਕਿਉਂਕਿ ਗੋਦੀ ਵਾਲਾ ਪੁੱਤਰ ਆਪਣੀਆਂ ਜ਼ਰੂਰਤਾਂ ਲਈ ਕੇਵਲ ਤੇ ਕੇਵਲ ਆਪਣੀ ਮਾਂ ਦਾ ਹੀ ਆਸਰਾ ਤੱਕਦਾ ਹੈ।

ਇਸੇ ਤਰੀਕੇ ਨਾਲ ਭਾਵੇਂ ਕਿ ਪਰਮਾਤਮਾ ਪ੍ਰਤਿਪਾਲਣਾ ਸਾਰਿਆਂ ਦੀ ਹੀ ਕਰਦੇ ਹਨ ਪਰ ਉਨ੍ਹਾਂ ਸੰਤ ਜਨਾਂ ਦਾ ਵਿਸ਼ੇਸ਼ ਧਿਆਨ ਰੱਖਦੇ ਹਨ ਜਿਨ੍ਹਾਂ ਨੂੰ ਕੇਵਲ ਤੇ ਕੇਵਲ ਪਰਮਾਤਮਾ ਦਾ ਹੀ ਆਸਰਾ ਤੇ ਉਸੇ ਦਾ ਹੀ ਤਾਣ ਹੈ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ: **"ਰਾਮ ਜਨਾ ਕਉ ਰਾਮ ਭਰੋਸਾ॥"** ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਪਰਮਾਤਮਾ ਦੇ ਭਗਤਾਂ ਦਾ ਪੂਰਾ ਸਤਿਕਾਰ ਕਰਨਾ ਹੈ ਅਤੇ ਕੋਈ ਵੀ ਅਜਿਹਾ ਕੰਮ ਨਹੀਂ ਕਰਨਾ ਜਿਸ ਨਾਲ ਉਨ੍ਹਾਂ ਦੇ ਮਨ ਨੂੰ ਠੇਸ ਪਹੁੰਚੇ।

੯. **"ਤੁਮ ਸਭ ਹੀ ਤੇ ਰਹਤ ਨਿਰਾਲਮ ॥ ਜਾਨਤ ਬੇਦ ਭੇਦ ਅਰੁ ਆਲਮ ॥"** ਵਾਲੀ ਪੰਕਤੀ ਦਾ ਭਾਵ ਹੈ ਕਿ ਪਰਮਾਤਮਾ ਸਾਰੇ ਜੀਵਾਂ ਤੋਂ ਨਿਰਲੇਪ ਰਹਿੰਦੇ ਹਨ। ਇਹ ਗੱਲ ਬੇਦ ਭਾਵ ਧਰਮ ਗ੍ਰੰਥ ਜਾਣਦੇ ਹਨ। ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਵੀ ਸੰਸਾਰ ਵਿਚ ਕੰਮ ਤਾਂ ਸਾਰੇ ਹੀ ਕਰਨੇ ਹਨ ਪਰ ਨਿਰਲੇਪ ਰਹਿ ਕੇ ਕਰਨੇ ਹਨ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ:**"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥"**

੧੦. **"ਤਾਕੋ ਕਰਿ ਪਾਹਨ ਅਨੁਮਾਨਤ ॥ ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥"** ਵਾਲੀ ਪੰਕਤੀ ਦਾ ਭਾਵ ਹੈ ਕਿ ਕੁਝ ਲੋਕ ਪੱਥਰ ਦੀ ਮੂਰਤੀ ਬਣਾ ਕੇ ਉਸ ਨੂੰ ਪਰਮਾਤਮਾ ਮੰਨ ਕੇ ਪੂਜਦੇ ਹਨ। ਜਿਹੜੇ ਬੰਦੇ ਪੱਥਰ ਨੂੰ ਦੇਵਤਾ ਕਰਕੇ ਮੰਨਦੇ ਹਨ, ਉਨ੍ਹਾਂ ਦੀ ਕੀਤੀ ਹੋਈ ਸੇਵਾ ਵਿਅਰਥ ਜਾਂਦੀ ਹੈ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ: **"ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥" (ਅੰਗ:੧੧੬੦)** ਇਸ ਲਈ ਸਿੱਖ ਨੇ ਕਿਸੇ ਵੀ ਮੂਰਤੀ ਨੂੰ

ਨਹੀਂ ਪੂਜਣਾ।

੧੧. **"ਜੇ ਅਸਿਧੁਜ ਤਵ ਸਰਨੀ ਪਰੇ ॥ ਤਿਨਕੇ ਦੁਸ਼ਟ ਦੁਖਿਤ ਹ੍ਵੈ ਮਰੇ ॥ ਪੁਰਖ ਜਵਨ ਪਗ ਪਰੇ ਤਿਹਾਰੇ ॥ ਤਿਨਕੇ ਤੁਮ ਸੰਕਟ ਸਭ ਟਾਰੇ ॥"** ਵਾਲੀਆਂ ਪੰਕਤੀਆਂ ਤੋਂ ਭਾਵ ਹੈ ਕਿ ਹੇ ਖੜਗਧਾਰੀ ਪ੍ਰਭੂ! ਜਿਹੜੇ ਜਿਹੜੇ ਜੀਵ ਤੁਹਾਡੀ ਸ਼ਰਨ ਵਿਚ ਆ ਪੈਂਦੇ ਹਨ, ਪ੍ਰਭੂ ਸ਼ਰਨ ਪੈਣ ਵਾਲਿਆਂ ਦੇ ਦੋਖੀ ਨਿਸ਼ਚਿਤ ਹੀ ਆਪਣੇ ਆਪ ਦੁਖੀ ਹੋ ਕੇ ਮਰ ਜਾਂਦੇ ਹਨ। ਹੇ ਪ੍ਰਭੂ! ਜਿਹੜੇ ਵਿਅਕਤੀ ਆਪ ਜੀ ਦੇ ਚਰਨੀਂ ਢਹਿ ਪਏ, ਆਪ ਜੀ ਨੇ ਉਨ੍ਹਾਂ ਦੇ ਸਾਰੇ ਕਸ਼ਟ ਨਿਵਾਰ ਦਿੱਤੇ।

ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਕਿਸੇ ਵੀ ਮੁਸੀਬਤ ਪੈਣ ਤੇ ਅਸੀਂ ਕੇਵਲ ਤੇ ਕੇਵਲ ਉਸ ਖੜਗਧਾਰੀ ਪ੍ਰਭੂ ਦਾ ਹੀ ਆਸਰਾ ਤੱਕਣਾ ਹੈ ਕਿਉਂਕਿ ਉਸ ਦਾ ਆਸਰਾ ਇੰਨਾ ਵੱਡਾ ਆਸਰਾ ਹੈ ਕਿ ਜਿਹੜੇ ਉਸ ਦੀ ਸ਼ਰਨ ਵਿਚ ਆਉਂਦੇ ਹਨ, ਉਹ ਪਰਮਾਤਮਾ ਉਨ੍ਹਾਂ ਦੇ ਸਾਰੇ ਕਸ਼ਟਾਂ ਦਾ, ਡਰਾਂ ਦਾ ਖਾਤਮਾ ਕਰ ਦਿੰਦਾ ਹੈ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ: **"ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ॥" (ਅੰਗ: ੬੧੫)**

੧੨. **"ਜੋ ਕਲਿ ਕੋ ਇਕ ਬਾਰ ਧਿਐ ਹੈ ॥ ਤਾਕੇ ਕਾਲ ਨਿਕਟਿ ਨਹਿ ਐ ਹੈ ॥ ਰੱਛਾ ਹੋਇ ਤਾਹਿ ਸਭ ਕਾਲਾ ॥ ਦੁਸਟ ਅਰਿਸਟ ਟਰੇਂ ਤਤਕਾਲਾ ॥"** ਵਾਲੀਆਂ ਪੰਕਤੀਆਂ ਦਾ ਭਾਵ ਹੈ ਕਿ ਜਿਹੜੇ ਜੀਵ ਅਕਾਲ ਪੁਰਖ ਨੂੰ ਇਕ ਵਾਰ ਵੀ ਮਨ-ਚਿਤ ਇਕਾਗਰ ਕਰਕੇ ਧਿਆਉਂਦੇ ਹਨ ਉਨ੍ਹਾਂ ਦੇ ਨੇੜੇ ਜਮਦੂਤ ਫਟਕ ਨਹੀਂ ਸਕਦੇ। ਉਨ੍ਹਾਂ ਦੀ ਸਰਬ ਕਾਲ ਰੱਖਿਆ ਹੁੰਦੀ ਹੈ ਅਤੇ ਉਨ੍ਹਾ ਦੇ ਦੋਖੀ, ਦੁਸ਼ਮਣ ਤੁਰੰਤ ਮਗਰੋਂ ਲਹਿ ਜਾਂਦੇ ਹਨ।

ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਇਕ ਮਨ ਇਕ ਚਿਤ ਇਕਾਗਰ ਹੋ ਕੇ ਪਰਮੇਸ਼ਰ ਨੂੰ ਸ਼ਬਦ ਸੁਰਤ ਦਾ ਮਿਲਾਪ ਕਰਕੇ ਧਿਆਉਣਾ ਹੈ ਤਾਂ ਕਿ ਸਾਡੇ ਵੀ ਕੀਤੇ ਹੋਏ ਅਨੇਕਾਂ ਪਾਪ ਮਿਟ ਜਾਣ ਅਤੇ ਜਨਮ ਮਰਨ ਦਾ ਗੇੜ ਮੁੱਕ ਜਾਏ। ਇਹ ਉਹ ਅਵਸਥਾ ਹੈ ਜਿਸ ਵਿਚ 'ਨਾਮੁ', 'ਨਾਮੁ ਜਪਣ ਵਾਲਾ', ਅਤੇ 'ਨਾਮੀ' (ਅਰਥਾਤ ਪਰਮੇਸ਼ਰ) ਇਕ ਛਿਨ ਭਰ ਵਾਸਤੇ ਜੁੜ ਜਾਂਦੇ ਹਨ। ਉਹ ਇਕ ਛਿਨ ਇੰਨੀ ਵੱਡੀ ਬਖਸ਼ਿਸ਼ ਹੈ ਕਿ ਜਿਸ ਦਾ ਸਦਕਾ ਅਨੇਕਾਂ ਪਾਪ ਕਟ ਜਾਂਦੇ ਹਨ। ਯਥਾ **"ਕਟੇ ਪਾਪ ਅਸੰਖ ਨਾਵੈ ਇਕ ਕਣੀ॥"**

ਇਸ ਸੰਬੰਧ ਵਿਚ ਇਕ ਹੋਰ ਗੁਰਬਾਣੀ ਫੁਰਮਾਨ ਇਉਂ ਵੀ ਹੈ **"ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ॥ ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥"(ਅੰਗ: ੧੩੫੫)**
(ਭਾਵ: ਭਿਆਨਕ ਦੁੱਖ-ਕਲੇਸ਼, ਕੀਤੇ ਹੋਏ ਅਨੇਕਾਂ ਖ਼ੂਨ, ਜਨਮਾਂ ਜਨਮਾਂਤਰਾਂ ਦੀ ਗਰੀਬੀ, ਵੱਡੇ-ਵੱਡੇ ਪੁਆੜੇ ਇਹ ਸਾਰੇ ਹੀ, ਹੇ ਨਾਨਕ! ਇਕਾਗਰ ਹੋ ਕੇ ਇਕ ਵਾਰ ਪਰਮਾਤਮਾ ਦਾ ਨਾਮ ਸਿਮਰਦਿਆਂ ਹੀ ਮਿਟ ਜਾਂਦੇ ਹਨ, ਜਿਵੇਂ ਅੱਗ ਦੀ ਇਕ ਚਿੰਗਾਰੀ ਲੱਖਾਂ ਮਣ ਬਾਲਣ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ।)

੧੩. **"ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥ ਤਾਕੇ ਤਾਪ ਤਨਕ ਮੋ ਹਰਿਹੋ ॥ ਰਿੱਧਿ ਸਿੱਧਿ ਘਰ ਮੋਂ ਸਭ ਹੋਈ ॥ ਦੁਸ਼ਟ ਛਾਹ ਛ੍ਵੈ ਸਕੈ ਨ ਕੋਈ ॥"** ਵਾਲੀਆਂ ਪੰਕਤੀਆਂ ਦਾ ਭਾਵ ਹੈ ਕਿ ਹੇ ਪ੍ਰਭੂ! ਜਿਨ੍ਹਾਂ ਜੀਵਾਂ ਦੇ ਸਰੀਰਾਂ ਨੂੰ ਆਪ ਮਿਹਰ ਦੀ ਨਜ਼ਰ ਨਾਲ ਤੱਕਦੇ ਹੋ, ਉਨ੍ਹਾਂ ਦੇ ਸਾਰੇ ਦੁੱਖ ਕਲੇਸ਼ ਖਿਨ ਮਾਤਰ ਵਿਚ ਦੂਰ ਕਰ ਦਿੰਦੇ ਹੋ। ਉਨ੍ਹਾਂ ਦੇ ਸਰੀਰ-ਘਰ ਵਿਚ ਸਾਰੀਆਂ ਰਿੱਧੀਆਂ ਸਿੱਧੀਆਂ ਸੁਤੇ ਹੀ ਪੈਦਾ ਹੋ ਜਾਂਦੀਆਂ ਹਨ ਅਤੇ ਕੋਈ ਦੋਖੀ ਉਨ੍ਹਾਂ ਦੇ ਪਰਛਾਵੇਂ ਤੱਕ ਦੇ ਨੇੜੇ ਨਹੀਂ ਫਟਕ ਸਕਦਾ।

ਸਵਾਲ ਕਰਨ ਵਾਲੇ ਸਵਾਲ ਕਰਨਗੇ ਕਿ ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ ਕਿ ਇਕ ਵਾਰ ਮਿਹਰ ਦੀ ਨਦਰਿ ਹੋ ਜਾਵੇ ਤਾਂ ਸਾਰੇ ਦੁੱਖ ਕਲੇਸ਼ ਖਿਨ ਵਿਚ ਦੂਰ ਹੋ ਜਾਂਦੇ ਹਨ ਅਤੇ ਰਿੱਧੀਆਂ ਸਿੱਧੀਆਂ ਸੁਤੇ ਸਿੱਧ ਹੀ ਪੈਦਾ ਹੋ ਜਾਂਦੀਆਂ ਹਨ। ਤਾਂ ਇਸ ਦਾ ਜਵਾਬ ਹੈ ਕਿ ਜਿਥੇ ਜਾ ਕੇ ਭੌਤਿਕਵਾਦ (Materialism) ਇਹ ਕਹਿੰਦਾ ਹੈ ਕਿ 'ਇਹ ਗੱਲ ਸੰਭਵ ਨਹੀਂ' ਤਾਂ ਉਥੇ ਅਧਿਆਤਮਵਾਦ (Spiritualism) ਇਹ ਕਹਿੰਦਾ ਹੈ ਕਿ 'ਇਹ ਸੰਭਵ ਹੈ'।

ਗੁਰੂ ਜੀ ਦੀ ਅਮਿਅ ਦ੍ਰਿਸਟਿ (ਅੰਮ੍ਰਿਤ-ਮਈ ਕ੍ਰਿਪਾ ਦ੍ਰਿਸ਼ਟੀ) ਕੀ ਕੁਝ ਨਹੀਂ ਕਰ ਸਕਦੀ। ਇਸ ਸੰਬੰਧ ਵਿਚ ਆਪ ਜੀ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੀਵਨ ਨਾਲ ਸੰਬੰਧਿਤ ਇਕ ਸਾਖੀ ਸਾਂਝੀ ਕਰ ਰਿਹਾ ਹਾਂ। ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਗਏ ਤਾਂ ਰਸਤੇ ਵਿਚ ਪੰਜੋਖਰੇ ਵਿਖੇ ਰੁਕੇ। ਉਥੇ ਇਕ ਪੰਡਤ ਸੀ ਜਿਸ ਦਾ ਨਾਮ ਲਾਲ ਚੰਦ ਸੀ। ਉਸ ਨੂੰ ਆਪਣੇ ਬ੍ਰਾਹਮਣ ਹੋਣ ਦਾ ਅਤੇ ਆਪਣੀ ਵਿਦਵਤਾ ਦਾ ਬਹੁਤ ਮਾਣ ਸੀ। ਇਹ ਪੰਡਤ ਸਿੱਖਾਂ ਨੂੰ ਕਹਿਣ ਲਗਾ ਕਿ ਸੱਤ ਅੱਠ ਸਾਲ ਦਾ ਬਾਲਕ ਆਪਣੇ ਆਪ ਨੂੰ ਹਰਿਕ੍ਰਿਸ਼ਨ ਜੀ ਅਖਵਾਉਂਦਾ ਹੈ। ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਨੇ

ਤਾਂ ਗੀਤਾ ਲਿਖੀ ਸੀ, ਇਹ ਆਪਣੇ ਆਪ ਨੂੰ ਹਰਿਕ੍ਰਿਸ਼ਨ ਜੀ ਅਖਵਾਉਂਦੇ ਹਨ। ਜੇ ਇੰਨੇ ਹੀ ਵੱਡੇ ਹਨ ਤਾਂ ਗੀਤਾ ਦੇ ਅਰਥ ਕਰ ਕੇ ਵਿਖਾਉਣ। ਸਿੱਖਾਂ ਨੇ ਇਹ ਗੱਲ ਗੁਰੂ ਸਾਹਿਬ ਤੱਕ ਪਹੁੰਚਾਈ। ਗੁਰੂ ਜੀ ਨੇ ਪੰਡਤ ਨੂੰ ਆਖਿਆ, "ਜੋ ਪੁੱਛਣਾ ਹੈ ਪੁਛੋ? ਮੈਂ ਗੀਤਾ ਦੇ ਅਰਥ ਕਰ ਦਿੰਦਾ ਹਾਂ। ਪਰ ਫਿਰ ਵੀ ਤੁਹਾਡੀ ਤਸੱਲੀ ਨਹੀਂ ਹੋਣੀ।" ਜੇ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੀਆਂ ਬਖਸ਼ਸ਼ਾਂ ਦੀ ਬਰਕਤ ਵੇਖਣੀ ਹੈ ਤਾਂ ਇਸ ਨਗਰ ਵਿਚੋਂ ਜਿਸ ਆਦਮੀ ਨੂੰ ਤੁਸੀਂ ਮੂਰਖ ਸਮਝਦੇ ਹੋ, ਉਸ ਨੂੰ ਲੈ ਆਓ, ਉਹ ਤੁਹਾਡੇ ਸਵਾਲਾਂ ਦੇ ਜਵਾਬ ਦੇਵੇਗਾ। ਪੰਡਤ ਬਹੁਤ ਚਲਾਕ ਸੀ। ਉਹ ਨਗਰ ਵਿਚੋਂ ਇਕ ਐਸੇ ਬੰਦੇ ਨੂੰ ਲੈ ਕੇ ਆਇਆ ਜੋ ਨਾ ਬੋਲ ਸਕਦਾ ਸੀ ਅਤੇ ਨਾ ਹੀ ਸੁਣ ਸਕਦਾ ਸੀ । ਉਸ ਦਾ ਨਾਮ ਛੱਜੂ ਝੀਊਰ ਸੀ। ਪੰਡਤ ਨੇ ਗੁਰੂ ਜੀ ਨੂੰ ਕਿਹਾ ਇਸ ਕੋਲੋਂ ਗੀਤਾ ਦੇ ਅਰਥ ਕਰਵਾਓ। ਗੁਰੂ ਜੀ ਨੇ ਛੱਜੂ ਨੂੰ ਕੋਲ ਬਿਠਾਇਆ। ਉਸ ਵੱਲ ਅਮਿਅ ਦ੍ਰਿਸ਼ਟ ਕੀਤੀ, ਉਸ ਦੇ ਸਿਰ ਤੇ ਛੜੀ ਰਖੀ ਤੇ ਕਿਹਾ ਕਿ ਗੀਤਾ ਦੇ ਅਰਥ ਸੁਣਾਓ। ਛੱਜੂ ਦਾ ਗੂੰਗੇਪਨ ਤੇ ਬਹਿਰੇਪਣ ਦਾ ਰੋਗ ਦੂਰ ਹੋ ਗਿਆ ਤੇ ਉਸ ਨੇ ਬਹੁਤ ਵੱਡੇ ਵਿਦਵਾਨ ਦੀ ਤਰ੍ਹਾਂ ਗੀਤਾ ਦੇ ਅਰਥ ਕੀਤੇ। ਪੰਡਤ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਇਕ ਨਾ ਬੋਲ ਤੇ ਨਾ ਸੁਣ ਸਕਣ ਵਾਲਾ ਬੰਦਾ ਕਿਵੇਂ ਠੀਕ ਹੋ ਗਿਆ ਅਤੇ ਇਸ ਨੇ ਕਿੰਨੇ ਵਧੀਆ ਢੰਗ ਨਾਲ ਅਰਥ ਕਰ ਦਿਤੇ ਹਨ। ਪੰਡਤ ਨੂੰ ਆਪਣੀ ਕਰਨੀ ਤੇ ਬਹੁਤ ਪਛਤਾਵਾ ਹੋਇਆ ਅਤੇ ਉਸ ਨੂੰ ਯਕੀਨ ਬੱਝ ਗਿਆ ਕਿ ਗੁਰੂ ਜੀ ਦੀ ਇਕ ਮਿਹਰ ਭਰੀ ਦ੍ਰਿਸ਼ਟੀ ਕਿਵੇਂ ਰੋਗੀ ਦੇ ਰੋਗ ਕੱਟ ਕੇ ਉਸ ਨੂੰ ਠੀਕ ਕਰ ਦਿੰਦੀ ਹੈ ਅਤੇ ਕਿਵੇਂ ਇਕ ਅਗਿਆਨੀ ਬੰਦਾ ਵੀ ਗਿਆਨਵਾਨ ਬਣ ਜਾਂਦਾ ਹੈ।

ਇਸੇ ਲਈ ਹੀ ਤਾਂ ਸਾਡੀ ਪੰਥ ਪ੍ਰਵਾਨਿਤ ਅਰਦਾਸ ਵਿਚ ਦਾ ਜ਼ਿਕਰ ਆਉਂਦਾ ਹੈ ਕਿ "**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ।**" ਤੇ ਨਾਲ ਹੀ ਜ਼ਿਕਰ ਆਉਂਦਾ ਹੈ "**ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ**"।

੧੪. "**ਜਿਨ ਨਰ ਨਾਮ ਤਿਹਾਰੋ ਕਹਾ॥ ਦਾਰਿਦ ਦੁਸ਼ਟ ਦੋਖ ਤੇ ਰਹਾ॥**" ਵਾਲੀ ਪੰਕਤੀ ਵਿਚ ਨਾਮ ਦੀ ਮਹਿਮਾ ਦੱਸੀ ਗਈ ਹੈ ਕਿ ਨਾਮ ਨੂੰ ਜਪਣ ਅਤੇ ਸੁਣਨ ਨਾਲ ਜੀਵ ਦਲਿੱਦਰ, ਦੋਖੀਆਂ ਅਤੇ ਦੁਸ਼ਮਣਾਂ ਤੋਂ ਸਦਾ ਬਚੇ ਰਹਿੰਦੇ ਹਨ।

ਜਿਵੇਂ ਕਿ ਸੂਰਜ ਅਤੇ ਸੂਰਜ ਦੀਆਂ ਕਿਰਨਾਂ ਇਕ ਹੀ ਰੂਪ ਹੁੰਦੀਆਂ ਹਨ, ਉਵੇਂ ਹੀ ਪਰਮੇਸ਼ਰ ਅਤੇ ਪਰਮੇਸ਼ਰ ਦਾ ਨਾਮ ਵੀ ਇਕ ਹੀ ਰੂਪ ਹਨ ਅਤੇ ਇਕੋ ਜਿੰਨੀ ਤਾਕਤ ਰੱਖਦੇ ਹਨ। ਨਾਮ ਨੂੰ ਚਿਤ ਲਗਾ ਕੇ ਜਪਣ ਅਤੇ ਸੁਣਨ ਨਾਲ ਸਾਡੇ ਸਾਰੇ ਦੁੱਖਾਂ, ਰੋਗਾਂ,

ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਜਿਵੇਂ ਕਿ ਜਪੁ ਜੀ ਸਾਹਿਬ ਵਿਚ ਫੁਰਮਾਨ ਹੈ: "**ਸੁਣਿਐ ਦੂਖ ਪਾਪ ਕਾ ਨਾਸੁ॥**"

ਨਾਮ ਦੀ ਕਿੰਨੀ ਕੁ ਵੱਡੀ ਤਾਕਤ ਹੈ ਅਤੇ ਕੀ ਕੁਝ ਕਰ ਸਕਦਾ ਹੈ ਤਾਂ ਇਸ ਸੰਬੰਧ ਵਿਚ ਪੰਚਮ ਪਿਤਾ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਵਿਚ ਇਉਂ ਫੁਰਮਾਨ ਹੈ:

**"ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥**
**ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥**
**ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥**
**ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥**
**ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥**
**ਨਾਨਕ ਚਉਥੈ ਪਦ ਮਹਿ ਸੋ ਜਨੁ ਗਤਿ ਪਾਏ॥"**

ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਵੀ ਪ੍ਰਭੂ ਦੇ ਨਾਮ ਦਾ ਓਟ ਆਸਰਾ ਲੈਣਾ ਹੈ ਅਤੇ ਉਸ ਦੇ ਨਾਮ ਦਾ ਹੀ ਬਾਰੰਬਾਰ ਸਿਮਰਨ ਕਰਨਾ ਹੈ।

੧੫. **"ਖੜਗ ਕੇਤ ਮੈ ਸਰਣਿ ਤਿਹਾਰੀ ॥ ਆਪ ਹਾਥ ਦੈ ਲੇਹੁ ਉਬਾਰੀ ॥ ਸਰਬ ਠੌਰ ਮੋ ਹੋਹੁ ਸਹਾਈ ॥ ਦੁਸਟ ਦੋਖ ਤੇ ਲੇਹੁ ਬਚਾਈ ॥"** ਵਾਲੀਆਂ ਪੰਕਤੀਆਂ ਦਾ ਭਾਵ ਹੈ ਕਿ ਹੇ ਖੜਗ ਚਿੰਨ੍ਹ ਵਾਲੇ ਝੰਡੇ ਦੇ ਮਾਲਕ! ਮੈਂ ਆਪ ਜੀ ਦੀ ਸ਼ਰਣੀ ਆਣ ਬੈਠਾ ਹਾਂ, ਮੈਨੂੰ ਆਪਣਾ ਹੱਥ ਦੇ ਕੇ ਬਚਾ ਲਵੋ। ਹਰੇਕ ਥਾਵੇਂ ਮੇਰੀ ਸਹਾਇਤਾ ਕਰੋ ਅਤੇ ਦੁਸ਼ਟਾਂ ਤੇ ਦੋਖੀਆਂ ਤੋਂ ਮੈਨੂੰ ਬਚਾ ਲਵੋ।

ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਸਿੱਖ ਨੇ ਕੇਵਲ ਤੇ ਕੇਵਲ ਖੜਗਧਾਰੀ ਅਤੇ ਖੜਗ ਦੇ ਧਨੀ ਇਕ ਅਕਾਲ ਪੁਰਖ ਪਰਮੇਸ਼ਰ ਦੀ ਸ਼ਰਨ ਲੈਣੀ ਹੈ ਅਤੇ ਉਸੇ ਨੂੰ ਹੀ ਬੇਨਤੀ ਕਰਨੀ ਹੈ ਕਿ ਤੁਸੀਂ ਮੇਰੀ ਹਰ ਜਗ੍ਹਾ ਤੇ ਹੱਥ ਦੇ ਕੇ ਰੱਖਿਆ ਕਰੋ ਤੇ ਮੈਨੂੰ ਦੁਸ਼ਟਾਂ, ਦੋਖਾਂ ਤੋਂ ਉਬਾਰ ਲਵੋ ਕਿਉਂਕਿ ਉਹ ਪਰਮਾਤਮਾ ਤਾਂ ਉਥੇ ਵੀ ਪਹੁੰਚ ਕੇ ਰਖਿਆ ਕਰਨ ਦੇ ਸਮਰੱਥ ਹੈ ਜਿੱਥੇ ਕਿ ਕੋਈ ਹੋਰ ਸਾਡੀ ਸਹਾਇਤਾ ਨਹੀਂ ਕਰ ਸਕਦਾ **ਯਥਾ "ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ॥ ਓਥੈ ਤੇਰੀ ਰਖ ਅਗਨੀ ਉਦਰ ਮਾਹਿ॥ (ਅੰਗ: ੯੬੨)**

## ਸ੍ਵੈਯਾ ॥

**ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥**
**ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥**
**ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥**
**ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥**

**ਪਦ ਅਰਥ: ਪਾਂਇ**-ਪੈਰ, ਚਰਨ। **ਗਹੇ**-ਪਕੜ ਲਏ। **ਆਂਖ ਤਰੇ**-ਅੱਖ ਥੱਲੇ। **ਰਾਮ ਰਹੀਮ**-ਰਾਮ ਚੰਦਰ ਜੀ ਹਿੰਦੂਆਂ ਦੇ ਅਵਤਾਰ ਅਤੇ ਹਜ਼ਰਤ ਮੁਹੰਮਦ ਸਾਹਿਬ ਮੁਸਲਮਾਨਾਂ ਦੇ ਪੈਗੰਬਰ। **ਪੁਰਾਨ**-ਹਿੰਦੂਆਂ ਦੇ ਧਰਮ ਗ੍ਰੰਥ ਜੋ ਗਿਣਤੀ ਵਿਚ ੧੮ ਮੰਨੇ ਜਾਂਦੇ ਹਨ। **ਕੁਰਾਨ**-ਮੁਸਲਮਾਨਾਂ ਦਾ ਧਰਮ ਗ੍ਰੰਥ। **ਸਿੰਮ੍ਰਿਤਿ**-ਸਿਮਰਤੀਆਂ, ਹਿੰਦੂ ਮਤ ਦੀਆਂ ਧਰਮ ਪੁਸਤਕਾਂ, ਜੋ ਗਿਣਤੀ ਵਿਚ ੨੭ ਹਨ। **ਸਾਸਤ੍ਰ**-ਹਿੰਦੂ ਧਰਮ ਦੇ ਧਰਮ ਗ੍ਰੰਥ, ਜੋ ਗਿਣਤੀ ਵਿਚ ਛੇ ਹਨ। **ਬੇਦ**-ਹਿੰਦੂ ਧਰਮ ਦੇ ਧਰਮ ਗ੍ਰੰਥ, ਜੋ ਗਿਣਤੀ ਵਿਚ ਚਾਰ ਹਨ। **ਭੇਦ**-ਭੇਤ। **ਸ੍ਰੀ ਅਸਿਪਾਨ**-ਸ਼ਸਤ੍ਰਧਾਰੀ ਮਹਾਂਕਾਲ। **ਬਖਾਨਯੋ**-ਵਖਿਆਨ ਕੀਤਾ ਹੈ, ਕਥਨ ਕੀਤਾ ਹੈ।

ਅਰਥ: ਹੇ ਮਹਾਂਕਾਲ ਜੀ! ਜਦੋਂ ਤੋਂ ਮੈਂ ਆਪ ਦੇ ਚਰਨ ਪਕੜੇ ਹਨ, ਤਦ ਤੋਂ ਮੈਂ ਕਿਸੇ ਹੋਰ ਨੂੰ ਆਪਣੀਆਂ ਅੱਖਾਂ ਹੇਠਾਂ ਨਹੀਂ ਲਿਆਉਂਦਾ। ਅਰਥਾਤ ਆਪ ਜੀ ਦੇ ਚਰਨੀ ਲਗਿਆਂ ਮੈਂ ਬੇਮੁਥਾਜ ਹੋ ਗਿਆਂ ਹਾਂ।

ਸ੍ਰੀ ਰਾਮ ਚੰਦਰ ਆਦਿਕ ਹਿੰਦੂਆਂ ਦੇ ਅਵਤਾਰ ਅਤੇ ਹਜ਼ਰਤ ਮੁਹੰਮਦ ਆਦਿਕ ਮੁਸਲਮਾਨਾਂ ਦੇ ਪੈਗੰਬਰ, ਪੁਰਾਨ (ਹਿੰਦੂ ਮਤ ਦੇ ਧਰਮ ਗ੍ਰੰਥ) ਤੇ ਕੁਰਾਨ (ਇਸਲਾਮ ਮਤ ਦਾ ਧਰਮ ਗ੍ਰੰਥ) ਆਪੋ ਆਪਣੇ ਅਨੇਕ ਮਤਾਂ ਦਾ ਪ੍ਰਚਾਰ ਕਰਦੇ ਹਨ। ਪਰ ਹੇ ਮਹਾਂ ਕਾਲ ਜੀ! ਆਪ ਜੀ ਦੀ ਬਲਵਾਨ ਓਟ ਦਾ ਸਦਕਾ ਮੈਂ ਕਿਸੇ ਮਤ ਨੂੰ ਨਹੀਂ ਅਪਨਾਇਆ। ਹਿੰਦੂ ਧਰਮ ਦੇ ਧਾਰਮਿਕ ਗ੍ਰੰਥ ਸਿਮਰਤੀਆਂ, ਸ਼ਾਸਤ੍ਰ ਅਤੇ ਵੇਦ ਇਹ ਸਾਰੇ ਆਪਣੇ ਮਤ ਦੇ ਭਾਂਤੋਂ ਭਾਂਤੀ ਤਰੀਕੇ ਵਰਨਣ ਕਰਦੇ ਹਨ, ਪਰ ਹੇ ਮਹਾਂ ਕਾਲ! ਆਪ ਜੀ ਦੀ ਓਟ ਲੈਣ ਦਾ ਸਦਕਾ ਮੈਨੂੰ ਕੋਈ ਵੀ ਤਰੀਕਾ ਨਾ ਭਾਇਆ।

ਹੇ ਸ਼ਸਤ੍ਰ-ਪਾਣੇ! ਮਹਾਂ ਕਾਲ ਜੀ! ਆਪ ਜੀ ਦਾ ਜਸ ਗਾਇਨ ਆਪ ਜੀ ਦੀ ਕਿਰਪਾਲਤਾ ਸਦਕਾ ਹੀ ਸੰਭਵ ਹੋਇਆ ਹੈ। ਆਪ ਜੀ ਦਾ ਜਸ ਮੈਂ ਆਪੂੰ ਨਹੀਂ ਆਖਿਆ, ਸੱਚਾਈ ਇਹ ਹੈ ਕਿ ਇਹ ਆਪ ਜੀ ਨੇ ਹੀ ਕਥਨ ਕਰਾਇਆ ਹੈ।

# ਸਿੱਖਿਆਵਾਂ

## ਪਹਿਲੀ ਸਿੱਖਿਆ

**"ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥**
**ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥**
**ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥"**

(ਭਾਵ: ਹੇ ਮਹਾਂਕਾਲ ਪ੍ਰਭੂ ਜੀ! ਜਦੋਂ ਤੋਂ ਮੈਂ ਆਪ ਜੀ ਦੇ ਸ਼ਬਦ ਰੂਪੀ ਚਰਨਾਂ ਦੀ ਟੇਕ ਲਈ ਹੈ, ਤਦ ਤੋਂ ਮੈਨੂੰ ਕਿਸੇ ਹੋਰ ਦੀ ਮੁਥਾਜੀ ਮੁਕ ਗਈ ਹੈ ਤੇ ਮੈਂ ਬੇਪਰਵਾਹ ਹੋ ਕੇ ਜੀਊਣ ਲੱਗ ਪਿਆ ਹਾਂ। ਹੁਣ ਮੈਂ ਆਪਣੀਆਂ ਅੱਖਾਂ ਹੇਠਾਂ ਕਿਸੇ ਹੋਰ ਨੂੰ ਨਹੀਂ ਲਿਆਉਂਦਾ ਅਰਥਾਤ ਆਪ ਜੀ ਦੇ ਸ਼ਬਦ ਰੂਪੀ ਚਰਨੀਂ ਲਗਿਆਂ ਮੈਂ ਬੇਮੁਥਾਜ ਹੋ ਗਿਆਂ ਹਾਂ।)

ਅਸੀਂ ਅਕਸਰ ਦੁਨੀਆ ਵਿਚ ਦੇਖਦੇ ਹਾਂ ਕਿ ਜਦੋਂ ਕਿਸੇ ਮਨੁੱਖ ਦੀ ਕਿਸੇ ਉੱਚੇ ਅਹੁਦੇ ਵਾਲੇ ਬੰਦੇ ਨਾਲ ਜਾਣ-ਪਛਾਣ ਹੋ ਜਾਏ ਤਾਂ ਉਹ ਹੋਰ ਦੂਜੇ ਛੋਟੇ ਬੰਦਿਆਂ ਨੂੰ ਆਪਣੀਆਂ ਅੱਖਾਂ ਥੱਲੇ ਲੈ ਕੇ ਨਹੀਂ ਆਉਂਦਾ। ਉਦਾਹਰਣ ਦੇ ਤੌਰ ਤੇ ਮੰਨ ਲਉ ਕਿ ਕਿਸੇ ਬੰਦੇ ਦੀ ਦੇਸ਼ ਦੇ ਪ੍ਰਧਾਨ ਮੰਤਰੀ ਨਾਲ ਦੋਸਤੀ ਹੋ ਜਾਵੇ ਤਾਂ ਫਿਰ ਉਹ ਹੋਰ ਮੰਤਰੀਆਂ ਤੇ ਹੋਰ ਪ੍ਰਾਤਾਂ ਦੇ ਮੁੱਖ ਮੰਤਰੀਆਂ, ਗਵਰਨਰਾਂ ਅਤੇ ਸਰਕਾਰੀ ਅਮਲੇ ਤੋਂ ਵੀ ਬੇਪਰਵਾਹ ਹੋ ਜਾਂਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਦੇਸ਼ ਦਾ ਸ੍ਰੇਸ਼ਟ ਸ਼ਕਤੀਸ਼ਾਲੀ ਬੰਦਾ ਪ੍ਰਧਾਨ ਮੰਤਰੀ ਮੇਰਾ ਆਪਣਾ ਬੰਦਾ ਹੈ।

ਇੰਝ ਹੀ ਸਤਿਗੁਰੂ ਜੀ ਕਹਿੰਦੇ ਕਿ ਹੇ ਮਹਾਂ ਕਾਲ ਨਿਰੰਕਾਰ ਜੀ! ਜਦੋਂ ਦੇ ਮੈਂ ਆਪ ਜੀ ਦੇ ਸ਼ਬਦ ਰੂਪੀ ਚਰਨਾਂ ਦਾ ਆਸਰਾ ਲਿਆ ਹੈ ਤਦੋਂ ਤੋਂ ਮੈਂ ਕਿਸੇ ਹੋਰ ਨੂੰ ਆਪਣੀਆਂ ਅੱਖਾਂ ਹੇਠ ਨਹੀਂ ਲਿਆਉਂਦਾ ਕਿਉਂਕਿ ਅਕਾਲ ਪੁਰਖ ਹੀ ਸਰਵ-ਉੱਚ ਹਸਤੀ ਹੈ ਅਤੇ ਸਾਰੀ ਕਾਇਨਾਤ ਉਸ ਦੇ ਭੈ ਵਿਚ ਹੈ ਅਤੇ ਸਾਰਿਆਂ ਉੱਤੇ ਉਸ ਦਾ ਹੁਕਮ ਚਲਦਾ ਹੈ। ਸ੍ਰੀ ਆਸਾ ਕੀ ਵਾਰ ਵਿਚ ਵੀ ਸਤਿਗੁਰੂ ਜੀ ਇਉਂ ਫੁਰਮਾਉਂਦੇ ਹਨ :-

**ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥**
**ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥**
**ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥**
**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥**
**ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥**
**ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥**
**ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥**

(ਭਾਵ: ਹਵਾ ਸਦਾ ਹੀ ਰੱਬ ਦੇ ਡਰ ਵਿਚ ਚੱਲ ਰਹੀ ਹੈ। ਲੱਖਾਂ ਦਰੀਆਉ ਵੀ ਭੈ ਵਿਚ ਹੀ ਵਗ ਰਹੇ ਹਨ। ਅੱਗ ਜੋ ਸੇਵਾ ਕਰ ਰਹੀ ਹੈ, ਇਹ ਭੀ ਰੱਬ ਦੇ ਭੈ ਵਿਚ ਹੀ ਹੈ। ਸਾਰੀ ਧਰਤੀ ਰੱਬ ਦੇ ਡਰ ਦੇ ਕਾਰਨ ਹੀ ਭਾਰ ਹੇਠ ਦਬੀ ਪਈ ਹੈ। ਰੱਬ ਦੇ ਭੈ ਵਿਚ ਇੰਦਰ ਰਾਜਾ ਸਿਰ ਦੇ ਭਾਰ ਫਿਰ ਰਿਹਾ ਹੈ (ਭਾਵ, ਮੇਘ ਉਸ ਦੀ ਰਜ਼ਾ ਵਿਚ ਹੀ ਉੱਡ ਰਹੇ ਹਨ) । ਧਰਮ-ਰਾਜ ਦਾ ਦਰਬਾਰ ਭੀ ਰੱਬ ਦੇ ਡਰ ਵਿਚ ਹੈ। ਸੂਰਜ ਵੀ ਤੇ ਚੰਦ੍ਰਮਾ ਵੀ ਰੱਬ ਦੇ ਹੁਕਮ ਵਿਚ ਹਨ, ਕ੍ਰੋੜਾਂ ਕੋਹਾਂ ਚਲਦਿਆਂ ਦੇ ਪੈਂਡੇ ਦਾ ਓੜਕ ਨਹੀਂ ਆਉਂਦਾ। ਸਿੱਧ, ਬੁਧ, ਦੇਵਤੇ ਤੇ ਨਾਥ ਸਾਰੇ ਰੱਬ ਦੇ ਭੈ ਵਿਚ ਹਨ। ਇਹ ਉੱਪਰ ਤਣੇ ਹੋਏ ਅਕਾਸ਼ (ਜੋ ਦਿੱਸਦੇ ਹਨ, ਇਹ ਭੀ) ਭੈ ਵਿਚ ਹੀ ਹਨ। ਬੜੇ ਬੜੇ ਬਲ ਵਾਲੇ ਜੋਧੇ ਤੇ ਸੂਰਮੇ ਸਭ ਰੱਬ ਦੇ ਭੈ ਵਿਚ ਹਨ। ਪੂਰਾਂ ਦੇ ਪੂਰ ਜੀਵ ਜੋ ਜਗਤ ਵਿਚ ਜੰਮਦੇ ਤੇ ਮਰਦੇ ਹਨ, ਸਭ ਭੈ ਵਿਚ ਹਨ। ਸਾਰੇ ਹੀ ਜੀਵਾਂ ਦੇ ਮੱਥੇ ਤੇ ਭਉ-ਰੂਪ ਲੇਖ ਲਿਖਿਆ ਹੋਇਆ ਹੈ, ਭਾਵ, ਪ੍ਰਭੂ ਦਾ ਨਿਯਮ ਹੀ ਐਸਾ ਹੈ ਕਿ ਸਾਰੇ ਉਸ ਦੇ ਭੈ ਵਿਚ ਹਨ। ਹੇ ਨਾਨਕ! ਕੇਵਲ ਇਕ ਸੱਚਾ ਨਿਰੰਕਾਰ ਹੀ ਭੈ-ਰਹਿਤ ਹੈ।)

**ਇਸ ਸੰਬੰਧ ਵਿਚ ਗੁਰਬਾਣੀ ਦਾ ਇਕ ਹੋਰ ਫੁਰਮਾਨ ਇਉਂ ਹੈ:**

**"ਡਰਪੈ ਧਰਤਿ ਅਕਾਸੁ ਨਖ੍ਯ੍ਤ੍ਰਾ ਸਿਰ ਊਪਰਿ ਅਮਰੁ ਕਰਾਰਾ ॥**
**ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ ॥੧॥**
**ਏਕਾ ਨਿਰਭਉ ਬਾਤ ਸੁਨੀ ॥**
**ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ ॥੧॥ ਰਹਾਉ ॥**
**ਦੇਹਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ ॥**
**ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ ॥੨॥**
**ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ ॥**
**ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮ ਰਾਇਆ ॥੩॥**
**ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥**
**ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ ॥੪॥੧॥"**
**(ਅੰਗ:੯੯੮)**

(ਭਾਵ: ਹੇ ਭਾਈ! (ਅਸਾਂ) ਇੱਕੋ ਗੱਲ ਸੁਣੀ ਹੋਈ ਹੈ ਜੋ ਮਨੁੱਖ ਨੂੰ ਡਰਾਂ ਤੋਂ ਰਹਿਤ ਕਰ ਦੇਂਦੀ ਹੈ (ਉਹ ਇਹ ਹੈ ਕਿ) ਜਿਹੜਾ ਮਨੁੱਖ ਗੁਰੂ ਨੂੰ ਮਿਲ ਕੇ ਪਰਮਾਤਮਾ ਦੇ ਗੁਣ ਗਾਂਦਾ ਹੈ (ਅਤੇ ਰਜ਼ਾ ਅਨੁਸਾਰ ਜੀਊਣਾ ਸਿੱਖ ਲੈਂਦਾ ਹੈ) ਉਹ ਸੁਖੀ ਜੀਵਨ ਵਾਲਾ ਹੈ ਉਹ ਸਦਾ ਸੌਖਾ ਰਹਿੰਦਾ ਹੈ।੧। ਰਹਾਉ।

ਹੇ ਭਾਈ! ਧਰਤੀ, ਆਕਾਸ਼, ਤਾਰੇ ਇਹਨਾਂ ਸਭਨਾਂ ਦੇ ਸਿਰ ਉੱਤੇ ਪਰਮਾਤਮਾ ਦਾ ਕਰੜਾ ਹੁਕਮ ਚੱਲ ਰਿਹਾ ਹੈ (ਇਹਨਾਂ ਵਿਚੋਂ ਕੋਈ ਭੀ) ਰਜ਼ਾ ਤੋਂ ਆਕੀ ਨਹੀ ਹੋ ਸਕਦਾ। ਹਵਾ,

ਪਾਣੀ, ਅੱਗ (ਆਦਿਕ ਹਰੇਕ ਤੱਤ) ਰਜ਼ਾ ਵਿਚ ਤੁਰ ਰਿਹਾ ਹੈ। ਨਿਮਾਣਾ ਇੰਦਰ (ਭੀ) ਪ੍ਰਭੂ ਦੇ ਹੁਕਮ ਵਿਚ ਤੁਰ ਰਿਹਾ ਹੈ (ਭਾਵੇਂ ਲੋਕਾਂ ਦੇ ਖ਼ਿਆਲ ਅਨੁਸਾਰ ਉਹ ਸਾਰੇ ਦੇਵਤਿਆਂ ਦਾ ਰਾਜਾ ਹੈ)।

ਹੇ ਭਾਈ! ਸਾਰੇ ਜੀਵ ਅਤੇ ਦੇਵਤੇ ਹੁਕਮ ਵਿਚ ਤੁਰ ਰਹੇ ਹਨ, ਸਿੱਧ ਅਤੇ ਸਾਧਿਕ ਭੀ (ਹੁਕਮ ਅੱਗੇ) ਥਰ ਥਰ ਕੰਬਦੇ ਹਨ। ਚੌਰਾਸੀ ਲੱਖ ਜੂਨਾਂ ਦੇ ਸਾਰੇ ਜੀਵ (ਜੋ ਰਜ਼ਾ ਵਿਚ ਨਹੀਂ ਤੁਰਦੇ) ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ, ਮੁੜ ਮੁੜ ਜੂਨਾਂ ਵਿਚ ਪਾਏ ਜਾਂਦੇ ਹਨ।

ਹੇ ਭਾਈ! ਪਰਮਾਤਮਾ ਨੇ ਬੇਅੰਤ ਜੀਵ ਪੈਦਾ ਕੀਤੇ ਹਨ ਜੋ ਰਜੋ ਸਤੋ ਤਮੋ (ਇਹਨਾਂ ਤਿੰਨ ਗੁਣਾਂ ਵਿਚ ਵਰਤ ਰਹੇ ਹਨ, ਇਹ ਸਾਰੇ ਉਸ ਦੇ) ਹੁਕਮ ਵਿਚ ਹੀ ਕਾਰ ਕਰ ਰਹੇ ਹਨ। (ਦੁਨੀਆ ਦੇ ਸਾਰੇ ਜੀਵਾਂ ਵਾਸਤੇ) ਛਲ (ਬਣੀ ਹੋਈ) ਇਹ ਵਿਚਾਰੀ ਲੱਛਮੀ ਭੀ ਰਜ਼ਾ ਵਿਚ ਤੁਰ ਰਹੀ ਹੈ, ਧਰਮਰਾਜ ਭੀ ਹੁਕਮ ਅੱਗੇ ਥਰ ਥਰ ਕੰਬਦਾ ਹੈ।

ਹੇ ਭਾਈ! ਦੁਨੀਆ ਦੀ ਸਮੱਗਰੀ ਰਜ਼ਾ ਵਿਚ ਬੱਝੀ ਹੋਈ ਹੈ, ਇੱਕ ਸਿਰਜਣਹਾਰ ਪ੍ਰਭੂ ਹੀ ਹੈ ਜਿਸ ਉਤੇ ਕਿਸੇ ਦਾ ਡਰ ਨਹੀਂ। ਹੇ ਨਾਨਕ! ਆਖ - ਪਰਮਾਤਮਾ ਆਪਣੇ ਭਗਤਾਂ ਦਾ ਸਹਾਈ ਹੈ, ਭਗਤ ਉਸ ਦੇ ਦਰਬਾਰ ਵਿਚ ਸਦਾ ਸੋਭਾ ਪਾਂਦੇ ਹਨ।) ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਗੁਰੂ ਦੇ ਸਿੱਖ ਨੇ ਪਰਮਾਤਮਾ ਤੋਂ ਛੁੱਟ ਕਿਸੇ ਹੋਰ ਦੀ ਟੇਕ ਤੇ ਆਸਰਾ ਨਹੀਂ ਤੱਕਣਾ। ਉਹ ਪਰਮਾਤਮਾ ਹੀ ਸਰਬ-ਉੱਚ ਹਸਤੀ ਹੈ। ਉਸ ਦੇ ਹੁਕਮ ਤੋਂ ਕੋਈ ਵੀ ਆਕੀ ਨਹੀਂ ਹੈ ਅਤੇ ਸਾਰੀ ਕਾਇਨਾਤ ਉਸ ਦੇ ਭੈ ਵਿਚ ਚਲਦੀ ਹੈ। ਅਸੀਂ ਵੀ ਉਸ ਦੇ ਭੈ ਵਿਚ ਰਹਿਣਾ ਹੈ ਅਤੇ ਉਸ ਦੇ ਨਿਰਮਲ ਭਉ ਨੂੰ ਹੀ ਮਨ ਵਿਚ ਵਸਾਉਣਾ ਹੈ ਅਤੇ ਕਿਸੇ ਹੋਰ ਤੋਂ ਨਹੀਂ ਡਰਨਾ। ਉਸ ਦਾ ਨਿਰਮਲ ਡਰ ਅਜਿਹਾ ਡਰ ਹੈ ਜੋ ਸਾਨੂੰ ਬਾਕੀ ਡਰਾਂ ਤੋਂ ਮੁਕਤ ਕਰ ਦਿੰਦਾ ਹੈ। **ਯਥਾ: "ਡਡਾ ਡਰ ਉਪਜੇ ਡਰੁ ਜਾਈ॥ ਤਾ ਡਰ ਮਹਿ ਡਰੁ ਰਹਿਆ ਸਮਾਈ॥"**

## ਦੂਜੀ ਸਿੱਖਿਆ

**ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥**

ਅਰਥਾਤ ਇਸ ਪੰਕਤੀ ਵਿਚ ਗੁਰੂ ਜੀ ਫੁਰਮਾ ਰਹੇ ਹਨ ਕਿ ਇਸ ਤੋਂ ਪਹਿਲੇ ਅੰਕਿਤ ਕੀਤੇ ਮਹਾਂ ਬੋਲ "ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥............ਹਮ ਏਕ ਨ ਜਾਨਯੋ ॥" ਮੇਰੇ ਆਪਣੇ ਬੋਲ ਨਹੀਂ। ਮੈਂ ਕੇਵਲ ਉਹੋ ਕੁਝ ਕਿਹਾ ਹੈ ਜੋ ਆਪ ਜੀ ਨੇ ਅਖਵਾਇਆ ਹੈ ਤੇ ਇਸ ਤੋਂ ਬਾਅਦ ਫਿਰ ਅਰਦਾਸ ਰੂਪ ਹੋ ਕੇ ਇਸ ਦੋਹਰੇ ਰਾਹੀਂ ਸਮਝਾਉਣਾ ਕਰਦੇ ਹਨ:

## ਦੋਹਰਾ ॥

**ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ ॥**
**ਬਾਂਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ ॥**

ਹੇ ਜਗਤ ਦੀ ਸਿਰਜਨਾ ਕਰਨ ਵਾਲੇ ਪਰਮੇਸ਼ਰ ਜੀ! ਮੈਂ ਸਾਰੇ ਪਾਸਿਓ ਆਪਣੀਆਂ ਟੇਕਾਂ ਤੇ ਆਸਰੇ ਮੁਕਾ ਕੇ ਕੇਵਲ ਤੇ ਕੇਵਲ ਤੁਹਾਡੇ ਦਰ ਦਾ ਆਸਰਾ ਲਿਆ ਹੈ ਤੇ ਤੁਸੀਂ ਆਪ ਕਿਰਪਾ ਕਰਕੇ ਆਪਣੇ ਬਿਰਦ ਦੀ ਲਾਜ ਰਖਣਾ।

## ਸਿੱਖਿਆ

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਹੋਰ ਸਾਰੇ ਆਸਰੇ ਛੱਡ ਕੇ ਕੇਵਲ ਤੇ ਕੇਵਲ ਇਕ ਅਕਾਲ ਪੁਰਖ ਦਾ ਹੀ ਆਸਰਾ ਲੈਣਾ ਹੈ। ਜਿਨ੍ਹਾਂ ਜਿਨ੍ਹਾਂ ਨੇ ਕੇਵਲ ਤੇ ਕੇਵਲ ਇਕ ਅਕਾਲ ਪੁਰਖ ਪਰਮੇਸ਼ਰ ਦੀ ਹੀ ਓਟ ਤੇ ਆਸਰਾ ਲਿਆ ਹੈ, ਉਨ੍ਹਾਂ ਉਨ੍ਹਾਂ ਦੀ ਲਾਜ ਉਸ ਅਕਾਲ ਪੁਰਖ ਪਰਮੇਸ਼ਰ ਨੇ ਹਰ ਇਕ ਜਗ੍ਹਾ ਤੇ ਰੱਖੀ ਹੈ।

ਸਵਾਲ ਕਰਨ ਵਾਲੇ ਸਵਾਲ ਕਰਨਗੇ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਪਰਮਾਤਮਾ ਹਰ ਜਗ੍ਹਾ ਪਹੁੰਚ ਕੇ ਉਨ੍ਹਾਂ ਦੀ ਲਾਜ ਰੱਖਦਾ ਹੋਵੇ ਤਾਂ ਇਸ ਦੇ ਜਵਾਬ ਵਿਚ ਸਾਨੂੰ ਗੁਰਬਾਣੀ ਵਿਚ ਅਨੇਕਾਂ ਹੀ ਪ੍ਰਮਾਣ ਮਿਲਦੇ ਹਨ ਜਿਵੇਂ ਕਿ ਭਗਤ ਪ੍ਰਹਿਲਾਦ ਜੀ ਤੇ ਹੋਰ ਭਗਤਾਂ ਦੀ ਪੈਜ ਉਨ੍ਹਾਂ ਦੇ ਔਖੇ ਸਮੇਂ ਵਿਚ ਪਰਮਾਤਮਾ ਨੇ ਆਪ ਰਖੀ।

ਇਸ ਸੰਬੰਧ ਵਿਚ ਕੁਝ-ਕੁ ਗੁਰਬਾਣੀ ਪ੍ਰਮਾਣ ਹੇਠ ਲਿਖੇ ਅਨੁਸਾਰ ਹਨ :-

**"ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥**
**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥**
**ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥**
**ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ॥"**

(ਭਾਵ: ਪਰਮਾਤਮਾ ਹਰੇਕ ਜੁਗ ਵਿਚ ਹੀ ਭਗਤ ਪੈਦਾ ਕਰਦਾ ਹੈ ਤੇ ਮੁਸੀਬਤ ਸਮੇਂ ਉਨ੍ਹਾਂ ਦੀ ਰਖਿਆ ਕਰਦਾ ਰਿਹਾ ਹੈ ਜਿਵੇਂ ਕਿ ਭਗਤ ਪ੍ਰਹਲਾਦ ਜਿਹੜੇ ਕਿ ਹਰ ਵਕਤ ਪ੍ਰਭੂ ਦੀ ਭਗਤੀ ਵਿਚ ਲੀਨ ਰਹਿੰਦੇ ਸਨ। ਉਨ੍ਹਾਂ ਦੇ ਪਿਤਾ ਹਰਣਾਖਸ਼ ਜੋ ਕਿ ਪ੍ਰਹਲਾਦ ਨੂੰ ਮਾਰਨ ਦੇ ਅਨੇਕਾਂ ਯਤਨ ਕਰਦੇ ਹਨ, ਉਸ ਨੂੰ ਪਰਮਾਤਮਾ ਆਪ ਮਾਰ ਦਿੰਦੇ ਹਨ। ਭਗਤ ਪ੍ਰਹਲਾਦ ਨੂੰ ਪਿਤਾ ਵਲੋਂ ਕੀਤੇ ਜਾਂਦੇ ਜੁਲਮਾਂ ਤੋਂ ਬਚਾ ਲੈਂਦੇ ਹਨ। ਜਿਵੇਂ ਕਿ ਮੰਦਰ ਵਿਚ ਧੱਕੇ ਦੇਣ ਵਾਲੇ

ਨਿੰਦਕਾਂ ਤੇ ਜਾਤ ਅਭਿਮਾਨੀਆਂ ਨੂੰ ਪਰਮਾਤਮਾ ਨੇ ਪਿੱਠ ਦੇ ਕੇ ਆਪਣੇ ਭਗਤ ਨਾਮਦੇਵ ਜੀ ਨੂੰ ਦਰਸ਼ਨ ਦਿੱਤੇ। ਹੇ ਦਾਸ ਨਾਨਕ! ਜਿਹੜਾ ਵੀ ਮਨੁੱਖ ਸਰਬ ਕਲਾ ਸਮਰਥ ਪਰਮਾਤਮਾ ਦੀ ਸੇਵਾ ਭਗਤੀ ਕਰਦਾ ਹੈ ਪਰਮਾਤਮਾ ਉਸ ਨੂੰ ਦੋਖੀਆਂ ਵਲੋਂ ਦਿਤੇ ਜਾ ਰਹੇ ਸਭ ਕਸ਼ਟਾਂ ਤੋਂ ਆਖਰ ਬਚਾ ਲੈਂਦਾ ਹੈ।)

ਭਗਤ ਨਾਮਦੇਵ ਜੀ ਨਾਲ ਸੰਬੰਧਿਤ ਘਟਨਾ ਦਾ ਜ਼ਿਕਰ ਗੁਰਬਾਣੀ ਵਿਚ ਇਉਂ ਹੈ:-

**"ਹਸਤ ਖੇਲਤ ਤੇਰੇ ਦੇਹੁਰੇ ਆਇਆ॥**
**ਭਗਤਿ ਕਰਤ ਨਾਮਾ ਪਕਰਿ ਉਠਾਇਆ॥**
**ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥**
**ਛੀਪੇ ਕੇ ਜਨਮਿ ਕਾਹੇ ਕਉ ਆਇਆ॥੧॥ਰਹਾਉ॥**
**ਲੈ ਕਮਲੀ ਚਲਿਓ ਪਲਟਾਇ॥**
**ਦੇਹੁਰੈ ਪਾਛੈ ਬੈਠਾ ਜਾਇ॥੨॥**
**ਜਿਉ ਜਿਉ ਨਾਮਾ ਹਰਿ ਗੁਣ ਉਚਰੈ॥**
**ਭਗਤ ਜਨਾਂ ਕਉ ਦੇਹੁਰਾ ਫਿਰੈ॥੩॥੬॥"**

(ਭਾਵ: ਭਗਤ ਨਾਮ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੈਂ ਛੀਂਬੇ ਦੇ ਘਰ ਕਿਉਂ ਜੰਮ ਪਿਆ? ਲੋਕ ਮੇਰੀ ਜਾਤ ਨੂੰ ਬੜੀ ਨੀਵੀਂ ਆਖਦੇ ਹਨ। ਮੈਂ ਬੜੇ ਚਾਅ ਨਾਲ ਤੇਰੇ ਮੰਦਰ ਆਇਆ ਸੀ ਪਰ ਕਿਉਂਕਿ ਇਹ ਲੋਕ ਮੇਰੀ ਜਾਤਿ ਹੀਨੜੀ (ਨੀਵੀਂ) ਸਮਝਦੇ ਹਨ, ਇਨ੍ਹਾਂ ਮੈਨੂੰ (ਨਾਮਦੇਵ) ਭਗਤੀ ਕਰਦੇ ਨੂੰ ਬਾਹੋਂ ਫੜ ਕੇ ਮੰਦਰ ਵਿਚੋਂ ਉਠਾਲ ਦਿੱਤਾ।

ਮੈਂ ਆਪਣੀ ਕੰਬਲੀ ਫੜ ਕੇ ਉਥੋਂ ਮੁੜ ਕੇ ਤੁਰ ਪਿਆ ਤੇ ਹੇ ਪ੍ਰਭੂ! ਮੈਂ ਤੇਰੇ ਮੰਦਰ ਦੇ ਪਿਛਲੇ ਪਾਸੇ ਜਾ ਕੇ ਬਹਿ ਗਿਆ। ਪਰ ਪ੍ਰਭੂ ਦੀ ਅਸਚਰਜ ਖੇਡ ਵਰਤੀ ਜਿਉ ਜਿਉ ਨਾਮਾ ਆਪਣੇ ਪ੍ਰਭੂ ਦੇ ਗੁਣ ਗਾਉਂਦਾ ਹੈ, ਉਸ ਦਾ ਮੰਦਰ ਉਸ ਦੇ ਭਗਤ ਦੀ ਖਾਤਰ, ਉਸ ਦੇ ਸੇਵਕਾਂ ਦੀ ਖਾਤਰ ਫਿਰਦਾ ਜਾ ਰਿਹਾ ਹੈ।)

ਭਗਤ ਕਬੀਰ ਜੀ ਨਾਲ ਸੰਬੰਧਿਤ ਘਟਨਾ ਇਸ ਪ੍ਰਕਾਰ ਹੈ:-

**"ਗੰਗ ਗੁਸਾਇਨਿ ਗਹਿਰ ਗੰਭੀਰ ॥ ਜੰਜੀਰ ਬਾਂਧਿ ਕਰਿ ਖਰੇ ਕਬੀਰ ॥੧॥**
**ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥**
**ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥**
**ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥**
**ਕਹਿ ਕੰਬੀਰ ਕੋਊ ਸੰਗ ਨ ਸਾਥ ॥ ਜਲ ਥਲ ਰਾਖਨ ਹੈ ਰਘੁਨਾਥ ॥੩॥੧੦॥੧੯॥"**

(ਭਾਵ: ਹੇ ਭਾਈ! ਜਿਸ ਮਨੁੱਖ ਦਾ ਮਨ ਪ੍ਰਭੂ ਦੇ ਸੁਹਣੇ ਚਰਨਾਂ ਵਿਚ ਲੀਨ ਰਹੇ, ਉਸ ਦਾ ਮਨ ਕਿਸੇ ਕਸ਼ਟ ਵੇਲੇ ਡੋਲਦਾ ਨਹੀ। ਉਸ ਦੇ ਸਰੀਰ ਨੂੰ ਕਸ਼ਟ ਦੇ ਦੇ ਕੇ ਡਰਾਉਣ ਤੋਂ ਕੋਈ ਲਾਭ ਨਹੀਂ ਹੋ ਸਕਦਾ।

ਇਹ ਵਿਰੋਧੀ ਲੋਕ ਮੈਨੂੰ ਕਬੀਰ ਨੂੰ ਜ਼ੰਜੀਰਾਂ ਨਾਲ ਬੰਨ੍ਹ ਕੇ ਡੂੰਘੀ ਗੰਭੀਰ ਗੰਗਾ ਵਿਚ ਡੋਬਣ ਲਈ ਲੈ ਗਏ ਭਾਵ ਉਸ ਗੰਗਾ ਵਿਚ ਲੈ ਗਏ ਜਿਸ ਨੂੰ ਇਹ 'ਮਾਤਾ' ਆਖਦੇ ਹਨ ਤੇ ਉਸ ਮਾਤਾ ਕੋਲੋਂ ਜਾਨੋਂ ਮਰਵਾਣ ਦਾ ਅਪਰਾਧ ਕਰਾਣ ਲੱਗੇ ਪਰ ਡੁੱਬਣ ਦੀ ਥਾਂ ਗੰਗਾ ਦੀਆਂ ਲਹਿਰਾਂ ਨਾਲ ਮੇਰੀ ਜ਼ੰਜੀਰ ਟੁੱਟ ਗਈ।

ਮੈਂ ਕਬੀਰ ਉਸ ਜਲ ਉੱਤੇ ਇਉਂ ਤਰਨ ਲੱਗ ਪਿਆ ਜਿਵੇਂ ਮ੍ਰਿਗਛਾਲਾ ਉੱਤੇ ਬੈਠਾ ਹੋਇਆ ਹਾਂ। ਕਬੀਰ ਆਖਦਾ ਹੈ ਹੇ ਭਾਈ! ਤੁਹਾਡੇ ਮਿਥੇ ਹੋਏ ਕਰਮ-ਕਾਂਡ ਜਾਂ ਤੀਰਥ-ਇਸ਼ਨਾਨ ਕੋਈ ਭੀ ਸੰਗੀ ਨਹੀ ਬਣ ਸਕਦੇ, ਕੋਈ ਭੀ ਸਾਥੀ ਨਹੀ ਹੋ ਸਕਦੇ। ਪਾਣੀ ਤੇ ਧਰਤੀ ਹਰ ਥਾਂ ਇਕ ਪਰਮਾਤਮਾ ਹੀ ਰੱਖਣ-ਜੋਗ ਹੈ।)

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਹੋਰ ਸਾਰੇ ਆਸਰੇ ਛੱਡ ਕੇ ਕੇਵਲ ਤੇ ਕੇਵਲ ਇਕ ਅਕਾਲ ਪੁਰਖ ਦਾ ਹੀ ਆਸਰਾ ਲੈਣਾ ਹੈ ਜੋ ਕਿ ਹਰ ਜਗ੍ਹਾ ਤੇ ਸਾਡੀ ਰਖਿਆ ਕਰਨ ਦੇ ਸਮਰੱਥ ਹੈ। ਯਥਾ: "ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ ਤਹਾ ਤਹਾ ਤੂ ਰਖਾ॥"**

# ਰਾਮਕਲੀ ਮਹਲਾ ੩ ਅਨੰਦੁ

## ੧ਓ ਸਤਿਗੁਰ ਪ੍ਰਸਾਦਿ ॥

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥
ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥
ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥
ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥
ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥
ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥
ਸਾਚਾ ਨਾਮੁ ਮੇਰਾ ਆਧਾਰੋ ॥
ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥
ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥
ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥
ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥
ਸਾਚਾ ਨਾਮੁ ਮੇਰਾ ਆਧਾਰੋ ॥੪॥
ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥
ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥

**ਪਦ ਅਰਥ: ਅਨੰਦੁ**–ਪੂਰਨ ਖਿੜਾਉ। **ਪਾਇਆ**–ਪ੍ਰਾਪਤ ਕਰ ਲਿਆ ਹੈ। **ਸਹਜ**–ਅਡੋਲ ਅਵਸਥਾ। **ਸਹਜ ਸੇਤੀ**–ਅਡੋਲ ਅਵਸਥਾ ਦੇ ਨਾਲ। **ਮਨਿ**–ਮਨ ਵਿਚ। **ਵਾਧਾਈ**–ਚੜ੍ਹਦੀ ਕਲਾ, ਉਤਸ਼ਾਹ ਪੈਦਾ ਕਰਨ ਵਾਲਾ ਗੀਤ। **ਪਰੀਆ**–ਰਾਗਾਂ ਦੀਆਂ ਪਰੀਆਂ, ਰਾਗਣੀਆਂ। **ਰਾਗ ਰਤਨ**–ਸੋਹਣੇ ਰਾਗ। **ਕੇਰਾ**–ਦਾ।

**ਮੰਨ ਮੇਰੇ**–ਹੇ ਮੇਰੇ ਮਨ! ਸਭਿ–ਸਾਰੇ। **ਵਿਸਾਰਣਾ**–ਦੂਰ ਕਰਨ ਵਾਲਾ। **ਅੰਗੀਕਾਰੁ**–ਪੱਖ, ਸਹਾਇਤਾ। **ਸਮਰਥੁ**–ਕਰਨ–ਜੋਗ। **ਮਨਹੁ**–ਮਨ ਤੋਂ। **ਵਿਸਰੇ**–ਵਿਸਰਦਾ ਹੈਂ।

**ਘਰਿ ਤੇਰੈ**–ਤੇਰੇ ਘਰ ਵਿਚ। **ਤ**–ਤਾਂ। **ਸਭੁ ਕਿਛੁ**–ਹਰੇਕ ਚੀਜ਼। **ਦੇਹਿ**–ਤੂੰ ਦੇਂਦਾ ਹੈਂ। **ਸੁ**–ਉਹ ਮਨੁੱਖ। **ਪਾਵਏ**–ਪਾਵੈ, ਪਾ ਲੈਂਦਾ ਹੈ, ਹਾਸਲ ਕਰਦਾ ਹੈ। **ਸਿਫਤਿ ਸਲਾਹ**–ਵਡਿਆਈ। **ਮਨਿ**–ਮਨ ਵਿਚ। **ਵਸਾਵਏ**–ਵਸਾਵੈ, ਵਸਾਂਦਾ ਹੈ। **ਜਿਨ ਕੈ ਮਨਿ**–ਜਿਨ੍ਹਾਂ ਦੇ ਮਨ ਵਿਚ। **ਵਾਜੇ**–ਵੱਜਦੇ ਹਨ। **ਸਬਦ**–ਸਾਜਾਂ ਦੇ ਆਵਾਜ਼, ਰਾਗਾਂ ਦੀਆਂ ਸੁਰਾਂ। **ਘਨੇਰੇ**–ਬੇਅੰਤ। **ਸਚੇ**–ਹੇ ਸਦਾ ਕਾਇਮ ਰਹਿਣ ਵਾਲੇ!

**ਆਧਾਰੋ**–ਆਸਰਾ। **ਜਿਨਿ**–ਜਿਸ (ਨਾਮ) ਨੇ। **ਭੁਖ**–ਲਾਲਚ। **ਕਰਿ**–(ਪੈਦਾ) ਕਰ ਕੇ। **ਮਨਿ**–ਮਨ ਵਿਚ। **ਇਛਾ**–ਮਨ ਦੀਆਂ ਕਾਮਨਾਂ। **ਸਭਿ**–ਸਾਰੀਆਂ। **ਕੁਰਬਾਣੁ**–ਸਦਕੇ। **ਵਿਟਹੁ**–ਤੋਂ।

**ਵਾਜੇ**–ਵੱਜਦੇ ਹਨ, ਵੱਜੇ ਹਨ। **ਪੰਚ ਸਬਦ**–ਪੰਜ ਕਿਸਮਾਂ ਦੇ ਸਾਜ਼ਾਂ ਦੀਆਂ ਮਿਲਵੀਆਂ ਸੁਰਾਂ। **ਤਿਤੁ**–ਉਸ ਵਿਚ। **ਤਿਤੁ ਘਰਿ**–ਉਸ ਹਿਰਦੇ–ਘਰਿ ਵਿਚ। **ਸਭਾਗੈ**–ਭਾਗਾਂ ਵਾਲੇ ਵਿਚ। **ਤਿਤੁ ਸਭਾਗੈ ਘਰਿ**–ਉਸ ਭਾਗਾਂ ਵਾਲੇ (ਹਿਰਦੇ–) ਘਰ ਵਿਚ। **ਕਲਾ**–ਸੱਤਿਆ। **ਜਿਤੁ ਘਰਿ**–ਜਿਸ ਘਰ ਵਿਚ। **ਧਾਰੀਆ**–ਤੂੰ ਪਾਈ ਹੈ। **ਪੰਚ ਦੂਤ**–ਕਾਮਾਦਿਕ ਪੰਜ ਵੈਰੀ। **ਕੰਟਕੁ**–ਕੰਡਾ। **ਕੰਟਕੁ ਕਾਲੁ**–ਡਰਾਉਣਾ ਕਾਲ, ਮੌਤ ਦਾ ਡਰ। **ਧੁਰਿ**–ਧੁਰ ਤੋਂ। **ਕਰਮਿ**–ਮੇਹਰ ਨਾਲ। **ਸਿ**–ਸੇ, ਉਹ ਬੰਦੇ। **ਨਾਮਿ**–ਨਾਮ ਵਿਚ। **ਅਨਹਦ**–ਅਨ–ਹਦ, ਬਿਨਾ ਵਜਾਏ ਵੱਜਣ ਵਾਲੇ, ਇਕ–ਰਸ, ਲਗਾਤਾਰ।

**ਵਿਸੂਰੇ**-ਚਿੰਤਾ-ਝੋਰੇ। **ਸੰਤਾਪ**-ਕਲੇਸ਼। **ਸਚੀ ਬਾਣੀ**-ਸਦਾ-ਥਿਰ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ। **ਸਰਸੇ**-ਸ-ਰਸ, ਰਹੇ, ਆਨੰਦ-ਭਰਪੂਰ। **ਗੁਰ** ਤੇ-ਗੁਰੂ ਤੋਂ। **ਸਤਿਗੁਰੁ ਰਹਿਆ ਭਰਪੂਰੇ**-ਗੁਰੂ (ਆਪਣੀ ਬਾਣੀ ਵਿਚ) ਭਰਪੂਰ ਹੈ, ਬਾਣੀ ਗੁਰੂ-ਰੂਪ ਹੈ। **ਅਨਹਦ**-ਇਕ-ਰਸ। **ਤੂਰੇ**-ਵਾਜੇ। **ਮਨੋਰਥ**-ਮਨ ਦੀਆਂ ਦੌੜਾਂ।

ਅਰਥ: ਹੇ ਮਾਂ! ਮੇਰੇ ਅੰਦਰ ਪੂਰਨ ਖਿੜਾਉ ਪੈਦਾ ਹੋ ਗਿਆ ਹੈ ਕਿਉਂਕਿ ਮੈਨੂੰ ਗੁਰੂ ਮਿਲ ਪਿਆ ਹੈ। ਮੈਨੂੰ ਗੁਰੂ ਮਿਲਿਆ ਹੈ, ਤੇ ਨਾਲ ਹੀ ਅਡੋਲ ਅਵਸਥਾ ਭੀ ਪ੍ਰਾਪਤ ਹੋ ਗਈ ਹੈ ਭਾਵ, ਗੁਰੂ ਦੇ ਮਿਲਣ ਨਾਲ ਮੇਰਾ ਮਨ ਡੋਲਣੋਂ ਹਟ ਗਿਆ ਹੈ; ਮੇਰੇ ਮਨ ਵਿਚ ਮਾਨੋ ਖੁਸ਼ੀ ਦੇ ਵਾਜੇ ਵੱਜ ਪਏ ਹਨ, ਸੋਹਣੇ ਰਾਗ ਆਪਣੇ ਪਰਵਾਰ ਤੇ ਰਾਗਣੀਆਂ ਸਮੇਤ ਮੇਰੇ ਮਨ ਵਿਚ, ਮਾਨੋ, ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਵਣ ਆ ਗਏ ਹਨ।

ਹੇ ਭਾਈ! ਤੁਸੀ ਭੀ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਵੋ। ਜਿਨ੍ਹਾਂ ਜਿਨ੍ਹਾਂ ਨੇ ਸਿਫ਼ਤਿ-ਸਾਲਾਹ ਦਾ ਸ਼ਬਦ ਮਨ ਵਿਚ ਵਸਾਇਆ ਹੈ ਉਹਨਾਂ ਦੇ ਅੰਦਰ ਪੂਰਨ ਖਿੜਾਉ ਪੈਦਾ ਹੋ ਜਾਂਦਾ ਹੈ ।

ਨਾਨਕ ਆਖਦਾ ਹੈ ਮੇਰੇ ਅੰਦਰ ਭੀ ਆਨੰਦ ਬਣ ਗਿਆ ਹੈ ਕਿਉਂਕਿ ਮੈਨੂੰ ਪੂਰਾ ਸਤਿਗੁਰੂ ਮਿਲ ਪਿਆ ਹੈ।੧।

ਹੇ ਮੇਰੇ ਮਨ! ਤੂੰ ਸਦਾ ਪ੍ਰਭੂ ਦੇ ਨਾਲ ਜੁੜਿਆ ਰਹੁ। ਹੇ ਮੇਰੇ ਮਨ! ਤੂੰ ਸਦਾ ਪ੍ਰਭੂ ਨੂੰ ਯਾਦ ਰੱਖ। ਉਹ ਪ੍ਰਭੂ ਸਾਰੇ ਦੁੱਖ ਦੂਰ ਕਰਨ ਵਾਲਾ ਹੈ। ਉਹ ਸਦਾ ਤੇਰੀ ਸਹਾਇਤਾ ਕਰਨ ਵਾਲਾ ਹੈ। ਤੇਰੇ ਸਾਰੇ ਕੰਮ ਸਿਰੇ ਚਾੜ੍ਹਨ ਦੇ ਸਮਰੱਥ ਹੈ। ਹੇ ਭਾਈ! ਉਸ ਮਾਲਕ ਨੂੰ ਕਿਉਂ ਆਪਣੇ ਮਨ ਤੋਂ ਭੁਲਾਂਦਾ ਹੈਂ ਜੋ ਸਾਰੇ ਕੰਮ ਕਰਨ-ਜੋਗਾ ਹੈ? ਨਾਨਕ ਆਖਦਾ ਹੈ - ਹੇ ਮੇਰੇ ਮਨ! ਤੂੰ ਸਦਾ ਪ੍ਰਭੂ ਦੇ ਚਰਨਾਂ ਵਿਚ ਜੁੜਿਆ ਰਹੁ।੨।

ਹੇ ਸਦਾ ਕਾਇਮ ਰਹਿਣ ਵਾਲੇ ਮਾਲਕ -ਪ੍ਰਭੂ ! ਤੇਰੇ ਘਰ ਵਿਚ ਕੇਹੜੀ ਚੀਜ਼ ਨਹੀਂ ਹੈ? ਤੇਰੇ ਘਰ ਵਿਚ ਤਾਂ ਹਰੇਕ ਚੀਜ਼ ਮੌਜੂਦ ਹੈ, ਉਹੀ ਮਨੁੱਖ ਪ੍ਰਾਪਤ ਕਰਦਾ ਹੈ ਜਿਸ ਨੂੰ ਤੂੰ ਆਪ ਦੇਂਦਾ ਹੈਂ ਫਿਰ, ਉਹ ਮਨੁੱਖ ਤੇਰਾ ਨਾਮ ਤੇ ਤੇਰੀ ਸਿਫ਼ਤਿ-ਸਾਲਾਹ ਆਪਣੇ ਮਨ ਵਿਚ ਵਸਾਂਦਾ ਹੈ ਜਿਸ ਦੀ ਬਰਕਤਿ ਨਾਲ ਉਸ ਦੇ ਅੰਦਰ ਆਨੰਦ ਪੈਦਾ ਹੋ ਜਾਂਦਾ ਹੈ ।

ਜਿਨ੍ਹਾਂ ਬੰਦਿਆਂ ਦੇ ਮਨ ਵਿਚ ਤੇਰਾ ਨਾਮ ਵੱਸਦਾ ਹੈ ਉਹਨਾਂ ਦੇ ਅੰਦਰ, ਮਾਨੋ, ਬੇਅੰਤ ਸਾਜ਼ਾਂ ਦੀਆਂ ਮਿਲਵੀਆਂ ਸੁਰਾਂ ਵੱਜਣ ਲੱਗ ਪੈਂਦੀਆਂ ਹਨ ਭਾਵ, ਉਹਨਾਂ ਦੇ ਮਨ ਵਿਚ ਉਹ ਖੁਸ਼ੀ ਤੇ ਚਾਉ ਪੈਦਾ ਹੁੰਦਾ ਹੈ ਜੋ ਕਈ ਸਾਜ਼ਾਂ ਦਾ ਮਿਲਵਾਂ ਰਾਗ ਸੁਣ ਕੇ ਪੈਦਾ ਹੁੰਦਾ ਹੈ ।

ਨਾਨਕ ਆਖਦਾ ਹੈ - ਹੇ ਸਦਾ ਕਾਇਮ ਰਹਿਣ ਵਾਲੇ ਮਾਲਕ! ਤੇਰੇ ਘਰ ਵਿਚ ਕਿਸੇ ਸ਼ੈ ਦਾ ਘਾਟਾ ਨਹੀਂ ਹੈ ਤੇ, ਮੈਂ ਤੇਰੇ ਦਰ ਤੋਂ ਆਨੰਦ ਦਾ ਦਾਨ ਮੰਗਦਾ ਹਾਂ ।੩।

ਪ੍ਰਭੂ ਦੀ ਮੇਹਰ ਨਾਲ ਉਸ ਦਾ ਸਦਾ-ਥਿਰ ਰਹਿਣ ਵਾਲਾ ਨਾਮ ਮੇਰੀ ਜ਼ਿੰਦਗੀ ਦਾ ਆਸਰਾ ਬਣ ਗਿਆ ਹੈ।

ਜਿਸ ਹਰਿ-ਨਾਮ ਨੇ ਮੇਰੇ ਸਾਰੇ ਲਾਲਚ ਦੂਰ ਕਰ ਦਿੱਤੇ ਹਨ, ਜਿਸ ਹਰਿ-ਨਾਮ ਨੇ ਮੇਰੇ ਮਨ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰ ਦਿੱਤੀਆਂ ਹਨ, ਜੋ ਹਰਿ-ਨਾਮ ਮੇਰੇ ਅੰਦਰ ਸ਼ਾਂਤੀ ਤੇ ਸੁਖ ਪੈਦਾ ਕਰਕੇ ਮੇਰੇ ਮਨ ਵਿਚ ਆ ਟਿਕਿਆ ਹੈ, ਉਹ ਸਦਾ ਕਾਇਮ ਰਹਿਣ ਵਾਲਾ ਨਾਮ ਮੇਰੀ ਜ਼ਿੰਦਗੀ ਦਾ ਆਸਰਾ ਬਣ ਗਿਆ ਹੈ।

ਮੈਂ (ਆਪਣੇ ਆਪ ਨੂੰ) ਆਪਣੇ ਗੁਰੂ ਤੋਂ ਸਦਕੇ ਕਰਦਾ ਹਾਂ, ਕਿਉਂਕਿ ਇਹ ਸਾਰੀਆਂ ਬਰਕਤਾਂ ਗੁਰੂ ਦੀਆਂ ਹੀ ਹਨ।

ਨਾਨਕ ਆਖਦਾ ਹੈ - ਹੇ ਸੰਤ ਜਨੋ! (ਗੁਰੂ ਦਾ ਸ਼ਬਦ) ਸੁਣੋ, ਗੁਰੂ ਦੇ ਸ਼ਬਦ ਵਿਚ ਪਿਆਰ ਬਣਾਓ। (ਸਤਿਗੁਰੂ ਦੀ ਮੇਹਰ ਨਾਲ ਹੀ ਪ੍ਰਭੂ ਦਾ) ਸਦਾ ਕਾਇਮ ਰਹਿਣ ਵਾਲਾ ਨਾਮ ਮੇਰੀ ਜ਼ਿੰਦਗੀ ਦਾ ਆਸਰਾ (ਬਣ ਗਿਆ) ਹੈ।੪।

ਜਿਸ (ਹਿਰਦੇ-) ਘਰ ਵਿਚ (ਹੇ ਪ੍ਰਭੂ! ਤੂੰ) ਸੱਤਿਆ ਪਾਈ ਹੈ, ਉਸ ਭਾਗਾਂ ਵਾਲੇ (ਹਿਰਦੇ-) ਘਰ ਵਿਚ (ਮਾਨੋ) ਪੰਜ ਕਿਸਮਾਂ ਦੇ ਸਾਜ਼ਾਂ ਦੀਆਂ ਮਿਲਵੀਆਂ ਸੁਰਾਂ ਵੱਜ ਪੈਂਦੀਆਂ ਹਨ (ਭਾਵ, ਉਸ ਹਿਰਦੇ ਵਿਚ ਪੂਰਨ ਆਨੰਦ ਬਣ ਜਾਂਦਾ ਹੈ) , (ਹੇ ਪ੍ਰਭੂ!) ਉਸ ਦੇ ਪੰਜੇ ਕਾਮਾਦਿਕ ਵੈਰੀ ਤੂੰ ਕਾਬੂ ਵਿਚ ਕਰ ਦੇਂਦਾ ਹੈਂ, ਤੇ ਡਰਾਣ ਵਾਲਾ ਕਾਲ (ਭਾਵ, ਮੌਤ ਦਾ ਡਰ) ਦੂਰ ਕਰ ਦੇਂਦਾ ਹੈਂ।

ਪਰ ਸਿਰਫ਼ ਉਹੀ ਮਨੁੱਖ ਹਰਿ-ਨਾਮ ਵਿਚ ਜੁੜਦੇ ਹਨ ਜਿਨ੍ਹਾਂ ਦੇ ਭਾਗਾਂ ਵਿਚ ਤੂੰ ਧੁਰ ਤੋਂ ਹੀ ਆਪਣੀ ਮੇਹਰ ਨਾਲ (ਸਿਮਰਨ ਦਾ ਲੇਖ ਲਿਖ ਕੇ) ਰੱਖ ਦਿੱਤਾ ਹੈ। ਨਾਨਕ ਆਖਦਾ ਹੈ - ਉਸ ਹਿਰਦੇ-ਘਰ ਵਿਚ ਸੁਖ ਪੈਦਾ ਹੁੰਦਾ ਹੈ, ਉਸ ਹਿਰਦੇ ਵਿਚ (ਮਾਨੋ) ਇਕ-ਰਸ (ਵਾਜੇ) ਵੱਜਦੇ ਹਨ।੫।

ਹੇ ਵੱਡੇ ਭਾਗਾਂ ਵਾਲਿਓ! ਸੁਣੋ, ਆਨੰਦ ਇਹ ਹੈ ਕਿ (ਉਸ ਅਵਸਥਾ ਵਿਚ) ਮਨ ਦੀਆਂ ਸਾਰੀਆਂ ਦੌੜਾਂ ਮੁੱਕ ਜਾਂਦੀਆਂ ਹਨ (ਸਾਰੇ ਸੰਕਲਪ ਸਿਰੇ ਚੜ੍ਹ ਜਾਂਦੇ ਹਨ), ਪਰਮ

ਆਤਮਾ ਪ੍ਰਭੂ ਮਿਲ ਪੈਂਦਾ ਹੈ, ਸਾਰੇ ਚਿੰਤਾ-ਝੋਰੇ ਮਨ ਤੋਂ ਲਹਿ ਜਾਂਦੇ ਹਨ। ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਦੀ ਬਾਣੀ ਸੁਣਿਆਂ ਸਾਰੇ ਦੁੱਖ ਰੋਗ ਕਲੇਸ਼ ਮਿਟ ਜਾਂਦੇ ਹਨ।

ਜੇਹੜੇ ਗੁਰਮੁਖਿ ਜਨ ਪੂਰੇ ਗੁਰੂ ਦੀ ਬਾਣੀ ਨਾਲ ਸਾਂਝ ਪਾਉਣੀ ਸਿੱਖ ਲੈਂਦੇ ਹਨ ਉਹਨਾਂ ਦੇ ਹਿਰਦੇ ਖਿੜ ਆਉਂਦੇ ਹਨ। ਇਸ ਬਾਣੀ ਨੂੰ ਸੁਣਨ ਵਾਲੇ, ਉਚਾਰਨ ਵਾਲੇ, ਸਭ ਪਵਿਤ੍ਰ-ਆਤਮਕ ਜੀਵਨ ਵਾਲੇ ਹੋ ਜਾਂਦੇ ਹਨ।

ਨਾਨਕ ਬੇਨਤੀ ਕਰਦਾ ਹੈ - ਜੇਹੜੇ ਬੰਦੇ ਗੁਰੂ ਦੀ ਚਰਨੀ ਲੱਗਦੇ ਹਨ, ਉਹਨਾਂ ਦੇ ਅੰਦਰ ਇਕ-ਰਸ (ਖ਼ੁਸ਼ੀ ਦੇ) ਵਾਜੇ ਵੱਜ ਪੈਂਦੇ ਹਨ (ਉਹਨਾਂ ਦੇ ਅੰਦਰ ਆਤਮਕ ਆਨੰਦ ਪੈਦਾ ਹੋ ਜਾਂਦਾ ਹੈ) । ੪੦।

# ਸਿੱਖਿਆਵਾਂ

**ਨੋਟ: ਅਨੰਦ ਸਾਹਿਬ ਜੀ ਦੀ ਬਾਣੀ ਦੀਆਂ ਇਨ੍ਹਾਂ ਪਉੜੀਆਂ ਦੇ ਅਰਥ ਉਪਰ ਦਿਤੇ ਜਾ ਚੁੱਕੇ ਹਨ । ਹੁਣ ਇਨ੍ਹਾਂ ਪਉੜੀਆਂ ਦੀ ਸੰਖੇਪ ਵਿਚਾਰ ਤੇ ਸਿੱਖਿਆ ਹੇਠ ਲਿਖੇ ਅਨੁਸਾਰ ਦਿਤੀ ਜਾ ਰਹੀ ਹੈ।**

**੧. "ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥............"**

'ਅਨੰਦੁ' ਉਹ ਅਵਸਥਾ ਹੈ ਜਿਸ ਨਾਲ ਮਨ ਅੰਦਰ ਪੂਰਨ ਖਿੜਾਉ ਪੈਦਾ ਹੋ ਜਾਂਦਾ ਹੈ ਤੇ ਨਾਲ ਹੀ ਸਤਿਗੁਰੂ ਜੀ ਤੋਂ ਪ੍ਰਾਪਤ ਸਹਿਜ ਅਵਸਥਾ ਸਦਕਾ ਮਨ ਡੋਲਣ ਤੋਂ ਹਟ ਜਾਂਦਾ ਹੈ। ਪਰ ਇਹ ਅਵਸਥਾ ਪ੍ਰਾਪਤ ਹੁੰਦੀ ਹੈ ਪੂਰੇ ਗੁਰੂ ਦੇ ਮਿਲਣ ਤੋਂ ਬਾਅਦ।

ਸਵਾਲ ਇਹ ਪੈਦਾ ਹੋਵੇਗਾ ਕਿ ਪੂਰੇ ਗੁਰੂ ਨੂੰ ਕਿਵੇਂ ਮਿਲਿਆ ਜਾਵੇ ਤਾਂ ਕਿ ਸਾਡੇ ਮਨ ਅੰਦਰ ਵੀ ਪੂਰਨ ਖਿੜਾਉ ਪੈਦਾ ਹੋ ਜਾਵੇ ਤਾਂ ਜਵਾਬ ਹੈ ਕਿ ਗੁਰੂ ਦੀ ਆਗਿਆ ਵਿਚ ਜੀਊ ਕੇ ਹੀ ਗੁਰੂ ਦਾ ਮਿਲਾਪ ਹੋ ਸਕਦਾ ਹੈ। **'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ, ਖੰਨੇ ਵਾਲੇ, ਅਕਸਰ ਕਿਹਾ ਕਰਦੇ "ਸਿੱਖ ਗੁਰੂ ਨੂੰ ਤਾਂ ਮੰਨਦਾ ਹੈ ਪਰ ਗੁਰੂ ਦੀ ਨਹੀਂ ਮੰਨਦਾ।" ਦਾਸ ਅਕਸਰ ਇਹ ਦੇਖਦਾ ਹੈ ਕਿ ਗੁਰੂ ਜੀ ਦੇ ਸਿੱਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਅਤੇ ਖਾਲਸਾ ਸਾਜਨਾ ਦਿਵਸ ਜਾਂ ਹੋਰ ਮੌਕਿਆਂ ਤੇ ਇਹ ਲਾਈਨਾਂ ਬੜੇ ਪ੍ਰੇਮ ਨਾਲ ਪੜ੍ਹਦੇ ਹਨ 'ਪੀਵਹੁ ਪਾਹੁਲ ਖੰਡ ਧਾਰ ਹੋਇ ਜਨਮ ਸੁਹੇਲਾ' ਪਰ ਹੈਰਾਨਗੀ ਦੀ ਗੱਲ ਇਹ ਹੈ ਕਿ ਅਜਿਹੇ ਸਿੱਖਾਂ ਨੇ ਖੁਦ ਆਪ ਅੰਮ੍ਰਿਤ ਦੀ ਦਾਤ ਪ੍ਰਾਪਤ ਹੀ ਨਹੀਂ ਕੀਤੀ ਹੁੰਦੀ।**

ਇਹੀ ਵਜ੍ਹਾ ਹੈ ਕਿ ਪੂਰੇ ਗੁਰੂ ਦੇ ਸਿੱਖ ਹੋਣ ਦੇ ਬਾਵਜੂਦ ਵੀ ਉਨ੍ਹਾਂ ਅੰਦਰ ਖਿੜਾਉ ਪੈਦਾ ਹੀ ਨਹੀਂ ਹੁੰਦਾ ਕਿਉਂਕਿ ਅਜਿਹੇ ਪ੍ਰਾਣੀ ਜੋ ਅੰਮ੍ਰਿਤ ਦੀ ਦਾਤ ਪ੍ਰਾਪਤ ਨਹੀਂ ਕਰਦੇ ਉਨ੍ਹਾਂ ਨੂੰ ਸਿੱਖ ਕਿਵੇਂ ਆਖਿਆ ਜਾ ਸਕਦਾ ਹੈ। ਇਸ ਸੰਬੰਧ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਬਿਲਕੁਲ ਸਪੱਸ਼ਟ ਸ਼ਬਦਾਂ ਵਿਚ ਹੁਕਮ ਹੈ ਜਿਸ ਨੂੰ ਭਾਈ ਦੇਸਾ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਇੰਝ ਅੰਕਿਤ ਕਰਦੇ ਹਨ– **"ਪ੍ਰਥਮ ਰਹਤ ਯਹ ਜਾਨ ਖੰਡੇ ਕੀ ਪਾਹੁਲ ਛਕੇ। ਸੋਈ ਸਿਖ ਪ੍ਰਧਾਨ ਅਵਰ ਨ ਪਾਹੁਲ ਜੋ ਲਵੇ" ਅਤੇ "ਧਰੇ ਕੇਸ ਪਾਹੁਲ ਬਿਨਾ ਭੇਖੀ ਮੂੜਾ ਸਿਖ। ਮੇਰਾ ਦਰਸਨ ਨਾਹਿ ਤਿਸ ਪਾਪੀ ਤਿਆਗੇ ਭਿਖ।"**

ਇਸ ਲਈ ਅਸੀਂ ਆਪਣੇ ਜੀਵਨ ਦੀ ਹਰ ਰੋਜ਼ ਸਵੈ-ਪੜਚੋਲ ਕਰਨੀ ਹੈ ਅਤੇ ਦੇਖਣਾ ਹੈ ਕਿ ਮੇਰੇ ਕੋਲੋਂ ਕੋਈ ਕੰਮ ਗੁਰੂ ਦੀ ਆਗਿਆ ਦੇ ਉਲਟ ਤਾਂ ਨਹੀਂ ਹੋ ਰਿਹਾ। ਜੇ ਅਸੀਂ ਗੁਰੂ ਵਾਲੇ ਬਣ ਕੇ ਗੁਰੂ ਜੀ ਦੀ ਦਿਤੀ ਸਿੱਖਿਆ ਅਨੁਸਾਰ ਜੀਵਨ ਜੀਵਾਂਗੇ ਤਾਂ ਸਾਡੇ ਅੰਦਰ ਵੀ ਸਹਿਜ ਅਵਸਥਾ ਆ ਜਾਵੇਗੀ। ਇਸ ਸੰਬੰਧ ਵਿਚ ਗੁਰਬਾਣੀ ਇਉਂ ਹੈ :

**"ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥**
**ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ॥"(ਅੰਗ : ੬੮)**

ਇਥੇ ਇਕ ਗੱਲ ਹੋਰ ਵੀ ਦਾਸ ਆਪ ਜੀ ਨਾਲ ਸਾਂਝੀ ਕਰ ਰਿਹਾ ਹੈ ਕਿ ਇਹ 'ਸਹਿਜ ਅਵਸਥਾ' ਜਿਸ ਜਿਸ ਨੂੰ ਵੀ ਪ੍ਰਾਪਤ ਹੋਈ ਹੈ ਉਸ ਨੂੰ ਸਹਿਜ ਵਿਚ ਰਹਿ ਕੇ ਹੀ ਪ੍ਰਾਪਤ ਹੋਈ ਹੈ ਅਤੇ ਇਸ ਅਵਸਥਾ ਦੀ ਪ੍ਰਾਪਤੀ ਲਈ ਅਸੀਂ ਕਾਹਲੇ ਨਹੀਂ ਪੈਣਾ ਅਤੇ ਪਰਮੇਸ਼ਰ ਦੇ ਚਰਨਾਂ ਵਿਚ ਅਰਦਾਸ ਕਰਦੇ ਰਹਿਣਾ ਹੈ ਕਿ ਮੇਰੇ ਤੇ ਵੀ ਕਿਰਪਾ ਕਰਕੇ ਮੈਨੂੰ ਵੀ 'ਸਹਿਜ ਅਵਸਥਾ' ਬਖਸ਼ੋ ਜੀ।

੨. **"ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥ ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥ ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥** ............"

ਜਿਹੜੇ ਬੰਦੇ ਹਰ ਵੇਲੇ ਪਰਮੇਸ਼ਰ ਨੂੰ ਯਾਦ ਕਰਦੇ ਹਨ, ਉਨ੍ਹਾਂ ਦੇ ਮਨ ਹਮੇਸ਼ਾ ਚੜ੍ਹਦੀਆਂ ਕਲਾ ਵਿਚ ਰਹਿੰਦੇ ਹਨ ਅਤੇ ਉਨ੍ਹਾਂ ਦੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਇਥੇ ਹੀ ਬਸ ਨਹੀਂ ਪਰਮੇਸ਼ਰ ਆਪਣੇ ਭਗਤਾਂ ਦੇ ਸਾਰੇ ਕਾਰਜ ਆਪ ਸਵਾਰ ਦਿੰਦਾ ਹੈ ਅਤੇ ਉਨ੍ਹਾਂ ਦੀ ਭਗਤੀ ਦੀ ਵਡਿਆਈ ਨੂੰ ਸਾਰੀ ਲੋਕਾਈ ਵਿਚ ਪ੍ਰਗਟ ਕਰ ਦਿੰਦਾ ਹੈ ਜਿਵੇਂ ਕਿ ਆਪਾਂ ਭਗਤ ਸੈਣ ਜੀ ਬਾਰੇ ਪੜ੍ਹਦੇ ਹਾਂ। ਭਗਤ ਸੈਣ ਜੀ ਬਾਰੇ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਇਉਂ ਜ਼ਿਕਰ ਕੀਤਾ ਹੈ:

**"ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖ ਹੋਆ ਸੈਣੁ ਨਾਈ।**
**ਪ੍ਰੇਮਿ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।**
**ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।**
**ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।**
**ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।**
**ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।**
**ਰਾਣੈ ਦੂਰਹੁੰ ਸਦਿਕੈ ਗਲਹੁੰ ਕਵਾਇ ਖੋਲ੍ਹਿ ਪੈਨ੍ਹਾਈ।**
**ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜ ਸੁਣੈ ਲੁਕਾਈ।**
**ਪਰਗਟੁ ਕਰੈ ਭਗਤਿ ਵਡਿਆਈ।" (ਵਾਰ :੧੦, ਪਉੜੀ:੧੬)**

ਭਾਈ ਗੁਰਦਾਸ ਜੀ ਲਿਖਦੇ ਹਨ ਭਗਤ ਕਬੀਰ ਜੀ ਦੀ ਤਰ੍ਹਾਂ ਭਗਤ ਸੈਣ ਜੀ ਜੋ ਕਿ ਨਾਈ ਸਨ ਤੇ ਇਕ ਰਾਜੇ ਕੋਲ ਉਸ ਦੀ ਸੇਵਾ ਕਰਨ ਦਾ ਕੰਮ ਕਰਦੇ ਸਨ। ਕਬੀਰ ਜੀ ਦਾ ਪ੍ਰਤਾਪ ਸੁਣ ਕੇ ਸੈਣ ਜੀ ਵੀ ਸਿੱਖ ਜਾ ਬਣੇ। ਰਾਤ ਨੂੰ ਸੈਣ ਜੀ ਹਮੇਸ਼ਾ ਹੀ ਭਗਤੀ ਕਰਦੇ ਰਹਿੰਦੇ ਤੇ ਰੋਜ ਸਵੇਰੇ ਜਾ ਕੇ ਰਾਜੇ ਦੇ ਦਰਬਾਰ ਵਿਚ ਉਸ ਦੀ ਸੇਵਾ ਕਰਨ ਪੁੱਜ ਜਾਂਦੇ। ਇਕ ਰਾਤ ਨੂੰ ਭਗਤ ਸੈਣ ਜੀ ਕੋਲ ਭਗਤ ਜਨ, ਭਾਵ ਪ੍ਰਭੂ ਭਗਤੀ ਕਰਨ ਵਾਲੇ ਸੰਤ ਜਨ ਆ ਗਏ ਤੇ ਸਾਰੀ ਰਾਤ ਹੀ ਪ੍ਰਭੂ ਦੀ ਕੀਰਤੀ ਵਿਚ ਲੀਨ ਰਹੇ ਤੇ ਉਸ ਲੀਨਤਾ ਵਿਚ ਰਾਜੇ ਦੀ ਸੇਵਾ ਕਰਨੀ ਭੁੱਲ ਹੀ ਗਏ।

ਉਸ ਵਕਤ ਪਰਮਾਤਮਾ ਆਪ ਸੈਣ ਰੂਪ ਹੋ ਕੇ ਰਾਜ ਦਰਬਾਰ ਵਿਚ ਜਾ ਕੇ ਰਾਜੇ ਦੀ ਸੇਵਾ ਕਰਨ ਲੱਗੇ ਤੇ ਰਾਜੇ ਨੂੰ ਖੁਸ਼ ਕਰ ਦਿੱਤਾ। ਇਧਰ ਸੈਣ ਜੀ ਭਗਤ ਜਨਾਂ ਨੂੰ ਵਿਦਾ ਕਰਕੇ ਜਦੋਂ ਰਾਜ ਦਰਬਾਰ ਵਿਚ ਜਾਣ ਲੱਗੇ ਤਾਂ ਮਨ ਵਿਚ ਬਹੁਤ ਸ਼ਰਮਿੰਦਾ ਹੋ ਰਹੇ ਸਨ ਕਿ ਰਾਜੇ ਨੂੰ ਕੀ ਕਹਿਣਗੇ, ਰਾਜਾ ਤਾਂ ਬਹੁਤ ਗੁੱਸੇ ਵਿਚ ਹੋਵੇਗਾ। ਪਰ ਜਦੋਂ ਰਾਜ ਦਰਬਾਰ ਪਹੁੰਚੇ ਤਾਂ ਉਹ ਬਹੁਤ ਹੈਰਾਨ ਹੋ ਗਏ ਜਦੋਂ ਰਾਜੇ ਨੇ ਆਪਣੀ ਖਿਲਅਤ (ਕੀਮਤੀ ਪੁਸ਼ਾਕ ਗਲੇ ਦੇ ਹਾਰ ਸਮੇਤ) ਸੈਣ ਜੀ ਨੂੰ ਖੋਲ੍ਹ ਕੇ ਪਹਿਨਾ ਦਿਤੀ ਤੇ ਕਿਹਾ ਕਿ ਤੇਰੀ ਸੇਵਾ ਨੇ ਮੈਨੂੰ ਖੁਸ਼ ਕਰ ਦਿਤਾ ਹੈ ਤੇ ਤੂੰ ਮੈਨੂੰ ਆਪਣੇ ਵੱਸ ਵਿਚ ਕਰ ਲਿਆ ਹੈ। ਇਹ ਗੱਲਾਂ ਸਾਰੇ ਲੋਕ ਸੁਣ ਰਹੇ ਸਨ ਅਤੇ ਇਸ ਤਰ੍ਹਾਂ ਸੈਣ ਭਗਤ ਜੀ ਵਡਿਆਈ ਸਾਰੇ ਲੋਕਾਂ ਅੱਗੇ ਪ੍ਰਗਟ ਹੋਈ। ਇਸ ਤੋਂ ਸਪੱਸ਼ਟ ਹੈ ਕਿ ਪਰਮੇਸ਼ਰ ਆਪ ਆਪਣੇ ਭਗਤ ਜਨਾਂ ਦਾ ਹਰ ਸਮੇਂ, ਸਭਨੀਂ ਥਾਂਈ ਆਪ ਰੱਖਿਅਕ ਬਣਦਾ ਹੈ।

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਅਸੀਂ ਹਰ ਵੇਲੇ ਪਰਮਾਤਮਾ ਨੂੰ ਯਾਦ ਰਖਣਾ ਹੈ। ਮਨ ਨੂੰ ਸਮਝਾਉਣਾ ਹੈ ਕਿ ਤੂੰ ਸਦਾ ਪ੍ਰਭੂ ਨੂੰ ਯਾਦ ਕਰਿਆ ਕਰ। ਜਿਨ੍ਹਾਂ ਜਿਨ੍ਹਾਂ ਮਨੁੱਖਾਂ ਨੇ ਪਰਮਾਤਮਾ ਦਾ ਨਾਮ ਜਪਿਆ ਹੈ ਪਰਮਾਤਮਾ ਉਨ੍ਹਾਂ ਦੇ ਸਾਰੇ ਕਾਰਜ ਆਪ ਸਵਾਰ ਦਿੰਦਾ ਹੈ ਯਥਾ: "ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥ "**

੩. **"ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥ ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥ ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥ ......"**

ਉਸ ਪਰਮਾਤਮਾ ਦੇ ਘਰ ਵਿਚ ਕਿਹੜੀ ਚੀਜ਼ ਹੈ ਜੋ ਕਿ ਨਾ ਹੋਵੇ ਤਾਂ ਜਵਾਬ ਹੈ ਕਿ ਕੋਈ ਵੀ ਅਜਿਹੀ ਚੀਜ਼ ਨਹੀਂ ਜੋ ਕਿ ਉਸ ਦੇ ਘਰ ਦੇ ਵਿਚ ਨਾ ਹੋਵੇ ਪਰ ਹੈਰਾਨਗੀ ਦੀ ਗੱਲ ਇਹ ਹੈ ਕਿ ਮੰਗਣ ਲਗਿਆਂ ਸਾਡੇ ਕੋਲ ਗੁਰਮਤਿ ਅਨੁਸਾਰ ਇਹ ਸੁਚੱਜੀ ਸੋਚ ਨਹੀਂ ਆਉਂਦੀ ਕਿ ਅਸੀਂ ਸੱਚ ਮੰਗ ਸਕੀਏ।

**ਮੰਗਣ ਵਾਲੀਆਂ ਚੀਜ਼ਾਂ ਵਿਚੋਂ ਸਭ ਤੋਂ ਸਰਵ-ਸ੍ਰੇਸ਼ਟ ਚੀਜ਼ ਹੈ ਉਸ ਦੀ ਸਿਫਿਤ ਸਲਾਹ ਯਥਾ: "ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥" ਜੋ ਕਿ ਕੋਈ ਵਿਰਲਾ ਜੀਵ ਹੀ ਮੰਗਦਾ ਹੈ। ਅਸੀਂ ਮੰਗਣ ਲਗਿਆਂ ਕੇਵਲ ਸਰੀਰ ਤੇ ਸੰਸਾਰ ਨਾਲ ਸੰਬੰਧਿਤ 'ਨਾ ਥਿਰ ਰਹਿਣ ਵਾਲੇ' ਪਦਾਰਥ ਹੀ ਮੰਗਦੇ ਹਾਂ ਜਦਕਿ ਸਦੀਵੀਂ ਆਤਮਕ ਅਨੰਦ ਦੇਣ ਵਾਲੀ ਜੋ ਸਰਵ-ਸ੍ਰੇਸ਼ਟ ਚੀਜ਼ ਹੈ-ਉਹ ਹੈ ਪ੍ਰਭੂ ਦੀ ਸਿਫਿਤ ਸਲਾਹ। ਜਿਹੜਾ ਵੀ ਮਨੁੱਖ ਉਸ ਪਰਮਾਤਮਾ ਕੋਲੋਂ ਨਾਮ ਨੂੰ ਅਤੇ ਉਸ ਦੀ ਸਿਫਿਤ ਸਲਾਹ ਦੀ ਦਾਤ ਨੂੰ ਮੰਗਦਾ ਹੈ ਉਹ ਹਮੇਸ਼ਾ ਖੇੜੇ ਵਿਚ ਅਤੇ ਅਨੰਦ ਵਿਚ ਰਹਿੰਦਾ ਹੈ ਯਥਾ: "ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ॥"**

ਇਸ ਲਈ ਜਿੱਥੇ ਅਸੀਂ ਪਰਮੇਸ਼ਰ ਕੋਲੋਂ ਲੋੜ ਅਨੁਸਾਰ ਦੁਨਿਆਵੀ ਪਦਾਰਥ ਮੰਗਣੇ ਹਨ, ਉੱਥੇ ਨਾਲ ਹੀ ਉਸ ਦੇ ਨਾਮ ਦੀ ਅਤੇ ਸਿਫਿਤ ਸਲਾਹ ਦੀ ਦਾਤ ਵੀ ਅਤਿ ਜ਼ਰੂਰੀ ਮੰਗਣੀ ਹੈ।

੪. **"ਸਾਚਾ ਨਾਮੁ ਮੇਰਾ ਆਧਾਰੋ॥ ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥......"**

ਅਸੀਂ ਦੁਨੀਆ ਦੇ ਪਦਾਰਥ ਜਿੰਨੇ ਮਰਜ਼ੀ ਇਕੱਠੇ ਕਰ ਲਈਏ ਪਰ ਕਦੇ ਵੀ ਮਨ ਦੀ ਤ੍ਰਿਸ਼ਨਾ ਨਹੀਂ ਬੁੱਝਦੀ ਅਤੇ ਮਨ ਹੋਰ ਹੋਰ ਪਦਾਰਥ ਮੰਗਦਾ ਰਹਿੰਦਾ ਹੈ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ: **"ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥"** ਤਾਂ ਫਿਰ ਸਵਾਲ ਪੈਦਾ ਹੋਏਗਾ ਕਿ ਉਹ ਕਿਹੜੀ ਚੀਜ਼ ਹੈ ਜਿਸ ਨੂੰ ਪ੍ਰਾਪਤ ਕਰਕੇ ਸਾਡੀ ਤ੍ਰਿਸ਼ਨਾ ਬੁੱਝ ਸਕੇ ਤਾਂ ਇਸ ਦਾ ਜਵਾਬ ਹੈ ਕਿ ਜੇ ਅਸੀਂ ਸੱਚੇ ਦੇ ਨਾਮ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲਈਏ ਤਾਂ ਸਾਡੀਆਂ ਸਾਰੀਆਂ ਤ੍ਰਿਸ਼ਨਾਵਾਂ ਬੁੱਝ ਜਾਂਦੀਆਂ ਹਨ ਜਿਵੇਂ ਕਿ ਗੁਰਬਾਣੀ ਫੁਰਮਾਨ ਹੈ: **"ਤ੍ਰਿਸਨਾ ਬੁਝੈ ਹਰਿ ਕੈ ਨਾਮਿ॥"** ਅਤੇ **"ਤ੍ਰਿਪਤਿ ਭਈ ਸਚੁ ਭੋਜਨੁ ਖਾਇਆ॥ ਮਨਿ ਤਨਿ ਰਸਨਾ ਨਾਮੁ ਧਿਆਇਆ॥"**

**ਇਸ ਲਈ ਅਸੀਂ ਵੀ ਆਪਣੇ ਜੀਵਨ ਦਾ ਆਧਾਰ ਸੱਚੇ ਨਾਮ ਨੂੰ ਹੀ ਬਣਾਉਣਾ ਹੈ ਤਾਂ ਕਿ ਸਾਡੀਆਂ ਵੀ ਤ੍ਰਿਸ਼ਨਾਵਾਂ, ਭੁੱਖਾਂ ਖਤਮ ਹੋ ਜਾਣ ਅਤੇ ਸਤਿਗੁਰੂ ਜੀ ਅੱਗੇ ਇਹੀ ਜੋਦੜੀ ਕਰਨੀ ਹੈ ਕਿ ਮੇਰੀ ਝੋਲੀ ਵਿਚ ਨਾਮ ਦੀ ਦਾਤ ਪਾ ਦਿਓ। ਯਥਾ: "ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ॥"**

੫. **"ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥ ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥ ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥ ......"**

"ਸਾਚਾ ਨਾਮੁ ਮੇਰਾ ਆਧਾਰੋ॥" ਦੀ ਟੇਕ ਤੇ ਆਸਰੇ ਤੇ ਰਹਿਣ ਵਾਲੇ ਗੁਰਮੁਖ ਦੇ ਹਿਰਦੇ ਵਿਚ ਮਾਨੋਂ ਪੰਜ ਪ੍ਰਕਾਰ ਦੇ ਸਾਜਾਂ ਦੀਆਂ ਮਿਲਵੀਆਂ ਸੁਰਾਂ ਵੱਜ ਪੈਂਦੀਆਂ ਹਨ। ਹੇ ਪ੍ਰਭੂ! ਜਿਸ ਮਨੁੱਖ ਤੇ ਤੁਸੀਂ ਆਪਣੇ ਨਾਮ ਦੀ ਪਾਰਸ ਕਲਾ ਵਰਤਾ ਦਿਤੀ ਉਸ ਦੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਰਥਾਤ ਪੰਜ ਦੂਤ ਉਸ ਦੇ ਵੱਸ ਵਿਚ ਕਰ ਦਿਤੇ। ਪਰ ਯਕੀਨ ਰਖਣਾ ਕਿ ਸੱਚੇ ਨਾਮ ਨੂੰ ਉਹੀ ਮਨੁੱਖ ਆਪਣੇ ਜੀਵਨ ਦਾ ਆਧਾਰ ਬਣਾਉਂਦੇ ਹਨ ਜਿਨ੍ਹਾਂ ਦੇ ਭਾਗਾਂ ਵਿਚ ਧੁਰਿ ਕਰਮ ਤੋਂ ਹੀ ਇਹ ਬਖਸ਼ਸ਼ ਹੁੰਦੀ ਹੈ।

ਸਵਾਲ ਕਰਨ ਵਾਲੇ ਸਵਾਲ ਕਰਨਗੇ ਕਿ ਮੇਰੇ ਤੇ ਭਾਗਾਂ ਵਿਚ ਤਾਂ ਧੁਰ ਦਰਗਾਹ ਤੋਂ ਬਖਸ਼ਸ਼ ਹੀ ਨਹੀਂ ਹੋਈ ਤੇ ਮੈਂ ਨਾਮ ਸਿਮਰਨ ਕਿਵੇਂ ਕਰ ਸਕਦਾ ਹਾਂ? ਤਾਂ ਇਸ ਦਾ ਜਵਾਬ ਹੈ ਕਿ ਜਿਹੜਾ ਮੈਨੂੰ ਹੁਣ ਤੋਂ ਇਕ ਮਿੰਟ ਪਹਿਲਾਂ ਸਵਾਸ ਆਇਆ ਹੈ ਉਹ ਹੀ ਹੁਣ ਮੇਰਾ ਭੂਤਕਾਲ ਹੈ। ਇਸ ਲਈ ਜੇ ਮੈਂ ਹੁਣ ਵੀ ਨਾਮ ਦੀ ਜਾਚਨਾ ਲਈ ਪੁਕਾਰ ਕਰਨਾ ਸ਼ੁਰੂ ਕਰ ਦੇਵਾਂ ਤਾਂ ਪਰਮਾਤਮਾ ਦਾ ਮੁੱਢ ਕਦੀਮੀ ਸੁਭਾਉ ਹੈ ਕਿ:

**"ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥**
**ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥"**
**(ਅੰਗ: ੬੮੧)**

ਮੇਰੀ ਪੁਕਾਰ ਨੂੰ ਸੁਣ ਕੇ ਕੀ ਉਹ ਮੈਨੂੰ ਨਾਮ ਦੀ ਦਾਤ ਨਹੀਂ ਬਖਸ਼ਣਗੇ? ਤਾਂ ਜਵਾਬ ਹੈ ਕਿ ਜ਼ਰੂਰ ਬਖਸ਼ਣਗੇ ਪਰ ਜੇ ਮੇਰੇ ਮਨ ਦੇ ਵਿਚ ਨਾਮ ਦੀ ਪ੍ਰਾਪਤੀ ਲਈ ਸੱਚੀ-ਸੁੱਚੀ ਪਿਆਸ ਅਤੇ ਆਸ ਹੋਵੇਗੀ।

੬. **"ਅਨਦ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥ ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥............ਵਾਜੇ ਅਨਹਦ ਤੂਰੇ॥੪੦॥੧॥"**

ਅਰਥਾਤ ਹੇ ਵੱਡੇ ਭਾਗਾਂ ਵਾਲਿਓ! ਸੁਣੋ, ਆਨੰਦ ਇਹ ਹੈ ਕਿ (ਉਸ ਅਵਸਥਾ ਵਿਚ) ਮਨ ਦੀਆਂ ਸਾਰੀਆਂ ਦੌੜਾਂ ਮੁੱਕ ਜਾਂਦੀਆਂ ਹਨ (ਸਾਰੇ ਸੰਕਲਪ ਸਿਰੇ ਚੜ੍ਹ ਜਾਂਦੇ ਹਨ), ਪ੍ਰਭੂ ਮਿਲ ਪੈਂਦਾ ਹੈ, ਸਾਰੇ ਚਿੰਤਾ-ਝੋਰੇ ਮਨ ਤੋਂ ਲਹਿ ਜਾਂਦੇ ਹਨ। ਅਕਾਲ ਪੁਰਖ ਦੀ ਸਿਫਿਤ-ਸਲਾਹ ਦੀ ਬਾਣੀ ਸੁਣਿਆਂ ਸਾਰੇ ਦੁੱਖ ਰੋਗ ਕਲੇਸ਼ ਮਿਟ ਜਾਂਦੇ ਹਨ। ਜੇਹੜੇ ਗੁਰਮੁਖਿ ਪੂਰੇ ਗੁਰੂ ਤੋਂ ਬਾਣੀ ਨਾਲ ਸਾਂਝ ਪਾ ਲੈਂਦੇ ਹਨ ਉਹਨਾਂ ਦੇ ਹਿਰਦੇ ਖਿੜ ਆਉਂਦੇ ਹਨ।

ਸਵਾਲ ਕਰਨ ਵਾਲੇ ਸਵਾਲ ਕਰਨਗੇ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਅਕਾਲ ਪੁਰਖ ਦੀ ਸਿਫਿਤ-ਸਲਾਹ ਦੀ ਬਾਣੀ ਸੁਣਨ ਨਾਲ ਸਾਰੇ ਦੁਖ ਕਲੇਸ਼ ਮਿਟ ਜਾਂਦੇ ਹਨ ਤੇ ਹਿਰਦਾ ਖੇੜੇ ਵਿਚ ਆ ਜਾਂਦਾ ਹੈ ਤਾਂ ਜਵਾਬ ਹੈ ਕਿ ਬਾਣੀ ਸੁਣਨ ਨਾਲ ਮਨੁੱਖ ਦੇ ਮਨ ਅੰਦਰ ਅਜਿਹਾ ਆਤਮਕ ਅਨੰਦ ਪੈਦਾ ਹੋ ਜਾਂਦਾ ਹੈ ਜਿਸ ਨਾਲ ਉਸ ਦੇ ਮਨ ਉਤੇ ਕੋਈ ਦੁੱਖ, ਰੋਗ ਅਤੇ ਕਲੇਸ਼ ਜ਼ੋਰ ਨਹੀਂ ਪਾ ਸਕਦਾ। ਇਥੇ ਹੀ ਬਸ ਨਹੀਂ ਜੇਕਰ ਪੂਰਨ ਵਿਸ਼ਵਾਸ਼, ਭਰੋਸੇ ਅਤੇ ਨਿਸ਼ਚੇ ਨਾਲ ਗੁਰਬਾਣੀ ਨੂੰ ਸੁਣਿਆ ਜਾਵੇ ਤਾਂ ਸਰੀਰਕ ਰੋਗ ਵੀ ਠੀਕ ਹੋ ਜਾਂਦੇ ਹਨ।

**ਇਸ ਸੰਬੰਧ ਵਿਚ ਆਪ ਜੀ ਨਾਲ ਕੁਝ ਕੁ ਸਾਲ ਪਹਿਲੇ ਹਿੰਦੂ ਘਰਾਣੇ ਵਿਚ ਪੈਦਾ ਹੋਏ ਵਾਸੂ ਭਾਰਦਵਾਜ ਜੀ ਦੀ ਜ਼ਿੰਦਗੀ ਦੀ ਇਕ ਘਟਨਾ ਸਾਂਝੀ ਕਰ ਰਿਹਾਂ ਹਾਂ ਜੋ ਕਿ youtube ਤੇ "Guru kripa on Vasu Bhardwaj in his own words" ਦੇ link ਤੇ ਹੈ। ਇਸ ਨੂੰ ਸੁਣਨ ਤੋਂ ਬਾਅਦ ਕਿਸੇ ਵੀ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਗੁਰਬਾਣੀ ਨੂੰ ਨਿਸ਼ਚੇ ਨਾਲ ਸੁਣਨ ਨਾਲ ਕਿਵੇਂ ਕੈਂਸਰ ਵਰਗੇ ਦੀਰਘ ਰੋਗ ਵੀ ਦੂਰ ਹੋ ਜਾਂਦੇ ਹਨ।**

ਘਟਨਾ ਇਸ ਪ੍ਰਕਾਰ ਹੈ:

ਵਾਸੂ ਭਾਰਦਵਾਜ ਜੋ ਕਿ ਜੋ ਕਿ ਕੈਂਸਰ ਦੇ ਮਰੀਜ ਸਨ, ਇਕ ਵਿਗਿਆਨੀ ਸਨ ਅਤੇ ਨਾਸਤਕ ਵੀ ਸਨ। ਉਹ ਪਰਮਾਤਮਾ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ। ਉਨ੍ਹਾਂ ਨੇ

ਇਸ ਬੀਮਾਰੀ ਦਾ ਬਹੁਤ ਇਲਾਜ ਵੀ ਕਰਵਾਇਆ ਪਰ ਡਾਕਟਰਾਂ ਨੇ ਉਨ੍ਹਾਂ ਨੂੰ ਜਵਾਬ ਦੇ ਦਿਤਾ ਕਿ ਹੁਣ ਤੁਸੀਂ ੧੫ ਕੁ ਦਿਨਾਂ ਤੋਂ ਵੱਧ ਨਹੀਂ ਜੀਅ ਸਕਦੇ ਕਿਉਂਕਿ ਉਨ੍ਹਾਂ ਦਾ ਕੈਂਸਰ ਬਹੁਤ ਵੱਧ ਚੁੱਕਿਆ ਸੀ ਜਿਸ ਦੇ ਕਾਰਨ ਉਨ੍ਹਾਂ ਨੂੰ ਤੁਰਨ ਫਿਰਨ ਵਿਚ ਮੁਸ਼ਕਿਲ ਆ ਰਹੀ ਸੀ। ਵਾਸੂ ਜੀ ਦੀ ਸਾਲੀ ਕੁੰਤੀ ਅਤੇ ਇਕ ਗੁਰਸਿੱਖ ਸ੍ਰ.ਕੇਸਰ ਸਿੰਘ ਜੀ ਨੇ ਉਨ੍ਹਾਂ ਨੂੰ ਦਰਬਾਰ ਸਾਹਿਬ ਜਾ ਕੇ ਅਖੰਡ ਪਾਠ ਕਰਵਾਉਣ ਲਈ ਕਿਹਾ।

ਜਦੋਂ ਡਾਕਟਰਾਂ ਵਲੋਂ ਆਪਣੀ ਪੂਰੀ ਵਾਹ ਲਗਾਉਣ ਦੇ ਬਾਵਜੂਦ ਵੀ ਵਾਸੂ ਜੀ ਠੀਕ ਨਾ ਹੋਏ ਤੇ ਉਨ੍ਹਾਂ ਨੇ ਮੰਨ ਲਿਆ ਕਿ ਹੁਣ ਕੁਝ ਬਾਕੀ ਨਹੀਂ ਤਾਂ ਉਨ੍ਹਾਂ ਨੇ ਆਪਣੀ ਸਾਲੀ ਅਤੇ ਸ੍ਰ. ਕੇਸਰ ਸਿੰਘ ਜੀ ਦੇ ਕਹਿਣ ਅਨੁਸਾਰ ਦਰਬਾਰ ਸਾਹਿਬ ਜਾ ਕੇ ਪਾਠ ਕਰਵਾਉਣ ਦਾ ਮਨ ਬਣਾ ਲਿਆ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪਤਨੀ, ਬੇਟੀ ਅਤੇ ਹੋਰ ਇਕ ਦੋ ਪਰਿਵਾਰ ਦੇ ਮੈਂਬਰ ਵੀ ਦਰਬਾਰ ਸਾਹਿਬ ਆ ਗਏ।

ਉਹ ਉਥੇ ਪ੍ਰੋ.ਬਡੂੰਗਰ ਸਾਹਿਬ ਨੂੰ ਮਿਲੇ ਅਤੇ ਅਖੰਡ ਪਾਠ ਰਖਵਾਇਆ। ੫ ਮਈ ੨੦੦੨ ਨੂੰ ਜਦੋਂ ਉਨ੍ਹਾਂ ਦੀ ਬੇਟੀ ਉਨ੍ਹਾਂ ਨੂੰ ਦਰਬਾਰ ਸਾਹਿਬ ਲੈ ਕੇ ਜਾ ਰਹੀ ਸੀ, ਉਸ ਵਕਤ ਵਾਸੂ ਜੀ ਦੀ ਹਾਲਤ ਬਹੁਤ ਹੀ ਖਰਾਬ ਸੀ। ਉਨ੍ਹਾਂ ਦਾ ਸਰੀਰ ਬਹੁਤ ਸੁੱਕ ਚੁੱਕਿਆ ਸੀ। ਅਕਾਲ ਤਖਤ ਦੇ ਨੇੜੇ ਜਿਥੇ ਨਿਸ਼ਾਨ ਸਾਹਿਬ ਹਨ, ਉਸ ਦੇ ਲਾਗੇ ਵਾਲੇ ਕਮਰੇ ਵਿਚ ਉਨ੍ਹਾਂ ਲਈ ਅਖੰਡ ਪਾਠ ਰਖਿਆ ਗਿਆ। ਸਵੇਰੇ ਸਾਢੇ ਅੱਠ ਵਜੇ ਪਾਠ ਅਰੰਭ ਕੀਤਾ ਗਿਆ। ਉਸ ਵਕਤ ਉਹ stretcher ਤੇ ਲੇਟੇ ਹੋਏ ਪਾਠ ਸੁਣ ਰਹੇ ਸੀ ਕਿਉਂਕਿ ਡਾਕਟਰਾਂ ਨੇ ਉਨ੍ਹਾਂ ਨੂੰ ਚੌਂਕੜੀ ਲਗਾ ਕੇ ਬੈਠਣਾ ਮਨ੍ਹਾ ਕੀਤਾ ਸੀ। ਉਨ੍ਹਾਂ ਦੀਆਂ ਹੱਡੀਆਂ ਵਿਚ ਕੈਲਸ਼ੀਅਮ ਨਾ ਹੋਣ ਕਰਕੇ ਹੱਡੀਆਂ ਵੀ ਟੁੱਟ ਸਕਦੀਆਂ ਸਨ।

ਵਾਸੂ ਜੀ ਜਦੋਂ ਪਾਠ ਸੁਣ ਰਹੇ ਸਨ ਤੇ ਉਨ੍ਹਾਂ ਨੂੰ ਆਪਣੇ ਸਰੀਰ ਵਿਚ ਕੁਝ vibrations ਮਹਿਸੂਸ ਹੋਈਆਂ। ਸਾਢੇ ਸੱਤ ਘੰਟੇ ਬਾਅਦ ਜਦੋਂ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਹੋਇਆ ਤਾਂ ਉਨ੍ਹਾਂ ਨੇ ਚੌਂਕੜੀ ਮਾਰੀ ਅਤੇ ਚੌਂਕੜੀ ਮਾਰਨ ਤੋਂ ੨੦-੨੫ ਮਿੰਟ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚਕਾਰੋਂ ਇਕ ਜੋਤਿ ਨਿਕਲੀ। ਉਸ ਵਕਤ ਉਨ੍ਹਾਂ ਦੀ ਬੇਟੀ ਉਨ੍ਹਾਂ ਦੀਆਂ ਫੋਟੋਆਂ ਖਿਚ ਰਹੀ ਸੀ ਅਤੇ ਫੋਟੋਆਂ ਦੇ ਵਿਚ ਉਹ ਜੋਤਿ ਵੀ ਸਪੱਸ਼ਟ ਰੂਪ ਨਾਲ ਦਿਖਾਈ ਦਿਤੀ।

ਉਹ ਜੋਤਿ ਦੋ ਹਿੱਸਿਆਂ ਵਿਚ ਵੰਡ ਕੇ ਵਾਸੂ ਜੀ ਦੇ ਸਰੀਰ ਵਿਚ ਗਈ ਤੇ ਉਨ੍ਹਾਂ ਨੂੰ ਬਹੁਤ ਹੀ ਠੰਡਾ ਜਿਹਾ ਅਹਿਸਾਸ ਹੋਇਆ। ਉਸ ਜੋਤਿ ਦੇ ਸਰੀਰ ਅੰਦਰ ਜਾਂਦੇ ਹੀ ਉਨ੍ਹਾਂ ਦਾ ਕੰਨ ਜੋ ਕਿ ਕੈਂਸਰ ਕਰਕੇ ਪੂਰੀ ਤਰ੍ਹਾਂ ਖਰਾਬ ਸੀ ਤੇ ਉਹ ਉਸ ਰਾਹੀਂ ਸੁਣ ਵੀ

ਨਹੀਂ ਸਕਦੇ ਸਨ, ਜਿਸ ਨੂੰ ਡਾਕਟਰਾਂ ਨੇ ਕਿਹਾ ਸੀ ਕਿ ਇਹ ਕਦੀਂ ਵੀ ਨਹੀਂ ਠੀਕ ਹੋਵੇਗਾ, ਉਹ ਠੀਕ ਹੋ ਗਿਆ। ਦਿਮਾਗ ਵਿਚ ਜੋ ਟਿਊਮਰ ਸੀ ਉਹ ਵੀ ਠੀਕ ਹੋ ਗਿਆ। ਉਨ੍ਹਾਂ ਨੇ ਸਾਰਾ ਪਾਠ ਸੁਣਿਆ।

ਪਾਠ ਦੀ ਸੰਪੂਰਨਤਾ ਤੇ ੪੮ ਘੰਟੇ ਬਾਅਦ ਉਹ ਖੁਦ ਆਪਣੇ ਪੈਰਾਂ ਤੇ ਖੜੇ ਹੋ ਗਏ ਤੇ ਖੁਦ ਚਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨਿਵਾਸ ਤੱਕ ਗਏ। ਜਦੋਂ ਉਹ ਵਾਪਸ ਆਪਣੇ ਘਰ ਸੂਰਤ ਗਏ ਤਾਂ ਸੂਰਤ ਦੇ ਡਾਕਟਰ ਜੋ ਉਨ੍ਹਾਂ ਦਾ ਇਲਾਜ ਕਰ ਰਹੇ ਸਨ ਉਨ੍ਹਾਂ ਨੂੰ ਮਿਲੇ ਤੇ ਡਾਕਟਰ ਟਰਾਂਸਪਲਾਂਟ ਕਰਨ ਦੀਆਂ ਤਿਆਰੀਆਂ ਕਰਨ ਲਗੇ। ਡਾਕਟਰਾਂ ਨੇ ਉਨ੍ਹਾਂ ਦੇ ਟੈਸਟ ਕਰਵਾਏ। ਸਾਰੀਆਂ ਲੈਬਰੋਟਰੀ ਦੀਆਂ ਰਿਪੋਰਟਾਂ ਵਿਚ ਇਹ ਗੱਲ ਸਾਹਮਣੇ ਆਈ ਕਿ ਇਨ੍ਹਾਂ ਨੂੰ ਕੈਂਸਰ ਹੈ ਹੀ ਨਹੀਂ। ਫਿਰ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਜੋ ਜੋਤਿ ਉਸ ਦਿਨ ਉਨ੍ਹਾਂ ਦੇ ਸਰੀਰ ਵਿਚ ਪ੍ਰਵੇਸ਼ ਹੋਈ ਸੀ, ਉਸੇ ਨਾਲ ਉਨ੍ਹਾਂ ਦਾ ਕੈਂਸਰ ਉਸੇ ਵਕਤ ਠੀਕ ਹੋ ਗਿਆ। ਇਹ ਕੋਈ ਚਮਤਕਾਰ ਨਹੀਂ ਸੀ ਬਲਕਿ ਗੁਰੂ ਕ੍ਰਿਪਾ ਸੀ।

**"ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ" ਦੇ ਸੰਬੰਧ ਵਿਚ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਨੇ ਵੀ ਆਪਣੇ ਜੀਵਨ ਕਾਲ ਵਿਚ ਇਕ ਮੁਹਿੰਮ ਚਲਾਈ ਸੀ। ਇਸ ਮੁਹਿੰਮ ਦੇ ਅਧੀਨ ਡਾਕਟਰਾਂ ਦੀ ਦਵਾਈ ਦੇ ਨਾਲ ਨਾਲ ਰੋਗੀਆਂ ਨੂੰ ਜਾ ਕੇ ਗੁਰਬਾਣੀ ਸੁਣਾਈ ਜਾਂਦੀ ਸੀ ਜਿਸ ਸਦਕਾ ਰੋਗੀ ਲਾਇਲਾਜ ਰੋਗਾਂ ਤੋਂ ਵੀ ਨਿਵਰਤ ਹੋਏ।**

**"ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ"** ਦੇ ਆਧਾਰ ਤੇ ਇਕ ਸੰਸਥਾ 'ਸਰਬ ਰੋਗ ਕਾ ਅਉਖਦ ਨਾਮ ਮਿਸ਼ਨ' ਵੀ ਗੁਰਸਿੱਖਾਂ ਵਲੋਂ ਬਣਾਈ ਗਈ ਹੈ ਜਿਸ ਵਿਚ ਵੱਖਰੀਆਂ ਵੱਖਰੀਆਂ ਜਗ੍ਹਾ ਤੇ ਕੈਂਪ ਲਗਾਏ ਜਾਂਦੇ ਹਨ ਅਤੇ ਰੋਗੀਆਂ ਦਾ ਇਲਾਜ ਦਵਾਈ ਦੇ ਨਾਲ ਨਾਲ ਗੁਰਬਾਣੀ ਸੁਣਾ ਕੇ ਕੀਤਾ ਜਾਂਦਾ ਹੈ। **ਅਨੇਕ ਰੋਗੀ ਗੁਰਬਾਣੀ ਸੁਣ ਕੇ ਠੀਕ ਹੋਏ ਹਨ ਜਿਨ੍ਹਾਂ ਦੀ ਇੰਟਰਵਿਊ youtube ਤੇ Sarb Rog Ka Aukhad Naam Mission Trust ਨਾਮ ਦੇ ਲਿੰਕ ਤੇ available ਹੈ।**

**ਇਹ ਸਭ ਪੜ੍ਹ ਸੁਣ ਕੇ ਅਸੀਂ ਇਹ ਸਿੱਖਿਆ ਲੈਣੀ ਹੈ ਕਿ ਜੇਕਰ ਅਸੀਂ ਗੁਰਬਾਣੀ ਨੂੰ ਪੂਰਨ ਵਿਸ਼ਵਾਸ ਨਾਲ ਸੁਣਾਂਗੇ ਤਾਂ ਸਾਡੇ ਵੀ 'ਦੂਖ ਰੋਗ ਸੰਤਾਪ' ਬਿਨਾਂ ਕਿਸੇ ਸ਼ੱਕ ਦੇ ਦੂਰ ਹੋ ਜਾਣਗੇ।**

## ਮੁੰਦਾਵਣੀ ਮਹਲਾ ੫ ॥

**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥**
**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥**
**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**
**ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥**
**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥**

**ਪਦ ਅਰਥ**: **ਥਾਲ ਵਿਚਿ**-(ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ) ਥਾਲ ਵਿਚ। **ਤਿੰਨਿ ਵਸਤੂ**-ਤਿੰਨ ਚੀਜ਼ਾਂ (ਸਤੁ, ਸੰਤੋਖੁ ਅਤੇ ਵੀਚਾਰ) । **ਅੰਮ੍ਰਿਤ**-ਆਤਮਕ ਜੀਵਨ ਦੇਣ ਵਾਲਾ। **ਜਿਸ ਕਾ**-ਜਿਸ (ਨਾਮ) ਦਾ। **ਸਭਸੁ**-ਹਰੇਕ ਜੀਵ ਨੂੰ। **ਅਧਾਰੋ**-ਆਸਰਾ। **ਕੋ**-ਕੋਈ (ਮਨੁੱਖ) । **ਭੁੰਚੈ**-ਭੁੰਚਦਾ ਹੈ, ਖਾਂਦਾ ਹੈ, ਮਾਣਦਾ ਹੈ। **ਤਿਸ ਕਾ**-ਉਸ (ਮਨੁੱਖ) ਦਾ। **ਉਧਾਰੋ**-ਪਾਰ-ਉਤਾਰਾ, ਵਿਕਾਰਾਂ ਤੋਂ ਬਚਾਉ। **ਏਹ ਵਸਤੁ**-ਆਤਮਕ ਪ੍ਰਸੰਨਤਾ ਦੇਣ ਵਾਲੀ ਇਹ ਚੀਜ਼, ਇਹ ਮੁਦਾਵਣੀ। **ਤਜੀ ਨਹ ਜਾਈ**-ਤਿਆਗੀ ਨਹੀਂ ਜਾ ਸਕਦੀ। **ਰਖੁ**-ਸਾਂਭ ਕੇ ਰੱਖੋ। **ਉਰਿ**-ਹਿਰਦੇ ਵਿਚ। **ਧਾਰੋ**-ਟਿਕਾਓ। **ਤਮ**-(ਤਮਸ਼) ਹਨੇਰਾ। **ਤਮ ਸੰਸਾਰੁ**-(ਵਿਕਾਰਾਂ ਦੇ ਕਾਰਨ ਬਣਿਆ ਹੋਇਆ) ਘੁੱਪ ਹਨੇਰਾ ਜਗਤ। **ਲਗਿ**-ਲਗ ਕੇ। **ਸਭੁ**-ਹਰ ਥਾਂ। **ਬ੍ਰਹਮ ਪਸਾਰੋ**-ਪਰਮਾਤਮਾ ਦਾ ਖਿਲਾਰਾ, ਪਰਮਾਤਮਾ ਦੇ ਆਪੇ ਦਾ ਪਰਕਾਸ਼।੧।

ਅਰਥ: ਹੇ ਭਾਈ! ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਉੱਚਾ ਆਚਰਨ, ਸੰਤੋਖ ਅਤੇ ਆਤਮਕ ਜੀਵਨ ਦੀ ਸੂਝ ਵਾਲੀਆਂ ਇਹ ਤਿੰਨ ਵਸਤੂਆਂ ਹਨ, ਪਰਮਾਤਮਾ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਵੀ ਇਸੇ ਥਾਲ ਵਿਚ ਹੈ। (ਇਹ 'ਅੰਮ੍ਰਿਤ ਨਾਮੁ' ਐਸਾ ਹੈ) ਕਿ ਇਸ ਦਾ ਆਸਰਾ ਹਰੇਕ ਜੀਵ ਲਈ (ਜ਼ਰੂਰੀ) ਹੈ। (ਇਸ ਆਤਮਕ ਭੋਜਨ ਨੂੰ) ਜੇ ਕੋਈ ਮਨੁੱਖ ਸਦਾ ਖਾਂਦਾ ਰਹਿੰਦਾ ਹੈ, ਤਾਂ ਉਸ ਮਨੁੱਖ ਦਾ ਵਿਕਾਰਾਂ ਤੋਂ ਬਚਾਉ ਹੋ ਜਾਂਦਾ ਹੈ।

ਹੇ ਭਾਈ! (ਜੇ ਆਤਮਕ 'ਉਧਾਰ' ਦੀ ਲੋੜ ਹੈ ਤਾਂ) ਆਤਮਕ ਪ੍ਰਸੰਨਤਾ ਦੇਣ ਵਾਲੀ ਇਹ ਨਾਮ-ਵਸਤੂ ਤਿਆਗੀ ਨਹੀਂ ਜਾ ਸਕਦੀ, ਇਸ ਨੂੰ ਸਦਾ ਹੀ ਆਪਣੇ ਹਿਰਦੇ ਵਿਚ ਸਾਂਭ ਰੱਖ। ਹੇ ਨਾਨਕ! (ਇਸ ਨਾਮ ਵਸਤੂ ਦੀ ਬਰਕਤਿ ਨਾਲ) ਪ੍ਰਭੂ ਦੀ ਚਰਨੀਂ ਲੱਗ ਕੇ ਘੁੱਪ ਹਨੇਰਾ ਸੰਸਾਰ-ਸਮੁੰਦਰ ਤਰਿਆ ਜਾ ਸਕਦਾ ਹੈ ਅਤੇ ਹਰ ਥਾਂ ਪਰਮਾਤਮਾ ਦੇ ਆਪੇ ਦਾ ਪਰਕਾਸ਼ ਹੀ (ਦਿੱਸਣ ਲੱਗ ਪੈਂਦਾ ਹੈ) ।੧।

# ਮੁੰਦਾਵਣੀ ਦਾ ਸਮੁੱਚਾ ਭਾਵ ਅਤੇ ਸਿੱਖਿਆ

ਸੰਸਾਰ ਅਗਿਆਨਤਾ ਵਿਚ ਫਸੇ ਹੋਣ ਕਰਕੇ '**ਉਧਾਰ**' ਦੀ ਲੋਚਾ ਤਾਂ ਰੱਖਦਾ ਹੈ ਪਰ ਲੋਚਾ ਦੀ ਪੂਰਤੀ ਉਨ੍ਹਾਂ ਸਾਧਨਾਂ ਤੋਂ ਪ੍ਰਾਪਤ ਕਰਨਾ ਚਾਹੁੰਦਾ ਹੈ ਜਿਥੇ ਸਚੁ ਦਾ ਨਿਵਾਸ ਹੀ ਨਹੀਂ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਵਿਚ ਸਾਨੂੰ ਇੰਝ ਸਮਝਾਉਣਾ ਕੀਤਾ ਹੈ ਕਿ ਜੇ ਅਸੀਂ ਆਪਣੇ '**ਉਧਾਰ**' ਦੀ ਲੋਚਾ ਰਖਦੇ ਹਾਂ ਤਾਂ ਸਾਨੂੰ '**ਅੰਮ੍ਰਿਤ ਨਾਮੁ ਠਾਕੁਰ ਕਾ**' ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣਾ ਪਵੇਗਾ ਤਾਂ ਹੀ ਸਾਡੇ ਜੀਵਨ ਵਿਚ ਸਤੁ, ਸੰਤੋਖੁ ਅਤੇ ਉਚੇ ਆਤਮਕ ਅਡੋਲਤਾ ਵਾਲੇ ਗੁਣ ਆਉਣਗੇ।

ਜਿਹੜੇ ਜੀਵ ਅੰਮ੍ਰਿਤ ਨਾਮੁ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲੈਣਗੇ, ਗੁਰਪ੍ਰਸਾਦਿ ਸਦਕਾ ਉਨ੍ਹਾਂ ਦਾ '**ਉਧਾਰ**' ਹੋ ਜਾਏਗਾ। ਇਹ ਅਮੋਲਕ ਨਾਮ ਵਾਲੀ ਵਸਤੂ ਕਿਸੇ ਵੀ ਕੀਮਤ ਤੇ ਤਿਆਗੀ ਨਹੀਂ ਜਾ ਸਕਦੀ ਅਤੇ ਇਸ ਨੂੰ ਹਿਰਦੇ ਵਿਚ ਸੰਭਾਲ ਕੇ, ਪ੍ਰਭੂ ਦੀ ਚਰਨੀਂ ਲੱਗ ਕੇ ਘੁੱਪ ਹਨ੍ਹੇਰੇ ਵਾਲੇ ਸੰਸਾਰ ਸਮੁੰਦਰ ਤੋਂ ਤਰਿਆ ਜਾ ਸਕਦਾ ਹੈ। ਇਸ ਲਈ ਅਸੀਂ ਇਸ 'ਨਾਮ ਰੂਪੀ ਅਮੋਲਕ ਦਾਤ' ਨੂੰ ਹਿਰਦੇ ਵਿਚ ਉਤਾਰਨਾ ਹੈ ਪਰ ਇਹ 'ਅਮੋਲਕ ਦਾਤ' ਹਿਰਦੇ ਵਿਚ ਤਦ ਹੀ ਉਤਰੇਗੀ ਜੇਕਰ ਅਸੀਂ ਗੁਰਬਾਣੀ ਨੂੰ ਹੇਠ ਲਿਖੇ ਢੰਗ ਨਾਲ ਕਮਾਵਾਂਗੇ:

**ਬਾਣੀ ਕਿਉਂ ਪੜ੍ਹਣੀ ਹੈ......ਸੁਣਨ ਲਈ ।**
**ਬਾਣੀ ਕਿਉਂ ਸੁਣਨੀ ਹੈ......ਸਮਝਣ ਲਈ ।**
**ਬਾਣੀ ਕਿਉਂ ਸਮਝਣੀ ਹੈ... ਵੀਚਾਰਨ ਲਈ ।**
**ਬਾਣੀ ਕਿਉਂ ਵਿਚਾਰਨੀ ਹੈ...ਕਮਾਉਣ ਲਈ ।**

ਇਸ ਲਈ ਜੇਕਰ ਅਸੀਂ ਇਸ ਢੰਗ ਨਾਲ ਗੁਰਬਾਣੀ/ਨਾਮ ਨੂੰ ਜਪਾਂਗੇ, ਵੀਚਾਰਾਂਗੇ ਅਤੇ ਮੰਨਾਗੇਂ ਤਾਂ ਸਾਡੇ ਜੀਵਨ ਵਿਚ ਵੀ ਸਤੁ, ਸੰਤੋਖ ਅਤੇ ਆਤਮਕ ਅਡੋਲਤਾ ਵਾਲੇ ਗੁਣ ਆ ਜਾਣਗੇ।

ਨੋਟ: ਉਪਰ ਵਾਲੇ ਸ਼ਬਦ ਵਿਚ 'ਥਾਲ' ਦਾ ਮਤਲਬ 'ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ' ਲਿਖਿਆ ਹੈ। ਕਈ ਵਿਦਵਾਨਾਂ ਨੇ 'ਥਾਲ' ਦਾ ਮਤਲਬ 'ਹਿਰਦਾ ਰੂਪੀ ਥਾਲ' ਲਿਖਿਆ ਹੈ ਅਤੇ ਕਈਆਂ ਨੇ ਇਸ ਦਾ ਮਤਲਬ 'ਬ੍ਰਹਿਮੰਡ' ਵੀ ਕੀਤਾ ਹੈ। ਤੁੱਛ ਮੱਤ ਅਨੁਸਾਰ ਅਸੀਂ 'ਥਾਲ' ਦਾ ਸਰੂਪ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨ ਕੇ ਚੱਲ ਰਹੇ ਹਾਂ।

# ਸਲੋਕ ਮਹਲਾ ੫ ॥

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥

**ਪਦ ਅਰਥ** : **ਕੀਤਾ**-ਕੀਤਾ ਹੋਇਆ (ਉਪਕਾਰ) । **ਜਾਤੋ ਨਾਹੀ**-(ਤੇਰੇ ਕੀਤੇ ਉਪਕਾਰ ਦੀ) ਮੈਂ ਕਦਰ ਨਹੀ ਸਮਝੀ। **ਮੈਨੋ**-ਮੈਨੂੰ। **ਕੀਤੋਈ**-ਤੂੰ (ਮੈਨੂੰ) ਬਣਾਇਆ ਹੈ। **ਜੋਗੁ**-ਲਾਇਕ, (ਉਪਕਾਰ ਦੀ ਦਾਤਿ ਸਾਂਭਣ ਲਈ) ਫਬਵਾਂ (ਭਾਂਡਾ) । **ਮੈ ਨਿਰਗੁਣਿਆਰੇ**-ਮੈਂ ਗੁਣ-ਹੀਨ ਵਿਚ। **ਕੋ ਗੁਣੁ**-ਕੋਈ ਗੁਣ। **ਆਪੇ**-ਆਪ ਹੀ। **ਮਿਹਰਾਮਤਿ**-ਮਿਹਰ, ਦਇਆ। **ਮਿਲੈ**-ਮਿਲਦਾ ਹੈ। **ਤਾਂ**-ਤਦੋਂ। **ਜੀਵਾਂ**-ਮੈਂ ਜੀਊ ਪੈਂਦਾ ਹਾਂ, ਮੈਨੂੰ ਆਤਮਕ ਜੀਵਨ ਲੱਭ ਪੈਂਦਾ ਹੈ। **ਥੀਵੈ**-ਹੋ ਜਾਂਦਾ ਹੈ। **ਹਰਿਆ**-(ਆਤਮਕ ਜੀਵਨ ਨਾਲ) **ਹਰਾ**-ਭਰਾ।੧।

**ਅਰਥ** : ਹੇ ਨਾਨਕ! (ਆਖ - ਹੇ ਪ੍ਰਭੂ!) ਮੈਂ ਤੇਰੇ ਕੀਤੇ ਉਪਕਾਰ ਦੀ ਕਦਰ ਨਹੀਂ ਸਮਝ ਸਕਦਾ, (ਉਪਕਾਰ ਦੀ ਦਾਤਿ ਸਾਂਭਣ ਲਈ) ਤੂੰ (ਆਪ ਹੀ) ਮੈਨੂੰ ਫਬਵਾਂ ਭਾਂਡਾ ਬਣਾਇਆ ਹੈ। ਮੈਂ ਗੁਣ-ਹੀਨ ਵਿਚ ਕੋਈ ਗੁਣ ਨਹੀਂ ਹੈ। ਤੈਨੂੰ ਆਪ ਨੂੰ ਹੀ ਮੇਰੇ ਉਤੇ ਤਰਸ ਆ ਗਿਆ। ਹੇ ਪ੍ਰਭੂ! ਤੇਰੇ ਮਨ ਵਿਚ ਮੇਰੇ ਵਾਸਤੇ ਤਰਸ ਪੈਦਾ ਹੋਇਆ, ਮੇਰੇ ਉੱਤੇ ਤੇਰੀ ਮਿਹਰ ਹੋਈ, ਤਾਂ ਮੈਨੂੰ ਮਿੱਤਰ ਗੁਰੂ ਮਿਲ ਪਿਆ (ਤੇਰਾ ਇਹ ਉਪਕਾਰ ਭੁਲਾਇਆ ਨਹੀਂ ਜਾ ਸਕਦਾ) । (ਹੁਣ ਪਿਆਰੇ ਗੁਰੂ ਪਾਸੋਂ) ਜਦੋਂ ਮੈਨੂੰ (ਤੇਰਾ) ਨਾਮ ਮਿਲਦਾ ਹੈ, ਤਾਂ ਮੇਰੇ ਅੰਦਰ ਆਤਮਕ ਜੀਵਨ ਪੈਦਾ ਹੋ ਜਾਂਦਾ ਹੈ। ਮੇਰਾ ਤਨ, ਮੇਰਾ ਮਨ (ਉਸ ਆਤਮਕ ਜੀਵਨ ਦੀ ਬਰਕਤਿ ਨਾਲ) ਖਿੜ ਆਉਂਦਾ ਹੈ।੧।

# ਸਿੱਖਿਆ

**"ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥**
**ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥**
**ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥**
**ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥"**

(ਭਾਵ : ਉਪਰਲੀਆਂ ਪੰਕਤੀਆਂ ਵਿਚ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਹੋਏ ਕਹਿੰਦੇ ਹਨ ਕਿ ਮੇਰੇ ਜਿਹੇ ਗੁਣਹੀਣ ਉਤੇ ਤੁਸੀਂ ਤਰਸ ਕਰਕੇ ਦਿਆਲੂ ਹੋਏ ਤੇ ਮੇਰੇ ਉਤੇ ਤੁਹਾਡੀ ਮਿਹਰ ਹੋਈ ਜਿਸ ਦਾ ਸਦਕਾ ਤੁਸੀਂ ਮੈਨੂੰ 'ਸਤਿਗੁਰ ਸਜਣ' ਦਾ ਮਿਲਾਪ ਕਰਵਾ ਦਿਤਾ ਤੇ ਹੁਣ ਜਦੋਂ ਮੈਨੂੰ ਪਿਆਰੇ ਗੁਰੂ ਪਾਸੋਂ ਤੁਹਾਡਾ ਨਾਮ ਮਿਲਦਾ ਹੈ ਤਾਂ ਮੇਰੇ ਅੰਦਰ ਆਤਮਕ ਜੀਵਨ ਪੈਦਾ ਹੋ ਜਾਂਦਾ ਹੈ, ਮੇਰਾ ਤਨ, ਮੇਰਾ ਮਨ (ਉਸ ਆਤਮਕ ਜੀਵਨ ਦੀ ਬਰਕਤਿ ਨਾਲ) ਖਿੜ ਆਉਂਦਾ ਹੈ।)

**ਇਸ ਤੋਂ ਅਸੀਂ ਇਹ ਸਿੱਖਿਆ ਲੈਣੀ ਹੈ ਕਿ** ਅਸੀਂ ਵੀ ਨਿਮਾਣੇ ਹੋ ਕੇ ਅਰਦਾਸ ਕਰਨੀ ਹੈ ਕਿ ਸਾਨੂੰ ਸਤਿਗੁਰੂ ਜੀ ਦਾ ਮਿਲਾਪ ਅਤੇ ਸਦੀਵੀਂ ਨਾਮੁ ਦੀ ਦਾਤ ਪ੍ਰਾਪਤ ਹੋਵੇ ਜਿਸ ਸਦਕਾ ਸਾਡਾ ਤਨ, ਮਨ ਸਦੀਵੀਂ ਆਤਮਕ ਖੇੜੇ ਵਿਚ ਖਿੜਿਆ ਰਹੇ। ਗੁਰਮਤਿ ਅਨੁਸਾਰ 'ਨਾਮੁ' ਦੀ ਦਾਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਆਏ ਜੀਵਾਂ ਨੂੰ ਪੰਜ ਪਿਆਰਿਆਂ ਤੋਂ ਪ੍ਰਾਪਤ ਹੁੰਦੀ ਹੈ। ਇਸ ਲਈ ਅਸੀਂ 'ਨਾਮੁ' ਦੀ ਦਾਤ ਪ੍ਰਾਪਤ ਕਰਨ ਹਿਤ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨਾ ਹੈ ਅਤੇ ਇਹੀ ਬੇਨਤੀ ਕਰਨੀ ਹੈ:

**"ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥**
**ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥"**

**ਵਾਹਿਗੁਰੂ ਜੀ ਕਾ ਖਾਲਸਾ ॥**

**ਵਾਹਿਗੁਰੂ ਜੀ ਕੀ ਫ਼ਤਹਿ॥**

# ਦੁਰਗਾ ਪੰਡਤ ਦੀ ਸਾਖੀ

ਗੁਰੂ ਬਣਨ ਤੋਂ ਪਹਿਲਾਂ (ਗੁਰੂ) ਬਾਬਾ ਅਮਰਦਾਸ ਜੀ ਹਰ ਸਾਲ ਗੰਗਾ ਦੀ ਯਾਤਰਾ ਕਰਨ ਜਾਇਆ ਕਰਦੇ ਸਨ। ਇਕ ਵਾਰ ਉਨ੍ਹਾ ਨੂੰ ਗੰਗਾ ਯਾਤਰਾ ਤੋਂ ਵਾਪਸ ਆਉਂਦੇ ਸਮੇਂ ਦੁਰਗਾ ਬ੍ਰਾਹਮਣ ਮਿਲਿਆ। ਦੁਰਗਾ ਬ੍ਰਾਹਮਣ ਨੇ ਯਾਤਰੀਆਂ ਦੇ ਠਹਿਰਨ ਲਈ ਇਕ ਟਿਕਾਣਾ ਬਣਾਇਆ ਹੋਇਆ ਸੀ। ਲੋਕ ਦੁਰਗਾ ਬ੍ਰਾਹਮਣ ਕੋਲ ਆ ਕੇ ਠਹਿਰਦੇ ਸਨ ਤੇ ਜਾਣ ਵਕਤ ਉਸ ਨੂੰ ਦਾਨ ਦੱਖਣਾ ਦੇ ਜਾਂਦੇ ਸਨ। ਜਦੋਂ ੨੧ਵੀਂ ਵਾਰ ਬਾਬਾ ਅਮਰਦਾਸ ਜੀ ਗੰਗਾ ਯਾਤਰਾ ਤੋਂ ਵਾਪਸ ਆਏ ਤਾਂ ਉਨ੍ਹਾਂ ਨੇ ਵਾਪਸੀ ਸਮੇਂ ਦੁਰਗਾ ਬ੍ਰਾਹਮਣ ਦੇ ਟਿਕਾਣੇ ਤੇ ਆ ਕੇ ਬਿਸਰਾਮ ਕੀਤਾ।

ਦੁਰਗਾ ਬ੍ਰਾਹਮਣ ਨੂੰ ਜੋਤਿਸ਼ ਦਾ ਗਿਆਨ ਸੀ। ਉਸ ਨੇ ਬਾਬਾ ਅਮਰਦਾਸ ਜੀ ਦੇ ਚਰਨਾਂ ਅਤੇ ਹੱਥਾਂ ਉਤੇ ਪਦਮ ਰੇਖਾ ਦੇਖੀ, ਪਦਮ ਰੇਖਾ ਦਾ ਜੋਤਿਸ਼ ਅਨੁਸਾਰ ਬੜਾ ਮਹਾਤਮ ਸੀ। ਇਸ ਅਨੁਸਾਰ ਪਦਮ ਰੇਖਾ ਦਾ ਧਾਰਨੀ ਮਨੁੱਖ ਆਉਣ ਵਾਲੇ ਸਮੇਂ ਵਿਚ ਚਕਰਵਰਤੀ ਰਾਜਾ ਅਥਵਾ ਬਹੁਤ ਹੀ ਉਚੀ ਕਿਸਮਤ ਵਾਲਾ ਮਨੁੱਖ ਹੁੰਦਾ ਹੈ। ਜਦੋਂ ਬਾਬਾ ਅਮਰਦਾਸ ਜੀ ਦੁਰਗੇ ਪੰਡਤ ਕੋਲੋਂ ਜਾਣ ਲੱਗੇ ਅਤੇ ਜਾਣ ਸਮੇਂ ਉਸ ਨੂੰ ਦਾਨ ਦੱਖਣਾ ਦੇਣ ਲੱਗੇ ਤਾਂ ਦੁਰਗਾ ਪੰਡਤ ਨੇ ਦਾਨ ਦੱਖਣਾ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਜਦੋਂ ਭਵਿੱਖ ਵਿਚ ਤੁਹਾਡੀ ਪਦਮ ਰੇਖਾ ਦਾ ਪ੍ਰਤਾਪ ਪ੍ਰਗਟ ਹੋਵੇਗਾ ਭਾਵ ਕਿ ਤੁਸੀਂ ਰਾਜ ਭਾਗ ਦੇ ਮਾਲਕ ਬਣੋਗੇ ਜਾਂ ਉੱਚ ਕੋਟੀ ਦੇ ਮਹਾਂਪੁਰਸ਼ ਬਣੋਗੇ ਤਾਂ ਮੈਂ ਤੁਹਾਡੇ ਕੋਲ ਆਵਾਂਗਾ ਅਤੇ ਮੂੰਹ ਮੰਗਿਆ ਦਾਨ ਲੈ ਕੇ ਜਾਵਾਂਗਾ।

ਜਦੋਂ 'ਬਾਬਾ ਅਮਰਦਾਸ ਜੀ' ਨੂੰ ਗੁਰਗੱਦੀ ਦੀ ਦਾਤ ਬਖਸ਼ਸ਼ ਹੋਈ ਅਤੇ ਉਹ 'ਗੁਰੂ ਅਮਰਦਾਸ ਜੀ' ਬਣੇ ਤਾਂ ਕੁਝ ਸਮੇਂ ਬਾਅਦ ਗੁਰੂ ਜੀ ਦਾ ਦੁਰਗਾ ਪੰਡਤ ਨਾਲ ਮੇਲ ਹੋਇਆ। ਗੁਰੂ ਜੀ ਨੇ ਪੰਡਤ ਜੀ ਨੂੰ ਕਿਹਾ ਕਿ ਮੰਗੋ ਤੁਸੀਂ ਕੀ ਮੰਗਦੇ ਹੋ? ਤਾਂ ਦੁਰਗਾ ਪੰਡਤ ਗੁਰੂ ਜੀ ਦੇ ਸਾਹਮਣੇ ਦੋਵੇਂ ਹੱਥ ਜੋੜ ਕੇ ਖਲੋ ਗਿਆ ਅਤੇ ਕਹਿਣ ਲੱਗਾ ਕਿ ਗੁਰੂ ਪਾਤਸ਼ਾਹ ਇਕ ਮੰਗ ਮੰਗਣੀ ਹੈ। ਗੁਰੂ ਜੀ ਨੇ ਕਿਹਾ ਕਿ ਮੰਗੋ, ਤਾਂ ਦੁਰਗਾ ਪੰਡਤ ਬਹੁਤ ਦੇਰ ਤੱਕ ਸੋਚ ਵਿਚ ਪਏ ਰਹੇ। ਗੁਰੂ ਜੀ ਨੇ ਕਿਹਾ ਕੀ ਸੋਚ ਰਹੇ ਹੋ? ਤਾ ਪੰਡਤ ਜੀ ਨੇ ਕਿਹਾ:

**"ਨਾਮ ਦੇਹ, ਧਨ ਦੇਹ ਨ ਜਨ ਕਉ, ਜਨ ਕੈਸੇ ਸੁਹਾਏ।**
**ਧਨ ਦੇਹ, ਨਾਮ ਦੇਹ ਨ ਜਨ ਕਉ, ਜਨ ਜਮਪੁਰ ਜਾਏ।"**

(ਭਾਵ: ਜੇ ਨਾਮ ਧਨ ਮੰਗਦਾ ਹਾਂ ਤਾਂ ਇਸ ਦੁਨੀਆ ਵਿਚ ਦੁਨਿਆਵੀ ਧਨ ਤੋਂ ਬਿਨਾਂ ਕੋਈ ਬਾਤ ਨਹੀਂ ਪੁੱਛਦਾ ਅਤੇ ਜੇ ਕੇਵਲ ਦੁਨਿਆਵੀ ਧਨ ਮੰਗਦਾ ਹਾਂ ਤਾਂ ਮੈਂ ਨਾਮ ਧਨ ਤੋਂ ਵਾਂਝਾ

ਰਹਿ ਜਾਵਾਂਗਾ ਤੇ ਚੌਰਾਸੀ ਦੇ ਗੇੜ ਵਿਚ ਪਵਾਂਗਾ।)

ਗੁਰੂ ਜੀ ਨੇ ਬਚਨ ਕੀਤਾ ਕਿ ਪੰਡਤ ਜੀ ਇਹ ਗੁਰੂ ਨਾਨਕ ਦਾ ਘਰ ਹੈ ਤੁਹਾਨੂੰ ਇਸ ਘਰ ਵਿਚੋਂ ਇਹ ਦੋਵੇਂ ਚੀਜਾਂ ਪ੍ਰਾਪਤ ਹੋ ਜਾਣਗੀਆਂ। ਤੁਹਾਨੂੰ ਨਾ ਤਾ ਇਸ ਲੋਕ ਦੇ ਧਨ ਦੀ ਕਮੀ ਆਵੇਗੀ ਅਤੇ ਨਾ ਹੀ ਪਰਲੋਕ ਦੇ ਧਨ ਦੀ। ਇਹ ਸੁਣ ਕੇ ਪੰਡਤ ਜੀ ਨੇ ਗੁਰੂ ਜੀ ਚਰਨਾਂ ਤੇ ਨਮਸਕਾਰ ਕੀਤੀ।

**ਇਸ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਅਸੀਂ ਵੀ ਵਾਹਿਗੁਰੂ ਅੱਗੇ ਇਹੀ ਅਰਦਾਸ ਕਰਨੀ ਹੈ ਕਿ ਜਿਥੇ ਮੈਨੂੰ ਸੰਸਾਰਕ ਪਦਾਰਥ ਬਖਸ਼ੋ, ਉਥੇ ਮੈਨੂੰ ਨਾਮ ਪਦਾਰਥ ਦੀ ਦਾਤ ਵੀ ਬਖਸ਼ੋ ਜਿਸ ਨੂੰ ਪਾ ਕੇ ਮੇਰਾ ਲੋਕ ਸੁਖੀਆ ਤੇ ਪ੍ਰਲੋਕ ਸੁਹੇਲਾ ਹੋ ਜਾਵੇ।**

# ਭਾਈ ਸੱਜਣ ਜੀ ਵਾਲੀ ਸਾਖੀ

ਇਕ ਵਾਰ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਇਕ ਪਿੰਡ ਵਿਚ ਪੁੱਜੇ ਜਿਸ ਦਾ ਨਾਮ ਸੀ 'ਤੁਲੰਭਾ'। ਹੁਣ ਇਹ ਪਿੰਡ ਪਾਕਿਸਤਾਨ ਦੇ ਜਿਲ੍ਹੇ ਮੁਲਤਾਨ ਵਿਚ ਹੈ। ਉਥੇ ਇਕ ਬੜਾ ਵੱਡਾ ਠੱਗ ਰਹਿੰਦਾ ਸੀ, ਜਿਸ ਦਾ ਨਾਮ ਸੀ 'ਸੱਜਣ'। ਉਸ ਨੇ ਸ਼ਹਿਰ ਤੋਂ ਹਟਵੀਂ ਇਕ ਵੱਡੀ ਸਾਰੀ ਸਰਾਂ ਬਣਾਈ ਹੋਈ ਸੀ। ਜਿਸ ਵਿਚ ਉਹ ਆਏ ਗਏ ਰਾਹੀਆਂ ਦੀ ਸੇਵਾ ਕਰਦਾ ਸੀ।

ਸੱਜਣ ਠੱਗ ਸਾਧੂਆਂ, ਫਕੀਰਾਂ ਵਾਲੇ ਕੱਪੜੇ ਪਾਉਂਦਾ ਸੀ। ਜਿਹੜਾ ਮੁਸਾਫਰ ਆਵੇ ਉਸ ਦੀ ਬੜੀ ਸੇਵਾ ਕਰਦਾ, ਚੰਗਾ ਖਾਣ ਨੂੰ ਦਿੰਦਾ ਅਤੇ ਸੌਣ ਲਈ ਚੰਗਾ ਬਿਸਤਰਾ ਵਿਛਾ ਦਿੰਦਾ। ਜਦੋਂ ਮੁਸਾਫਰ ਸੌਂ ਜਾਂਦਾ ਤਾਂ ਸੱਜਣ ਅਤੇ ਉਸਦੇ ਸਾਥੀ ਉਸ ਮੁਸਾਫਰ ਨੂੰ ਮਾਰ ਦਿੰਦੇ ਤੇ ਉਸ ਦਾ ਮਾਲ ਧਨ ਲੁੱਟ ਲੈਂਦੇ। ਪਰ ਬਾਹਰ ਲੋਕਾਂ 'ਚ ਉਸ ਦੀ ਬੜੀ ਸਿਫਤ ਸੀ। ਲੋਕ ਉਸ ਨੂੰ ਰੱਬ ਦਾ ਪਿਆਰਾ ਤੇ ਲੋਕਾਂ ਦਾ ਭਲਾ ਕਰਨ ਵਾਲਾ ਸਮਝਦੇ ਸਨ।

ਗੁਰੂ ਨਾਨਕ ਦੇਵ ਜੀ ਇਹੋ ਜਿਹੇ ਭੈੜੇ ਬੰਦਿਆਂ ਦਾ ਸੁਧਾਰ ਕਰਨ ਹੀ ਤਾਂ ਆਏ ਸਨ। ਇਹ ਤਾਂ ਗੁਰੂ ਜੀ ਦੀ ਹਿੰਮਤ ਸੀ ਕਿ ਠੱਗਾਂ ਤੇ ਭੈੜੇ ਲੋਕਾਂ ਨੂੰ ਸਿੱਧੇ ਰਾਹ ਪਾਉਣ ਲਈ ਉਹ ਆਪ ਉਨ੍ਹਾਂ ਕੋਲ ਚਲ ਕੇ ਜਾਂਦੇ ਸਨ। ਸੱਜਣ ਨੇ ਗੁਰੂ ਜੀ ਤੇ ਭਾਈ ਮਰਦਾਨਾ ਜੀ ਦੀ ਬੜੀ ਟਹਿਲ ਸੇਵਾ ਕਰਨੀ ਚਾਹੀ, ਪਰ ਗੁਰੂ ਜੀ ਨੇ ਪਹਿਲਾਂ ਹੀ ਭਾਈ ਮਰਦਾਨਾ ਜੀ ਨੂੰ ਸਭ ਕੁਝ ਸਮਝਾ ਦਿੱਤਾ ਸੀ ਕਿ ਅਸੀਂ ਇਥੋਂ ਕੁਝ ਨਹੀਂ ਛਕਣਾ। ਸੱਜਣ ਸਮਝਦਾ ਸੀ ਕਿ ਇਹ ਧਨ ਦੌਲਤ ਵਾਲੇ ਹਨ, ਚੰਗੀ ਪੂੰਜੀ ਹੱਥ ਲੱਗੇਗੀ।

ਗੁਰੂ ਜੀ ਸੱਜਣ ਅਤੇ ਉਸ ਦੇ ਸਾਥੀਆਂ ਦੀ ਭੈੜੀ ਨੀਅਤ ਬਾਰੇ ਜਾਣਦੇ ਸਨ। ਇਸ ਲਈ ਜਦ ਸੱਜਣ ਕਾਫੀ ਪਦਾਰਥ ਲੈ ਕੇ ਆਇਆ ਤਾਂ ਗੁਰੂ ਜੀ ਨੇ ਛੱਕਣ ਤੋਂ ਨਾਂਹ ਕਰ ਦਿੱਤੀ। ਫਿਰ ਸੱਜਣ ਨੇ ਗੁਰੂ ਜੀ ਨੂੰ ਆਰਾਮ ਕਰਨ ਲਈ ਕਿਹਾ। ਗੁਰੂ ਸਾਹਿਬ ਨੇ ਉੱਤਰ ਦਿਤਾ ਕਿ ਅਸੀਂ ਉਹ ਕੰਮ-ਵਿਹਾਰ ਜਿਸ ਵਾਸਤੇ ਅਕਾਲ ਪੁਰਖ ਨੇ ਸਾਨੂੰ ਭੇਜਿਆ ਹੈ, ਖਤਮ ਕਰਕੇ ਹੀ ਆਰਾਮ ਕਰਾਂਗੇ। ਸੱਜਣ, ਨਾਲ ਦੇ ਕਮਰੇ ਵਿਚ ਮੌਕੇ ਦੀ ਉਡੀਕ ਵਿਚ ਜਾ ਬੈਠਾ ਅਤੇ ਸੋਚਣ ਲੱਗਾ, ਜਦ ਇਹ ਸੌਂ ਜਾਣਗੇ ਤਾਂ ਆਪਣਾ ਕੰਮ ਕਰ ਲਵਾਂਗਾ।

ਉਧਰ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਰਬਾਬ ਵਜਾਉਣ ਲਈ ਕਿਹਾ। ਗੁਰੂ ਜੀ ਨੇ ਸੂਹੀ ਰਾਗ ਵਿਚ ਇਹ ਸ਼ਬਦ ਉਚਾਰਨ ਕੀਤਾ:

**ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥**
**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥**
**ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ ॥**
**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥**
**ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥**
**ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ ॥੨॥**
**ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ ॥**
**ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ ॥੩॥**
**ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ ॥**
**ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ ॥੪॥**
**ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥**
**ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥**
**ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥**
**ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥੧॥੩॥**
**(ਅੰਗ: ੭੨੯)**

(ਭਾਵ: ਮੈਂ ਕੈਂਹ ਦਾ ਸਾਫ਼ ਤੇ ਲਿਸ਼ਕਵਾਂ ਭਾਂਡਾ ਘਸਾਇਆ ਤਾਂ ਉਸ ਵਿਚੋਂ ਨਿਕਲ ਕੇ ਕਾਲੀ ਸਿਆਹੀ ਮੇਰੇ ਹੱਥਾਂ ਨੂੰ ਲੱਗ ਗਈ। ਜੇ ਮੈਂ ਸੌ ਵਾਰੀ ਭੀ ਉਸ ਕੈਂਹ ਦੇ ਭਾਂਡੇ ਨੂੰ ਧੋਵਾਂ, ਸਾਫ਼ ਕਰਾਂ, ਤਾਂ ਭੀ ਬਾਹਰੋਂ ਧੋਣ ਨਾਲ ਉਸ ਦੀ ਅੰਦਰਲੀ ਜੂਠ (ਕਾਲਖ) ਦੂਰ ਨਹੀਂ ਹੁੰਦੀ। ਮੇਰੇ ਅਸਲ ਮਿੱਤਰ ਉਹੀ ਹਨ ਜੋ ਸਦਾ ਮੇਰੇ ਨਾਲ ਰਹਿਣ, ਤੇ ਇਥੋਂ ਤੁਰਨ ਵੇਲੇ ਭੀ ਮੇਰੇ ਨਾਲ ਹੀ ਚੱਲਣ। ਅਗਾਂਹ ਜਿਥੇ ਕੀਤੇ ਕਰਮਾਂ ਦਾ ਹਿਸਾਬ ਮੰਗਿਆ ਜਾਂਦਾ ਹੈ, ਉਥੇ ਅਝੱਕ ਹੋ ਕੇ ਹਿਸਾਬ ਦੇ ਸਕਣ ਭਾਵ ਹਿਸਾਬ ਦੇਣ ਵਿਚ ਕਾਮਯਾਬ ਹੋ ਸਕਣ।

ਜੇਹੜੇ ਘਰ ਮੰਦਰ ਮਹਲ ਚੌਹਾਂ ਪਾਸਿਆਂ ਤੋਂ ਤਾਂ ਚਿੱਤਰੇ ਹੋਏ ਹੋਣ, ਪਰ ਅੰਦਰੋਂ ਖ਼ਾਲੀ ਹੋਣ, ਉਹ ਢਹਿ ਜਾਂਦੇ ਹਨ ਤੇ ਢੱਠੇ ਹੋਏ ਕਿਸੇ ਕੰਮ ਨਹੀਂ ਆਉਂਦੇ। ਬਗਲਿਆਂ ਦੇ ਚਿੱਟੇ ਖੰਭ ਹੁੰਦੇ ਹਨ, ਵੱਸਦੇ ਭੀ ਉਹ ਤੀਰਥਾਂ ਉਤੇ ਹੀ ਹਨ। ਪਰ ਜੀਆਂ ਨੂੰ ਗਲੋਂ ਘੁੱਟ ਘੁੱਟ ਕੇ ਖਾ ਜਾਣ ਵਾਲੇ ਅੰਦਰੋਂ ਸਾਫ਼ ਸੁਥਰੇ ਨਹੀਂ ਆਖੇ ਜਾਂਦੇ। ਜਿਵੇਂ ਸਿੰਬਲ ਦਾ ਰੁੱਖ ਹੈ ਤਿਵੇਂ ਮੇਰਾ ਸਰੀਰ ਹੈ। ਸਿੰਬਲ ਦੇ ਫਲਾਂ ਨੂੰ ਵੇਖ ਕੇ ਤੋਤੇ ਭੁਲੇਖਾ ਖਾ ਜਾਂਦੇ ਹਨ। ਸਿੰਬਲ ਦੇ ਉਹ ਫਲ ਤੋਤਿਆਂ ਦੇ ਕੰਮ ਨਹੀਂ ਆਉਂਦੇ, ਉਹੋ ਜੇਹੇ ਹੀ ਗੁਣ ਮੇਰੇ ਸਰੀਰ ਵਿਚ ਹਨ।

ਮੈਂ ਅੰਨ੍ਹੇ ਨੇ ਸਿਰ ਉਤੇ ਵਿਕਾਰਾਂ ਦਾ ਭਾਰ ਚੁੱਕਿਆ ਹੋਇਆ ਹੈ। ਅਗਾਂਹ ਮੇਰਾ ਜੀਵਨ-ਪੰਧ ਬੜਾ ਪਹਾੜੀ ਰਸਤਾ ਹੈ। ਅੱਖਾਂ ਨਾਲ ਭਾਲਿਆਂ ਭੀ ਮੈਂ ਰਾਹ ਲੱਭ ਨਹੀ ਸਕਦਾ ਕਿਉਂਕਿ ਅੱਖਾਂ ਹੀ ਨਹੀਂ ਹਨ। ਇਸ ਹਾਲਤ ਵਿਚ ਕਿਸ ਤਰੀਕੇ ਨਾਲ ਪਹਾੜੀ ਤੇ ਚੜ੍ਹ ਕੇ ਮੈਂ ਪਾਰ ਲੰਘਾਂ?।

ਹੇ ਨਾਨਕ! ਪਹਾੜੀ ਰਸਤੇ ਵਰਗੇ ਬਿਖੜੇ ਜੀਵਨ-ਪੰਧ ਵਿਚੋਂ ਪਾਰ ਲੰਘਣ ਲਈ ਦੁਨੀਆ ਦੇ ਲੋਕਾਂ ਦੀਆਂ ਖ਼ੁਸ਼ਾਮਦਾਂ, ਲੋਕ-ਵਿਖਾਵੇ ਤੇ ਚਲਾਕੀਆਂ ਕਿਸੇ ਕੰਮ ਨਹੀਂ ਆ ਸਕਦੀਆਂ। ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਸਾਂਭ ਕੇ ਰੱਖ। ਮਾਇਆ ਦੇ ਮੋਹ ਵਿਚ ਬੱਝਾ ਹੋਇਆ ਤੂੰ ਇਸ ਨਾਮ-ਸਿਮਰਨ ਦੀ ਰਾਹੀਂ ਹੀ ਮੋਹ ਦੇ ਬੰਧਨਾਂ ਤੋਂ ਖ਼ਲਾਸੀ ਪਾ ਸਕੇਂਗਾ।)

ਜਦ ਸੱਜਣ ਨੇ ਨਾਲ ਦੇ ਕਮਰੇ ਵਿਚ ਬੈਠ ਕੇ ਇਹ ਸ਼ਬਦ ਸੁਣਿਆ ਤਾਂ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ ਕਿਉਂਕਿ ਉਸ ਨੂੰ ਸ਼ਬਦ ਵਿਚੋਂ ਆਪਣਾ ਪਖੰਡ ਸਪੱਸ਼ਟ ਦਿਸਦਾ ਸੀ। ਉਹ ਉਠ ਕੇ ਗੁਰੂ ਜੀ ਦੇ ਕਮਰੇ ਵਿਚ ਜਾ ਬੈਠਾ। ਉਸ ਨੂੰ ਅਨੁਭਵ ਹੋਇਆ ਕਿ ਗੁਰੂ ਸਾਹਿਬ ਉਸਦੇ ਕੀਤੇ ਕੁਕਰਮਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਹ ਗੁਰੂ ਸਾਹਿਬ ਦੇ ਚਰਨੀਂ ਡਿੱਗ ਪਿਆ।

ਗੁਰੂ ਜੀ ਨੇ ਉਸ ਨੂੰ ਪੁੱਛਿਆ, "ਤੇਰਾ ਨਾਂ ਕੀ ਹੈ?" ਉਹ ਕਹਿਣ ਲੱਗਾ, "ਜੀ ਮੇਰਾ ਨਾਂ ਸੱਜਣ ਹੈ। ਹਿੰਦੂ ਮੈਨੂੰ ਸੱਜਣ ਮੱਲ ਕਹਿੰਦੇ ਹਨ, ਮੁਸਲਮਾਨ ਮੈਨੂੰ ਸ਼ੇਖ ਸੱਜਣ ਸ਼ਾਹ ਸੱਦਦੇ ਹਨ।"

ਸੱਜਣ ਦੀ ਇਹ ਗੱਲ ਸੁਣ ਕੇ ਗੁਰੂ ਜੀ ਹੱਸ ਪਏ। ਉਹ ਕਹਿਣ ਲੱਗੇ, "ਤੇਰਾ ਨਾਂ ਤਾਂ ਬੜਾ ਸੋਹਣਾ ਹੈ, ਪਰ ਕੀ ਤੂੰ ਕੰਮ ਵੀ ਸੱਜਣਾਂ ਵਾਲੇ ਕਰਦਾ ਹੈਂ?" ਸੱਜਣ ਨੇ ਇਹ ਸੁਣ ਕੇ ਨੀਵੀਂ ਪਾ ਲਈ।

**ਗੁਰੂ ਜੀ ਨੇ ਫੁਰਮਾਇਆ, "ਸੱਜਣਾ! ਤੇਰੇ ਕੰਮ ਸੱਜਣਾਂ ਵਾਲੇ ਨਹੀਂ। ਤੂੰ ਲੋਕਾਂ ਨੂੰ ਧੋਖਾ ਦੇਂਦਾ ਹੈਂ। ਪਾਪ ਕਰ ਕਰ ਕੇ ਧਨ ਇਕੱਠਾ ਕਰ ਰਿਹਾ ਹੈਂ। ਲੋਕਾਂ ਭਾਣੇ ਤੂੰ ਭਾਵੇਂ ਸੱਜਣ ਹੈ, ਸਾਧੂ ਹੈ, ਪਰ ਤੂੰ ਰੱਬ ਨੂੰ ਧੋਖਾ ਨਹੀਂ ਦੇ ਸਕਦਾ।**

**ਉਹ ਤੇਰੇ ਸਾਰੇ ਕੰਮਾਂ ਨੂੰ ਜਾਣਦਾ ਹੈ। ਯਾਦ ਰੱਖ! ਇਕ ਦਿਨ ਮਰਨਾ ਜ਼ਰੂਰ ਹੈ। ਇਹ ਧਨ ਇਥੇ ਹੀ ਰਹਿ ਜਾਵੇਗਾ, ਪਰ ਇਸ ਧਨ ਦੀ ਖਾਤਰ ਕੀਤੇ ਹੋਏ ਪਾਪ ਤੇਰੇ ਨਾਲ ਜਾਣਗੇ। ਜਦੋਂ ਤੈਨੂੰ ਇਹਨਾਂ ਮੰਦੇ ਕੰਮਾਂ ਦਾ ਫਲ ਮਿਲੇਗਾ ਤਾਂ ਸੋਚ ਤੇਰਾ ਕੀ ਹਾਲ ਹੋਵੇਗਾ? ਸੱਜਣਾ! ਅਜੇ ਵੀ ਵੇਲਾ ਈ। ਮੰਦੇ ਕੰਮ ਛੱਡ ਦੇ, ਚੰਗੇ ਕੰਮੀਂ ਲੱਗ ਜਾ। ਸੱਚੀ ਮੁੱਚੀ ਲੋਕਾਂ ਦਾ ਸੱਜਣ ਬਣ, ਹਰ ਕਿਸੇ ਦਾ ਭਲਾ ਕਰ। ਰੱਬ ਦਾ ਨੇਕ ਬੰਦਾ ਬਣ।"**

ਗੁਰੂ ਜੀ ਦੇ ਬਚਨਾਂ ਨੇ ਸੱਜਣ ਦਾ ਹਿਰਦਾ ਵਿੰਨ੍ਹ ਸੁੱਟਿਆ। ਉਹ ਬੜਾ ਸ਼ਰਮਿੰਦਾ ਹੋਇਆ। ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ ਤੇ ਕਹਿਣ ਲੱਗਾ ''ਗੁਰੂ ਜੀ! ਮੈਂ ਭੁੱਲ ਗਿਆ ਹਾਂ, ਮੇਰੀਆਂ ਭੁੱਲਾਂ ਮਾਫ਼ ਕਰੋ, ਮੈਂ ਅੱਗੋਂ ਭੈੜੇ ਕੰਮ ਨਹੀਂ ਕਰਾਂਗਾ।''

ਗੁਰੂ ਜੀ ਨੇ ਉਸ ਰੱਬ ਦਾ ਨਾਮ ਜਪਣ, ਧਰਮ ਦੀ ਕਿਰਤ ਕਰਨ ਤੇ ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ। ਸੱਜਣ ਨੇ ਮੰਦੇ ਕੰਮ ਛੱਡ ਦਿਤੇ। ਹੁਣ ਉਹ ਸੱਚੀ ਮੁੱਚੀ ਦਾ ਸੱਜਣ ਬਣ ਗਿਆ। ਗੁਰੂ ਜੀ ਦੀ ਆਗਿਆ ਮੰਨ ਕੇ ਉਸ ਨੇ ਸਿੱਖ ਧਰਮ ਦਾ ਪ੍ਰਚਾਰ ਕੀਤਾ।

**ਇਸ ਤੋਂ ਅਸੀ ਇਹ ਸਿੱਖਿਆ ਲੈਣੀ ਹੈ ਕਿ ਸਾਡਾ ਜੀਵਨ ਅੰਦਰੋਂ ਬਾਹਰੋਂ ਇੱਕੋ ਜਿਹਾ ਹੋਣਾ ਚਾਹੀਦਾ ਹੈ । ਅਸੀਂ ਕਿਸੇ ਨਾਲ ਛੱਲ, ਕਪਟ, ਧੋਖਾ, ਝੂਠ-ਫਰੇਬ ਆਦਿ ਨਹੀਂ ਕਰਨਾ ਤਾਂ ਹੀ ਅਸੀਂ ਸੱਚੇ ਸਿੱਖ ਅਖਵਾਵਾਂਗੇ ਅਤੇ ਸਾਨੂੰ ਗੁਰੂ ਜੀ ਦੀਆਂ ਖੁਸ਼ੀਆਂ ਮਿਲਣਗੀਆਂ।**

# ਆਓ ! ਆਪਾਂ ਇਸ ਕਿਤਾਬ ਦੀ ਦੁਹਰਾਈ ਹਿਤ ਕੁਝ ਕੁ ਪ੍ਰਸ਼ਨਾਂ ਦੀ ਵੀਚਾਰ ਕਰੀਏ

# ?

# ਪ੍ਰਸ਼ਨ

੧. 'ਰਹਰਾਸਿ' ਪਦ ਦੇ ਕੀ ਅਰਥ ਹਨ?

੨. ਰਹਰਾਸਿ ਸਾਹਿਬ ਦੀ ਉਹ ਪੰਕਤੀ ਲਿਖੋ ਜਿਸ ਵਿਚ ਰਹਰਾਸਿ ਪਦ ਆਇਆ ਹੈ?

੩. ਪੰਥ ਪ੍ਰਵਾਨਿਤ ਰਹਿਤ ਮਰਯਾਦਾ ਅਨੁਸਾਰ ਰਹਰਾਸਿ ਸਾਹਿਬ ਦਾ ਕੀ ਸਰੂਪ ਹੈ?

੪. 'ਸੋ ਦਰੁ' ਵਾਲੇ ਸ਼ਬਦ ਦਾ ਸਮੁੱਚਾ ਭਾਵ ਕੀ ਹੈ?

੫. 'ਸੋ ਦਰੁ ਤੇਰਾ ਕੇਹਾ.........ਰਖੇ ਤੇਰੇ ਧਾਰੇ॥' ਤੋਂ ਅਸੀਂ ਕੀ ਸਿੱਖਿਆ ਲੈਣੀ ਹੈ?

੬. ਜੀਵਨ ਵਿਚ ਅਸੀਂ ਕਿਸੇ ਬੰਦੇ ਨਾਲ ਜੁੜਨ ਦੀ ਬਜਾਇ ਕੇਵਲ ਇਕ ਅਕਾਲ ਪੁਰਖੁ ਨਾਲ ਜੁੜਨਾ ਹੈ। ਕਿਉਂ?

੭. 'ਸੁਣਿ ਵਡਾ ਆਖੈ............ਤੇਰੇ ਰਹੇ ਸਮਾਇ॥' ਪੰਕਤੀਆਂ ਦਾ ਕੀ ਭਾਵ ਹੈ?

੮. 'ਗਹਿਰ ਗੰਭੀਰੇ' ਤੋਂ ਕੀ ਭਾਵ ਹੈ? ਇਸ ਤੋਂ ਅਸੀਂ ਕੀ ਸਿੱਖਿਆ ਲੈਣੀ ਹੈ?

੯. ਅੰਗਰੇਜ਼ੀ ਦੀ ਹੇਠ ਲਿਖੀ ਕਹਾਵਤ ਦੀਆਂ ਪੰਕਤੀਆਂ ਪੂਰੀਆਂ ਕਰੋ ਤੇ ਉਨ੍ਹਾਂ ਦਾ ਭਾਵ ਲਿਖੋ?

"One moment of patience.................."

੧੦. 'ਗੁਣੀ ਗਹੀਰਾ' ਤੋਂ ਕੀ ਭਾਵ ਹੈ? ਇਸ ਗੁਣ ਤੋਂ ਅਸੀਂ ਕੀ ਸਿੱਖਿਆ ਲੈਣੀ ਹੈ?

੧੧. ਅਸੀਂ ਆਪਣੇ ਅੰਦਰ ਕਿਹੜੇ ਦੈਵੀ ਗੁਣ ਧਾਰਨ ਕਰਨੇ ਹਨ ਜਿਸ ਸਦਕਾ ਅਸੀਂ ਪਰਮਾਤਮਾ ਨੂੰ ਭਾਅ ਜਾਈਏ?

੧੨. ਪਰਮੇਸ਼ਰ ਨੂੰ ਭਾਉਣ ਦੇ ਸੰਬੰਧ ਵਿਚ ਭਗਤ ਫਰੀਦ ਜੀ ਦਾ ਗੁਰਬਾਣੀ ਪ੍ਰਮਾਣ ਲਿਖੋ?

੧੩. ਨਿਮਰਤਾ ਦੇ ਗੁਣ ਸੰਬੰਧੀ ਸਾਖੀ ਸਾਂਝੀ ਕਰੋ?

੧੪. ਸਹਾਰਣ ਦੇ ਗੁਣ ਤੋਂ ਕੀ ਭਾਵ ਹੈ? ਇਸ ਸੰਬੰਧੀ ਸਾਖੀ ਸਾਂਝੀ ਕਰੋ?

੧੫. ਕੌੜੇ ਬੋਲ ਬੋਲਣ ਦਾ ਨਤੀਜਾ ਬੁਰਾ ਹੁੰਦਾ ਹੈ। ਇਸ ਸੰਬੰਧੀ ਸਾਖੀ ਸਾਂਝੀ ਕਰੋ?

੧੬. ਥਾਮਸ ਐਡੀਸਨ ਨੂੰ ਉਸ ਦੀ ਮਾਂ ਦੇ ਕਹੇ ਹੋਏ ਕਿਨ੍ਹਾਂ ਬੋਲਾਂ ਨੇ ਮਹਾਨ ਬਣਾ ਦਿਤਾ। ਘਟਨਾ ਸਾਂਝੀ ਕਰੋ?

੧੭. ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਦੇ ਸਹਾਰਨ ਦੇ ਗੁਣ ਪ੍ਰਤੀ ਕੀ ਬਚਨ ਹਨ?

੧੮. ਅਸੀਂ ਹਮੇਸ਼ਾ ਮਿੱਠੇ ਬੋਲ ਬੋਲਣੇ ਹਨ, ਇਸ ਸੰਬੰਧੀ ਗੁਰਬਾਣੀ ਪ੍ਰਮਾਣ ਲਿਖੋ?

੧੯. ਜਿਹੜੇ ਮਨੁੱਖ ਇਹ ਕਹਿੰਦੇ ਹਨ ਕਿ ਮੈਨੂੰ ਹਰ ਚੀਜ਼ ਸਿਰਫ਼ ਮੇਰੀ ਮਿਹਨਤ ਸਦਕਾ ਪ੍ਰਾਪਤ ਹੋਈ ਹੈ, ਉਨ੍ਹਾਂ ਬਾਰੇ ਗੁਰਬਾਣੀ ਪ੍ਰਮਾਣ ਲਿਖੋ?

੨੦. 'ਆਖਾ ਜੀਵਾ............ਸਾਚਾ ਨਾਉ॥' ਤੋਂ ਕੀ ਭਾਵ ਹੈ?

੨੧. ਨਾਮ ਜਪਣਾ ਔਖਾ ਹੈ ਪਰ ਇਸ ਦਾ ਫਾਇਦਾ ਬਾਅਦ ਵਿਚ ਪਤਾ ਚਲਦਾ ਹੈ। ਇਸ ਸੰਬੰਧੀ ਕਹਾਣੀ ਸਾਂਝੀ ਕਰੋ ਅਤੇ ਸਿੱਖਿਆ ਵੀ ਲਿਖੋ?

੨੨. ਕਿਸੇ ਹਾਲਾਤ ਵਿਚ ਜੀਵ ਨੇ ਚਿੰਤਾ ਨਹੀਂ ਕਰਨੀ ਬਲਕਿ ਨਾਮ ਚੇਤੇ ਕਰਨਾ ਹੈ। ਇਸ ਸੰਬੰਧੀ ਗੁਰਬਾਣੀ ਪ੍ਰਮਾਣ ਦਿਓ?

੨੩. 'ਜੈਸਾ ਸੇਵੈ ਤੈਸੋ ਹੋਇ॥' ਤੋਂ ਕੀ ਭਾਵ ਹੈ?

੨੪. ਅਸੀਂ 'ਗੁਣ ਕਹਿ ਗੁਣੀ ਸਮਾਵਣਿਆ' ਵਾਲੀ ਜੁਗਤਿ ਨੂੰ ਕਿਵੇਂ ਅਪਨਾਉਣਾ ਹੈ?

੨੫. 'ਜੇਵਡੁ ਆਪਿ............ਕੀਤੀ ਰਾਤਿ' ਪੰਕਤੀਆਂ ਦੀ ਸਿੱਖਿਆ ਲਿਖੋ?

੨੬. 'ਖਸਮੁ ਵਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸਨਾਤਿ॥' ਤੋਂ ਕੀ ਭਾਵ ਹੈ?

੨੭. ਪਰਮੇਸ਼ਰ ਦੀ ਸਿਫਿਤ ਸਲਾਹ ਸਾਡੇ ਰਾਹ ਦੀ ਰਾਸਿ ਪੂੰਜੀ (ਰਹਰਾਸਿ) ਬਣ ਜਾਵੇ। ਇਸ ਤੋਂ ਕੀ ਭਾਵ ਹੈ?

੨੮. ਉਹ ਕਿਹੜਾ ਪਦਾਰਥ ਹੈ ਜਿਸ ਨੂੰ ਪ੍ਰਾਪਤ ਕਰਕੇ ਸਾਡਾ ਮਨ ਤ੍ਰਿਪਤ ਹੋ ਜਾਂਦਾ ਹੈ ਅਤੇ ਤ੍ਰਿਸ਼ਨਾਵਾਂ ਵੀ ਮੁੱਕ ਜਾਂਦੀਆਂ ਹਨ? ਗੁਰਬਾਣੀ ਪ੍ਰਮਾਣ ਵੀ ਦਸੋ?

੨੯. ਦੁਰਗਾ ਪੰਡਤ ਨੇ ਸ੍ਰੀ ਗੁਰੂ ਅਮਰਦਾਸ ਜੀ ਅੱਗੇ ਕੀ ਜਾਚਨਾ ਕੀਤੀ ਸੀ? ਸਾਖੀ ਨੂੰ ਸੰਖੇਪ ਕਰਕੇ ਉੱਤਰ ਦਿਓ?

੩੦. ਕਿਨ੍ਹਾਂ ਮਨੁੱਖਾਂ ਦਾ ਜੀਵਨ ਧ੍ਰਿਕਾਰਯੋਗ ਹੈ ਅਤੇ ਉਨ੍ਹਾਂ ਦੇ ਜੀਵਨ ਨੂੰ ਵੀ ਰਹਰਾਸਿ ਦੀ ਬਾਣੀ ਵਿਚ ਧ੍ਰਿਗ ਕਿਹਾ ਗਿਆ ਹੈ? ਗੁਰਬਾਣੀ ਪ੍ਰਮਾਣ ਦੇ ਕੇ ਸਮਝਾਓ?

੩੧. 'ਕਾਹੇ ਰੇ ਮਨ ਚਿਤਵਹਿ............ਆਗੈ ਕਰਿ ਧਰਿਆ॥' ਪੰਕਤੀਆਂ ਦੀ ਸਿੱਖਿਆ ਲਿਖੋ?

੩੨. ਸਾਧ ਸੰਗਤ ਵਿਚ ਜਾਣਾ ਕਿਉਂ ਜ਼ਰੂਰੀ ਹੈ?

੩੩. 'ਸਭਿ ਜੀਅ ਤੁਮਾਰੇ ਜੀ............ਨਾਨਕ ਜੰਤ ਵਿਚਾਰਾ॥' ਪੰਕਤੀਆਂ ਦੀ ਸਿੱਖਿਆ ਲਿਖੋ?

੩੪. ਅਸੀਂ ਕਿਹੋ ਜਿਹੀ ਭਗਤੀ ਕਰੀਏ ਕਿ ਪਰਮਾਤਮਾ ਨੂੰ ਭਾਅ ਜਾਈਏ ਭਾਵ ਚੰਗੇ ਲਗੀਏ?

੩੫. ਅਸੀਂ ਅੰਦਰੋਂ ਤੇ ਬਾਹਰੋਂ ਧਰਮੀ ਬਣਨਾ ਹੈ, ਦਿਖਾਵੇ ਮਾਤਰ ਨਹੀਂ। ਇਸ ਸੰਬੰਧੀ ਰਿਕਸ਼ਾ ਚਾਲਕ ਵਾਲੀ ਘਟਨਾ ਦੇ ਆਧਾਰ ਤੇ ਉੱਤਰ ਦਿਓ?

੩੬. 'ਅਸੀਂ ਕੁਝ ਹੋਰ ਹਾਂ......' ਕਵਿਤਾ ਦੀ ਕੀ ਸਿੱਖਿਆ ਹੈ?
੩੭. 'ਜਨੁ ਨਾਨਕ ਗੁਣ ਗਾਵੈ............ਜਾਣੋਈ॥' ਪੰਕਤੀਆਂ ਦਾ ਭਾਵ ਤੇ ਸਿੱਖਿਆ ਲਿਖੋ?
੩੮. 'ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ॥' ਦੇ ਅਰਥ ਅਤੇ ਸਿੱਖਿਆ ਲਿਖੋ?
੩੯. ਕੀ ਵੈਰ, ਵਿਰੋਧ ਅਤੇ ਨਫਰਤ ਭਰੀ ਜ਼ਿੰਦਗੀ ਜੀਊਣ ਨਾਲ ਪਰਮੇਸ਼ਰ ਦੀ ਖੁਸ਼ੀ ਹਾਸਲ ਕੀਤੀ ਜਾ ਸਕਦੀ ਹੈ? ਗੁਰਬਾਣੀ ਪ੍ਰਮਾਣ ਦੇ ਕੇ ਸਮਝਾਓ।
੪੦. 'ਜਿਨਿ ਹਰਿ ਸੇਵਿਆ............ਨਾਮਿ ਸਮਾਇਆ॥' ਦੀ ਸਿੱਖਿਆ ਉਦਾਹਰਣ ਸਹਿਤ ਲਿਖੋ?
੪੧. ਅਸੀਂ ਮੋਹ ਦੇ ਚਿੱਕੜ ਵਿਚੋਂ ਕਿਵੇਂ ਬਚ ਸਕਦੇ ਹਾਂ, ਇਸ ਸੰਬੰਧੀ ਕਹਾਣੀ ਸਾਂਝੀ ਕਰੋ?
੪੨. ਜਿਹੜੇ ਜੀਵ ਸੁੱਖਾਂ ਦੇ ਸੋਮੇ ਪਰਮਾਤਮਾ ਤੋਂ ਟੁੱਟ ਜਾਂਦੇ ਹਨ ਉਨ੍ਹਾਂ ਦਾ ਕੀ ਹਾਲ ਹੁੰਦਾ ਹੈ? ਉਦਾਹਰਣ ਦੇ ਕੇ ਸਮਝਾਓ?
੪੩. 'ਭਈ ਪਰਾਪਤਿ ਮਾਨੁਖ ਦੇਹੁਰੀਆ' ਵਾਲੇ ਸ਼ਬਦ ਵਿਚ ਕਿਸ ਮਨੋਰਥ ਦੀ ਪ੍ਰਾਪਤੀ ਦੀ ਗੱਲ ਦ੍ਰਿੜ ਕਰਵਾਈ ਗਈ ਹੈ?
੪੪. ਮਨੁੱਖਾ ਦੇਹ ਕਈ ਜੂਨਾਂ ਵਿਚੋਂ ਲੰਘਣ ਤੋਂ ਬਾਅਦ ਪ੍ਰਾਪਤ ਹੋਈ ਹੈ। ਇਸ ਸੰਬੰਧੀ ਗੁਰਬਾਣੀ ਪ੍ਰਮਾਣ ਦਿਓ?
੪੫. ਇਕ ਵਾਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਕੋਲ ਇਕ ਬੰਦਾ ਗਿਆ ਤੇ ਉਨ੍ਹਾਂ ਨੂੰ ਕਿਹਾ ਕਿ ਮੇਰੇ ਕੋਲ ਨਾਮ ਸਿਮਰਨ ਲਈ ਵਕਤ ਨਹੀਂ ਹੁੰਦਾ ਪਰ ਮੇਰਾ ਮਨ ਨਾਮ ਜਪਣ ਨੂੰ ਕਰਦਾ ਹੈ ਤਾਂ ਭਾਈ ਸਾਹਿਬ ਨੇ ਕੀ ਜੁਆਬ ਦਿਤਾ?
੪੬. ਸਾਨੂੰ ਆਪਣੇ ਵਿਹਲੇ ਸਮੇਂ ਨੂੰ Whatsapp, Facebook ਤੇ ਬਰਬਾਦ ਕਰਨ ਦੀ ਬਜਾਇ ਕਿਵੇਂ ਸਫਲ ਕਰਨਾ ਚਾਹੀਦਾ ਹੈ?
੪੭. 'ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ' ਦੀ ਸਿੱਖਿਆ ਉਦਾਹਰਣ ਸਹਿਤ ਲਿਖੋ?
੪੮. ਚੌਪਈ ਸਾਹਿਬ ਦਾ ਸਮੁੱਚਾ ਭਾਵ ਆਪਣੇ ਸ਼ਬਦਾਂ ਵਿਚ ਲਿਖੋ?
੪੯. 'ਤਵ ਚਰਨਨ ਮਨ ਰਹੈ ਹਮਾਰਾ' ਤੋਂ ਕੀ ਭਾਵ ਹੈ?
੫੦. ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸਾਰਿਆਂ ਨੂੰ ਆਪਣਾ ਪਰਿਵਾਰ ਦਸਿਆ ਹੈ। ਇਸ ਲਈ ਸਾਡੇ ਉਨ੍ਹਾਂ ਪ੍ਰਤੀ ਕੀ ਫਰਜ਼ ਹਨ?
੫੧. 'ਸੰਤਨ ਦੁਖ ਪਾਏ ਤੇ ਦੁਖੀ.............ਕੇ ਸੁਖੀ॥' ਪੰਕਤੀਆਂ ਦੀ ਸਿੱਖਿਆ ਲਿਖੋ?
੫੨. ਪਰਮਾਤਮਾ ਜੀਵਾਂ ਵਿਚ ਰਹਿ ਕੇ ਵੀ ਨਿਰਲੇਪ ਹਨ। ਇਸ ਸੰਬੰਧੀ ਗੁਰਬਾਣੀ

ਪ੍ਰਮਾਣ ਲਿਖੋ?

੫੩. ਸਿੱਖ ਨੇ ਕਿਸੇ ਵੀ ਕਿਸਮ ਦੀ ਮੂਰਤੀ ਦੀ ਪੂਜਾ ਨਹੀਂ ਕਰਨੀ। ਕਿਉਂ? ਗੁਰਬਾਣੀ ਪ੍ਰਮਾਣ ਰਾਹੀਂ ਸਮਝਾਓ।

੫੪. 'ਜੇ ਅਸਿਧੁਜ..................ਸੰਕਟ ਸਭ ਟਾਰੇ' ਵਾਲੀਆਂ ਪੰਕਤੀਆਂ ਦੀ ਸਿੱਖਿਆ ਲਿਖੋ?

੫੫. ਪਰਮਾਤਮਾ ਦਾ ਨਾਮ ਇਕ ਮਨ ਇਕ ਚਿਤ ਕਰਕੇ ਧਿਆਉਣ ਨਾਲ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ। ਗੁਰਬਾਣੀ ਪ੍ਰਮਾਣ ਦੇ ਕੇ ਸਮਝਾਓ?

੫੬. 'ਕ੍ਰਿਪਾ ਦ੍ਰਿਸਟਿ' ਤੋਂ ਕੀ ਭਾਵ ਹੈ? ਛੱਜੂ ਝੀਊਰ ਵਾਲੀ ਸਾਖੀ ਸਾਂਝੀ ਕਰੋ?

੫੭. 'ਜਿਨ ਨਰ ਨਾਮ..............ਦੋਖ ਤੇ ਰਹਾ॥' ਪੰਕਤੀਆਂ ਦੀ ਸਿੱਖਿਆ ਲਿਖੋ ?

੫੮. 'ਖੜਗ ਕੇਤ..............ਲੇਹੁ ਬਚਾਈ॥' ਪੰਕਤੀਆਂ ਦੀ ਸਿੱਖਿਆ ਲਿਖੋ?

੫੯. 'ਪਾਂਇ ਗਹੇ ਜਬ..............ਏਕ ਨ ਜਾਨਯੋ॥' ਦੀ ਸਿੱਖਿਆ ਲਿਖੋ?

੬੦. ਭਗਤ ਪ੍ਰਹਿਲਾਦ ਜੀ ਦੀ ਪੈਜ ਪਰਮਾਤਮਾ ਨੇ ਆਪ ਰਖੀ, ਗੁਰਬਾਣੀ ਪ੍ਰਮਾਣ ਦੇ ਕੇ ਉਤਰ ਦਿਓ?

੬੧. 'ਗੰਗ ਗੁਸਾਇਣ.................ਹੈ ਰਘੁਨਾਥ॥' ਸ਼ਬਦ ਦਾ ਭਾਵ ਲਿਖੋ?

੬੨. ਉਹ ਕਿਹੜੀ ਅਵਸਥਾ ਹੈ ਜਿਸ ਨਾਲ ਮਨ ਅੰਦਰ ਪੂਰਨ ਖਿੜਾਉ ਪੈਦਾ ਹੋ ਜਾਂਦਾ ਹੈ?

੬੩. ਭਾਈ ਗੁਰਦਾਸ ਜੀ ਭਗਤ ਸੈਣ ਜੀ ਬਾਰੇ ਆਪਣੀਆਂ ਵਾਰਾਂ ਵਿਚ ਕੀ ਜ਼ਿਕਰ ਕਰਦੇ ਹਨ? ਸੰਬੰਧਿਤ ਘਟਨਾ ਲਿਖੋ?

੬੪. 'ਸਾਚੇ ਸਾਹਿਬਾ ਕਿਆ...........ਵਾਜੇ ਸਬਦ ਘਨੇਰੇ॥' ਪੰਕਤੀਆਂ ਦਾ ਭਾਵ ਲਿਖੋ?

੬੫. 'ਵਾਜੇ ਪੰਚ ਸਬਦ...........ਸਿ ਨਾਮਿ ਹਰਿ ਕੈ ਲਾਗੇ॥' ਪੰਕਤੀਆਂ ਦਾ ਸਮੁੱਚਾ ਭਾਵ ਲਿਖੋ?

੬੬. 'ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ' ਦਾ ਭਾਵ ਦਸੋ ਅਤੇ ਵਾਸੂ ਭਾਰਦਵਾਜ ਵਾਲੀ ਘਟਨਾ ਸਾਂਝੀ ਕਰੋ?

੬੭. 'ਦੂਖ ਰੋਗ ਸੰਤਾਪ.........ਸਚੀ ਬਾਣੀ' ਦੇ ਸੰਬੰਧ ਵਿਚ ਕਿਨ੍ਹਾਂ ਗੁਰਮਖ ਪਿਆਰਿਆਂ ਨੇ ਮੁਹਿੰਮ ਚਲਾਈ ਸੀ ਤੇ ਉਸ ਮੁਹਿੰਮ ਦਾ ਕੀ ਮਕਸਦ ਸੀ?

੬੮. 'ਮੁੰਦਾਵਣੀ' ਦੀ ਸਮੁੱਚੀ ਸਿੱਖਿਆ ਲਿਖੋ?

੬੯. 'ਥਾਲ ਵਿਚ ਤਿੰਨਿ ਵਸਤੂ ਪਈਓ' ਵਿਚ 'ਥਾਲ' ਦਾ ਕੀ ਅਰਥ ਹੈ?

੭੦. 'ਤੇਰਾ ਕੀਤਾ...........ਤਰਸੁ ਪਇਓਈ॥' ਦੀ ਸਿੱਖਿਆ ਲਿਖੋ?

# ਅਕੈਡਮੀ ਦੇ ਉਦੇਸ਼

ਭਾਈ ਸਾਹਿਬ ਅਕਸਰ ਕਿਹਾ ਕਰਦੇ ਸਨ ਕਿ ਅਗਰ ਹਰ ਇੱਕ ਸਿੱਖ ਇਹ ਦ੍ਰਿੜ ਨਿਸ਼ਚਾ ਕਰ ਲਵੇ ਕਿ ਉਸਨੇ ਇਕ ਪਤਿਤ ਸਿੱਖ ਨੂੰ ਪ੍ਰੇਰ ਕੇ ਘਰ ਵਾਪਸ ਲੈ ਕੇ ਆਉਣਾ ਹੈ ਤਾਂ ਸਿੱਖ ਜਗਤ ਪਤਿਤਪੁਣੇ ਦੇ ਕਲੰਕ ਤੋਂ ਮੁਕਤ ਹੋ ਸਕਦਾ ਹੈ। ਇਸ ਕਰਕੇ ਇਸ ਅਕੈਡਮੀ ਦਾ ਮੁੱਢਲਾ ਉਦੇਸ਼ ਵੀ ਇਹੀ ਹੈ ਕਿ ਜਿੱਥੇ ਬੱਚੇ ਗੁਰਸਿੱਖੀ ਦੀ ਦੀਖਿਆ ਲੈ ਕੇ ਆਪ ਗੁਰਸਿੱਖੀ ਵਿੱਚ ਦ੍ਰਿੜ ਅਤੇ ਪਰਪੱਕ ਹੋਣ, ਉਥੇ ਆਪਣੇ ਨਾਲ ਦੇ ਸਾਥੀਆਂ ਨੂੰ ਵੀ ਗੁਰਸਿੱਖੀ ਦੀ ਪ੍ਰੇਰਣਾ ਦੇਣ। ।ਉਨ੍ਹਾਂ ਦੇ ਜਿਹੜੇ ਸਾਥੀ ਬੱਚੇ ਪਤਿਤਪੁਣੇ ਦਾ ਸ਼ਿਕਾਰ ਹੋ ਕੇ ਪੰਥ ਨੂੰ ਪਿੱਠ ਦਿਖਾ ਚੁਕੇ ਹਨ, ਉਨ੍ਹਾਂ ਨੂੰ ਪ੍ਰੇਰਣਾ ਦੇ ਕੇ ਸਿੱਖ ਪੰਥ ਵਿਚ ਵਾਪਸ ਲੈਕੇ ਆਉਣ ਵਿੱਚ ਆਪਣਾ ਯੋਗਦਾਨ ਪਾਉਣ ਅਤੇ 'ਘਰ ਵਾਪਸੀ' ਦੀ ਲਹਿਰ ਨੂੰ ਹੋਰ ਪ੍ਰਚੰਡ ਕਰਨ। ।

ਇਸ ਤੋਂ ਇਲਾਵਾ ਅਕੈਡਮੀ ਦੇ ਹੋਰ ਉਦੇਸ਼ ਇਸ ਪ੍ਰਕਾਰ ਹਨ :-

੧. ਸਿੱਖੀ ਸਿਧਾਂਤਾਂ ਅਤੇ ਗੁਰਮਤਿ ਦਾ ਚਾਨਣ ਫੈਲਾਉਣਾ ।
੨. ਕੇਵਲ ਤੇ ਕੇਵਲ ਅਕਾਲ ਪੁਰਖ ਦੀ ਪੂਜਾ ਅਰਥਾਤ "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ"।
੩. ਸਭ ਵਿਚ ਵਾਹਿਗੁਰੂ ਜੋਤ ਹੈ। ਸਭਨਾਂ ਦਾ ਸਤਿਕਾਰ ਕਰਨਾ ਅਤੇ ਸਰਬਤ ਦਾ ਭਲਾ ਮੰਗਣਾ ।
੪. ਪਰਮਾਤਮਾ ਦੇ ਹੁਕਮ ਨੂੰ ਮੰਨਣਾ ਅਤੇ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ।
੫. ਮਨੁੱਖੀ ਜਨਮ ਦੇ ਮਨੋਰਥ ਦੀ ਪੂਰਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਜੀਵਨ ਜੁਗਤਿ ਪ੍ਰਾਪਤ ਕਰਨੀ।
੬. "ਗੁਰ ਦੀਖਿਆ ਲੈ ਸਿਖਿ ਸਿੱਖੁ ਸਦਾਇਆ" ਅਰਥਾਤ ਨਿਗੁਰੇ ਨਹੀਂ ਰਹਿਣਾ, ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨਾ ਹੈ।
੭. "ਸਾਬਤ ਸੂਰਤਿ ਦਸਤਾਰ ਸਿਰਾ" ਦੇ ਸਿਧਾਂਤ ਤੇ ਪਹਿਰਾ ਦੇਣਾ ਅਰਥਾਤ ਕੇਸਾਂ / ਰੋਮਾਂ ਦੀ ਸੰਭਾਲ ਕਰਨੀ ਅਤੇ ਇਹਨਾਂ ਦੀ ਮਹਾਨਤਾ ਪ੍ਰਤੀ ਜਾਗਰੂਕ ਹੋਣਾ ।
੮. "ਕਿਰਤ ਕਰੋ", "ਨਾਮ ਜਪੋ", "ਵੰਡ ਛਕੋ" ਦੇ ਸੁਨਹਿਰੀ ਸਿਧਾਂਤਾਂ ਨੂੰ ਅਪਨਾਉਣਾ।
੯. ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤੁ ਮਹਤੁ, ਦਾ ਸਕੰਲਪ ਅਰਥਾਤ ਬੂੰਦ ਬੂੰਦ ਪਾਣੀ ਬਚਾਉ। Grow Tree Oxygen Free.
੧੦. ਨਸ਼ਾ ਮੁਕਤ, ਏਡਜ਼ ਮੁਕਤ ਅਤੇ ਪ੍ਰਦੂਸ਼ਣ ਮੁਕਤ ਸਮਾਜ ਦੀ ਸਿਰਜਨਾ ਕਰਨਾ ।
੧੧. ਮਾਦਾ ਭਰੂਣ ਹੱਤਿਆ ਨੂੰ ਰੋਕਣਾ ਅਤੇ ਇਸਤਰੀ ਦਾ ਸਤਿਕਾਰ ਬਹਾਲ ਕਰਨ ਲਈ ਯਤਨ ਕਰਦੇ ਰਹਿਣਾ।
੧੨. ਨੇਤਰ ਦਾਨ ਲਈ ਚੇਤੰਨਤਾ - (ਸ਼ਰੀਰ ਤਿਆਗਣ ਉਪਰੰਤ) Donate Eyes See Twice ਨੇਤਰ ਦਾਨ ਮਹਾਂ ਦਾਨ।
੧੩. ਗੁਰੂ ਦਾ ਹਰ ਸਿੱਖ ਪ੍ਰਚਾਰਕ ਵੀ ਹੋਵੇ ।

---


"ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥"

ਪੁਸਤਕ ਛਪਵਾਉਣ ਦੀ ਸੇਵਾ ਕਰਾਈ :-

A benevolent service by

**TRIWORLD DEVELOPERS**

Project : Independent Floors (Royal Residency)

# 66 Feet Road, Jalandhar 144 020.

M: 78884-90013, 78884-90012

Web : www.triworldgroup.com

**M/s. GRD INFRA**

Project : Residential Colony (Green Valley)

#SCO No-1, Green Valley, Village Maheru, Near Lovely University, G.T. Road, Jalandhar

M: 95014-11402

Email: Grdinfra5@gmail.com



ਪੰਥ ਦੇ ਮਹਾਨ
ਵਿਦਵਾਨ ਭਾਈ ਸਾਹਿਬ
ਭਾਈ ਵੀਰ ਸਿੰਘ ਜੀ

# ਭਾਈ ਵੀਰ ਸਿੰਘ ਅਕੈਡਮੀ

ਭਾਈ ਵੀਰ ਸਿੰਘ ਅਕੈਡਮੀ ਦੀ ਸਥਾਪਨਾ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ, ਖੰਨੇ ਵਾਲਿਆਂ ਵਲੋਂ 26 ਜੁਲਾਈ ਸੰਨ 2006 ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਅੰਮ੍ਰਿਤ ਵੇਲੇ ਅਰਦਾਸ ਕਰਕੇ ਕੀਤੀ ਗਈ।



ਭਾਈ ਸਾਹਿਬ
ਭਾਈ ਜਸਬੀਰ ਸਿੰਘ ਜੀ
ਅਕੈਡਮੀ ਦੇ ਸੰਸਥਾਪਕ

## ਅਕੈਡਮੀ ਦਾ ਮੁੱਖ ਉਦੇਸ਼

ਭਾਈ ਵੀਰ ਸਿੰਘ ਅਕੈਡਮੀ ਦਾ ਮੁੱਖ ਉਦੇਸ਼ ਬੱਚਿਆਂ ਵਿਚ ਗੁਰਸਿੱਖੀ ਸਿਧਾਂਤਾਂ ਨੂੰ ਦ੍ਰਿੜ ਕਰਵਾਉਣਾ ਹੈ ਤਾਂਕਿ ਜਿਥੇ ਬੱਚੇ ਆਪ ਗੁਰਸਿੱਖੀ ਵਿਚ ਪਰਪੱਕ ਹੋਣ, ਉਥੇ ਆਪਣੇ ਨਾਲ ਦੇ ਹਾਣੀ ਬੱਚਿਆਂ ਨੂੰ ਵੀ ਗੁਰਸਿੱਖੀ ਦੀ ਪ੍ਰੇਰਨਾ ਦੇ ਸਕਣ। ਉਨ੍ਹਾਂ ਦੇ ਜਿਹੜੇ ਸਾਥੀ ਬੱਚੇ ਪਤਿਤਪੁਣੇ ਦਾ ਸ਼ਿਕਾਰ ਹੋ ਚੁੱਕੇ ਹਨ, ਉਨ੍ਹਾਂ ਨੂੰ ਪ੍ਰੇਰਨਾ ਦੇ ਕੇ ਸਿੱਖ ਪੰਥ ਵਿਚ ਵਾਪਸ ਲੈ ਕੇ ਆਉਣ ਅਤੇ 'ਘਰ ਵਾਪਸੀ' ਲਹਿਰ ਨੂੰ ਹੋਰ ਪ੍ਰਚੰਡ ਕਰਨਾ।

## ਅਕੈਡਮੀ ਦੀਆਂ ਬ੍ਰਾਂਚਾਂ

ਇਸ ਅਕੈਡਮੀ ਦੀ ਪਹਿਲੀ ਬ੍ਰਾਂਚ ਸਿੱਖ ਮਿਸ਼ਨਰੀ ਕਾਲਜ ਦੇ ਸਹਿਯੋਗ ਨਾਲ ਜਲੰਧਰ ਵਿਖੇ ਸੰਨ 2006 ਵਿਚ ਅਰੰਭੀ ਗਈ। 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ, ਖੰਨੇ ਵਾਲਿਆਂ ਦੁਆਰਾ ਅਰੰਭੇ ਗਏ ਇਸ ਕਾਰਜ ਨੂੰ ਅੱਗੇ ਵਧਾਉਂਦਿਆਂ ਹੋਇਆਂ ਭਾਈ ਸਾਹਿਬ ਭਾਈ ਦਵਿੰਦਰ ਸਿੰਘ ਜੀ ਖ਼ਾਲਸਾ, ਖੰਨੇ ਵਾਲਿਆਂ ਵਲੋਂ ਅਕੈਡਮੀ ਦੀਆਂ ਹੋਰ ਬ੍ਰਾਂਚਾਂ ਚੀਫ ਖ਼ਾਲਸਾ ਦੀਵਾਨ, ਐਮ.ਜੀ.ਐਨ ਐਜੂਕੇਸ਼ਨ ਟਰੱਸਟ, ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਅਤੇ ਹੋਰ ਸਿਖਿਆ ਸੰਸਥਾਵਾਂ ਦੇ ਸਹਿਯੋਗ ਨਾਲ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿਖੇ ਸਥਾਪਿਤ ਹੋ ਚੁੱਕੀਆਂ ਹਨ।

## ਕੋਰਸ ਦਾ ਸਮਾਂ ਤੇ ਸਿਲੇਬਸ ਆਦਿ

ਇਸ ਅਕੈਡਮੀ ਵਿਚ ਬੱਚਿਆਂ ਨੂੰ ਦੋ ਸਾਲਾ ਗੁਰਮਤਿ ਕੋਰਸ ਕਰਵਾਇਆ ਜਾਂਦਾ ਹੈ ਜਿਸ ਵਿਚ ਗੁਰਬਾਣੀ, ਸਿੱਖ ਫ਼ਿਲਾਸਫ਼ੀ, ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਕਿ ਉਨ੍ਹਾਂ ਅੰਦਰ ਸਿੱਖੀ ਸਿਧਾਂਤ ਦ੍ਰਿੜ ਹੋ ਸਕਣ ਅਤੇ ਉਨ੍ਹਾਂ ਅੰਦਰ ਸਿੱਖੀ ਦਾ ਇਹ ਜ਼ਜ਼ਬਾ ਪੈਦਾ ਕੀਤਾ ਜਾ ਸਕੇ ਕਿ "ਸਿਰ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ"। ਬੱਚਿਆਂ ਨੂੰ ਇਹ ਗੱਲ ਵੀ ਸਿਖਾਈ ਜਾਂਦੀ ਹੈ ਕਿ ਉਨ੍ਹਾਂ ਨੇ "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ" ਦੇ ਸਿਧਾਂਤ ਤੇ ਪਹਿਰਾ ਦੇਣਾ ਹੈ ਅਤੇ 'ਸਰਬੱਤ ਦੇ ਭਲੇ' ਦੇ ਮਿਸ਼ਨ ਤੇ ਤੁਰ ਕੇ ਉਸਾਰੂ ਕੰਮ ਕਰਨੇ ਹਨ।

## ਫ਼ੀਸ ਰਹਿਤ ਸਿੱਖਿਆ ਤੇ ਉਤਸ਼ਾਹ ਹੇਤੂ ਨਕਦ ਇਨਾਮ

ਇਹ ਸਾਰੀ ਵਿੱਦਿਆ ਬੱਚਿਆਂ ਨੂੰ ਮੁਫ਼ਤ ਦਿੱਤੀ ਜਾਂਦੀ ਹੈ। ਸੈਸ਼ਨ ਦੀ ਸਮਾਪਤੀ ਤੇ ਹਰੇਕ ਸ਼ਹਿਰ ਵਿਚ ਸਥਾਪਿਤ ਕੀਤੀਆਂ ਗਈਆਂ ਬ੍ਰਾਂਚਾਂ ਦੁਆਰਾ ਬੱਚਿਆਂ ਨੂੰ ਦਿਲ ਖਿੱਚਵੇਂ ਨਕਦ ਇਨਾਮ ਵੀ ਦਿੱਤੇ ਜਾਂਦੇ ਹਨ।

## ਪ੍ਰਾਪਤੀਆਂ

ਸਾਨੂੰ ਇਹ ਗੱਲ ਸਾਂਝਿਆਂ ਕਰਦਿਆਂ ਹੋਇਆਂ ਪ੍ਰਸੰਨਤਾ ਹੁੰਦੀ ਹੈ ਕਿ ਇਸ ਅਕੈਡਮੀ ਵਿਚ ਪੜ੍ਹੇ ਹੋਏ ਬੱਚੇ ਹੁਣ ਵੱਡੇ ਅਹੁਦਿਆਂ ਤੇ ਪਹੁੰਚ ਚੁੱਕੇ ਹਨ ਅਤੇ ਜਿਥੇ ਉਹ ਆਪ ਗੁਰਸਿੱਖੀ ਵਿਚ ਪਰਪੱਕ ਹਨ, ਉੱਥੇ ਹੋਰਨਾਂ ਨੂੰ ਵੀ ਸਮੇਂ ਸਮੇਂ ਤੇ ਗੁਰਸਿੱਖੀ ਸਿਧਾਂਤਾਂ ਬਾਰੇ ਦ੍ਰਿੜਤਾ ਕਰਵਾਉਂਦੇ ਰਹਿੰਦੇ ਹਨ।


**ਭਾਈ ਵੀਰ ਸਿੰਘ ਅਕੈਡਮੀ,**
9-ਏ, ਲਿੰਕ ਰੋਡ, ਜਲੰਧਰ।
93572-04756, 98721-23452, 98889-27279
www.bhaiveersinghacademy.com, www.bhaiveersinghacademy.org